Washington ਦੇ ਹਰ ਵਾਸੀ ਦੀ ਇੱਥੇ ਰਹਿਣ, ਕੰਮ ਕਰਨ, ਗੱਡੀ ਚਲਾਉਣ ਅਤੇ ਵਧਣ-ਫੁੱਲਣ ਵਿੱਚ ਸਹਾਇਤਾ ਕਰਨਾ

# WASHINGTON ਡ੍ਰਾਈਵਰ ਗਾਈਡ







ਸਾਰਿਆਂ ਲਈ ਸੇਵਾਵਾਂ!

ਮੈਨੂੰ ਸਕੈਨ ਕਰੋ

WASHINGTON STATE DEPARTMENT OF
LICENSING

dol.wa.gov

# ਕੀ ਤੁਹਾਡੀ ID ਏਅਰਪੋਰਟ 'ਤੇ ਕੰਮ ਕਰੇਗੀ?

# REAL ID







**REAL ID ਇੱਕ ਕਨੂੰਨ ਜਿਸ ਤਹਿਤ ਘਰੇਲੂ ਹਵਾਈ ਯਾਤਰਾ ਲਈ ਸਵੀਕਾਰ ਕੀਤੇ ਜਾਣ ਜਾਂ ਕੁਝ ਸੰਘੀ ਸਹੂਲਤਾਂ ਤੱਕ ਪਹੁੰਚ ਕਰਨ ਲਈ ਡਰਾਈਵਰ ਲਾਇਸੈਂਸ ਅਤੇ ID ਨੂੰ ਕੁਝ ਸੁਰੱਖਿਆ ਮਾਪਦੰਡਾਂ ਨੂੰ ਪੂਰਾ ਕਰਨ ਲੋੜੀਂਦਾ ਹੈ ।ਮਿਆਰੀ ਡਰਾਈਵਰ ਲਾਇਸੈਂਸ ਅਤੇ IDs ਯੋਗਤਾ ਪ੍ਰਾਪਤ ਨਹੀਂ ਕਰਦੀਆਂ।**

**ਕਈ REAL ID-ਅਨੁਕੂਲ ਵਿਕਲਪਾਂ ਬਿਹਤਰ ਕੀਤੇ ਹੋਏ ਲਾਇਸੈਂਸ ਅਤੇ ID ਸ਼ਾਮਲ ਹਨ। ਕੀ ਤੁਹਾਡੇ ਕੋਲ ਆਪਣੀ ਲੋੜ ਦਾ ਸਮਾਨ ਹੈ?**

**ਪਤਾ ਕਰਨ ਲਈ QR ਕੋਡ ਨੂੰ ਸਕੈਨ ਕਰੋ ਜਾਂ dol.wa.gov/real-id 'ਤੇ ਜਾਓ।**




# ਹਰ ਕੋਈ ਘਰ ਸੁਰੱਖਿਅਤ ਪਹੁੰਚਦਾ ਹੈ।




**ਦੁਰਘਟਨਾ ਸਥਾਨ ਤੋਂ 200 ਫੁੱਟ ਪਹਿਲਾਂ ਅਤੇ ਬਾਅਦ ਵਿੱਚ ਲੇਨ ਬਦਲੋ।**




**ਤੈਅ ਕੀਤੀ ਸਪੀਡ ਲਿਮਿਟ ਤੋਂ 10 ਮੀਲ ਪ੍ਰਤੀ ਘੰਟਾ ਘੱਟ ਸਪੀਡ ਨਾਲ ਗੱਡੀ ਚਲਾਓ।**

# ਅਮਰੀਕਾ ਵਿੱਚ ਨੌਜਵਾਨ ਡਰਾਈਵਰਾਂ ਲਈ ਕਾਰ ਹਾਦਸੇ ਮੌਤ ਅਤੇ ਚੋਟ ਦਾ ਇੱਕ ਮੁੱਖ ਕਾਰਣ ਹਨ।

## 16 ਤੋਂ 25 ਸਾਲ ਉਮਰ ਦੇ ਲੋਕਾਂ ਲਈ ਦੁਰਘਟਨਾ ਦੇ ਜੋਖ਼ਮਾਂ ਨੂੰ ਜਾਣੋ

ਗਿੱਲੀਆਂ ਸੜਕਾਂ

**ਬੇਤਜ਼ੁਰਬਾ**

ਸੀਟਬੈਲਟ ਨਾ ਲਗਾਉਣਾ

**ਰਾਤ ਵੇਲੇ ਗੱਡੀ ਚਲਾਉਣਾ**

ਸਪੀਡ | ਥਕਾਵਟ

**ਨਸ਼ੇ ਅਤੇ ਸ਼ਰਾਬ**

ਕਿਸ਼ੋਰ ਸਵਾਰੀਆਂ

**ਧਿਆਨ ਭਟਕੇ ਵਿੱਚ ਗੱਡੀ ਚਲਾਉਣਾ**

STUDENT DRIVER

- ਅਮਰੀਕਾ ਦੀਆਂ ਸੜਕਾਂ 'ਤੇ ਹਰ ਸਾਲ ਕਿੰਨੇ ਲੋਕ ਮਾਰੇ ਜਾਂਦੇ ਹਨ?
- ਵਾਸ਼ਿੰਗਟਨ ਦਾ ਟ੍ਰੈਫਿਕ ਕਾਰਨ ਹੋਣ ਵਾਲੀਆਂ ਮੌਤਾਂ ਦਾ ਟੀਚਾ ਕੀ ਹੋਣਾ ਚਾਹੀਦਾ ਹੈ?

TARGET ZERO

520-393 (N/4/25)
ਪੰਜਾਬੀ (Punjabi)

WASHINGTON STATE DEPARTMENT OF LICENSING | dol.wa.gov

Washington Driver Guide | 520-393 | ਪੰਜਾਬੀ (Punjabi) | (N/4/25)

# ਵਿਸ਼ਾ-ਸੂਚੀ

## ਅਸੀਂ Washington ਹਾਂ

**ਜਾਣ-ਪਛਾਣ**
- ਵਿਸ਼ਾ-ਵਸਤੂ
- ਸਾਰੇ ਗਾਹਕਾਂ ਲਈ ਸਮਾਨਤਾ
- ਸੰਪਰਕ ਜਾਣਕਾਰੀ

## 1 | ਲਾਇਸੈਂਸ

**ਡ੍ਰਾਈਵ ਕਰਨ ਦਾ ਫ਼ੈਸਲਾ ਲੈਣਾ ........ 1.0**

**ਨਿਰਧਾਰਤ WA ਨੰਬਰ (WDL (Washington Driver License, ਵਾਸ਼ਿੰਗਟਨ ਡ੍ਰਾਈਵਰ ਲਾਇਸੈਂਸ) ਨੰਬਰ) ........ 1.1**

**ਲਾਇਸੈਂਸ ਐਕਸਪ੍ਰੈਸ ........ 1.2**

**ਲਾਇਸੈਂਸਿੰਗ ਅਤੇ ਵਾਹਨ ਦਫ਼ਤਰ ........ 1.3**

**Washington ਰਾਜ ਦੇ ਨਿਵਾਸੀ ........ 1.4**

**ਨਵੇਂ ਨਿਵਾਸੀ ........ 1.5**
- 18+ ਸਾਲ ਦੇ ਨਵੇਂ ਨਿਵਾਸੀ ........ 1.5
- ਨਵੇਂ ਨਿਵਾਸੀ: 16-17 ਸਾਲ ਦੇ ........ 1.5
- ਤੁਹਾਡੀ ਪਛਾਣ ........ 1.5
- ਬੇਘਰ ਲੋਕਾਂ ਲਈ ਮਦਦ ........ 1.5

**ਪਛਾਣ ਅਤੇ ਡਰਾਈਵਰ ਲਾਇਸੈਂਸ ........ 1.6**

**REAL ID ........ 1.7**

**ਨਿੱਜੀ ਡਰਾਈਵਰ ਲਾਇਸੈਂਸ ਪ੍ਰਾਪਤ ਕਰਨਾ ........ 1.8**
- ਹਿਦਾਇਤੀ ਪਰਮਿਟ ........ 1.8
- ਆਪਣਾ ਨਿੱਜੀ ਡਰਾਈਵਰ ਲਾਇਸੈਂਸ ਪ੍ਰਾਪਤ ਕਰਨਾ: ਉਮਰ 16 ਤੋਂ 17 ........ 1.8
- ਆਪਣਾ ਨਿੱਜੀ ਡਰਾਈਵਰ ਲਾਇਸੈਂਸ ਪ੍ਰਾਪਤ ਕਰਨਾ: ਉਮਰ 18+ ........ 1.8
- ਇੰਟਰਮੀਡੀਏਟ ਡ੍ਰਾਈਵਰ ਲਾਇਸੈਂਸ ........ 1.8
- ਖੇਤੀਬਾੜ੍ਹੀ ਸੰਬੰਧੀ ਪਰਮਿਟ ........ 1.8
- ਸ਼ੁਰੂਆਤੀ ਚੇਤਾਵਨੀ ਚਿੱਠੀਆਂ ........ 1.8

**ਸਿਹਤ ........ 1.9**
ਨਜ਼ਰ ਦੀਆਂ ਜਾਂਚਾਂ ........ 1.9
ਅੰਗ ਦਾਨੀ ........ 1.9
ਮੈਡੀਕਲ ਸਥਿਤੀਆਂ ........ 1.9

**ਤਸਦੀਕਾਂ ........ 1.10**

**ਪੁਰਾਣੇ ਡਰਾਈਵਰ ........ 1.11**

**ਨਿੱਜੀ ਡਰਾਈਵਰ ਲਾਇਸੈਂਸ ਪ੍ਰੀਖਿਆਵਾਂ ........ 1.12**
ਦੋ ਪ੍ਰੀਖਿਆਵਾਂ ........ 1.12
ਪ੍ਰੀਖਿਆਵਾਂ ਦੇਣਾ ........ 1.12

**ਡਰਾਈਵਰ ਟ੍ਰੇਨਿੰਗ ਸਿੱਖਿਆ ........ 1.13**
18 ਸਾਲ ਤੋਂ ਵੱਧ ........ 1.13

**ਨਵੇਂ ਡਰਾਈਵਰਾਂ ਦੇ ਸਰਪ੍ਰਸਤਾਂ ਲਈ ........ 1.14**

**ਆਪਣੇ ਲਾਇਸੈਂਸ ਨੂੰ ਬਰਕਰਾਰ ਰੱਖਣਾ ........ 1.15**
ਆਪਣੇ ਡਰਾਈਵਰ ਲਾਇਸੈਂਸ ਨੂੰ ਬਦਲਵਾਉਣਾ ........ 1.15
ਆਪਣੇ ਡਰਾਈਵਰ ਲਾਇਸੈਂਸ ਨੂੰ ਰੀਨਿਊ ਕਰਾਉਣਾ ........ 1.15
ਮਿਆਦ ਪੁੱਗਿਆ ਲਾਇਸੈਂਸ ........ 1.15
ਆਪਣੇ ਗੱਡੀ ਚਲਾਉਣ ਦੇ ਵਿਸ਼ੇਸ਼ ਅਧਿਕਾਰ ਗੁਆ ਬੈਠਣਾ ........ 1.15
ਸ਼ਰਾਬ, ਨਸ਼ੀਲੀਆਂ ਦਵਾਈਆਂ ਅਤੇ ਹਥਿਆਰਾਂ ਸੰਬੰਧੀ ਉਲੰਘਣਾਵਾਂ ........ 1.15
DUI (Driving under the influence, ਨਸ਼ੇ ਦੇ ਅਸਰ ਹੇਠ ਗੱਡੀ ਚਲਾਉਣਾ) ........ 1.15
ਖੁੱਲ੍ਹੇ ਕੰਟੇਨਰ ਸੰਬੰਧੀ ਕਾਨੂੰਨ ........ 1.15

**ਵਾਧੂ ਸੇਵਾਵਾਂ ........ 1.16**
ਪਤਾ ਜਾਂ ਨਾਮ ਬਦਲੀ ........ 1.16
ਵੋਟਰ ਰਜਿਸਟ੍ਰੇਸ਼ਨ ........ 1.16
ਚੋਣਵੀਂ ਸੇਵਾ ਰਜਿਸਟ੍ਰੇਸ਼ਨ ........ 1.16
ਜੁੜਵਾਂ ਰਜਿਸਟਰੀ ........ 1.16

## 2 | ਵਾਹਨ

**ਵਾਹਨ ਸੇਵਾਵਾਂ ........ 2.0**
ਮਾਲਕੀ ਦਾ ਸਰਟੀਫ਼ਿਕੇਟ (ਟਾਈਟਲ) ........ 2.0

ਰਜਿਸਟ੍ਰੇਸ਼ਨ ..... 2.0
ਗੱਡੀ ਦਾ ਪਤਾ ..... 2.0

**ਵਿਕਰੀ ਦੀ ਰਿਪੋਰਟ ..... 2.1**
ਵਿਅਕਤੀ ਤੋਂ ਵਿਅਕਤੀ ਨੂੰ ..... 2.1
ਡੀਲਰਸ਼ਿਪ ਤੋਂ ਵਿਅਕਤੀ ਨੂੰ ..... 2.1

**ਵਾਹਨ ਲਾਇਸੈਂਸ ਪਲੇਟਾਂ ..... 2.2**

**ਬੀਮਾ ਹੋਣਾ ਜ਼ਰੂਰੀ ਹੈ ..... 2.3**

**ਆਪਣੀ ਗੱਡੀ ਨੂੰ ਜਾਣੋ ..... 2.4**
ਫੰਕਸ਼ਨ ..... 2.4
ਸਮਾਯੋਜਨ ..... 2.4
ਵਾਹਨ ਸੁਰੱਖਿਆ ਤਕਨਾਲੋਜੀ ..... 2.4

**ਗੱਡੀ ਦੀ ਸਾਂਭ-ਸੰਭਾਲ ..... 2.5**
ਟਾਇਰ ..... 2.5
ਕੱਚ ਦੀਆਂ ਸਤਹਾਂ ..... 2.5
ਹੈੱਡਲਾਈਟਾਂ ..... 2.5
ਬ੍ਰੇਕ ਲਾਈਟਾਂ ..... 2.5
ਟਰਨ ਸਿਗਨਲ ..... 2.5
ਹੱਥ ਨਾਲ ਇਸ਼ਾਰੇ ..... 2.5
ਖਤਰੇ ਦੀ ਚੇਤਾਵਨੀ ਵਾਲੀਆਂ ਲਾਈਟਾਂ ..... 2.5
ਡਰਾਈਵਰ ਦੀ ਸੀਟ ..... 2.5

**ਯਾਤਰੀ ਸੁਰੱਖਿਆ ..... 2.6**
ਸੀਟ ਬੈਲਟਾਂ ਅਤੇ ਯਾਤਰੀ ਸੁਰੱਖਿਆ ..... 2.6
ਬੱਚਿਆਂ ਦੀਆਂ ਸੀਟਾਂ ..... 2.6
ਏਅਰਬੈਗ ..... 2.6

**ਸਟੀਅਰ ਕਰਨਾ ..... 2.7**
ਹੈਂਡ-ਟੂ-ਹੈਂਡ ਸਟੀਅਰਿੰਗ ..... 2.7
ਹੈਂਡ-ਓਵਰ-ਹੈਂਡ ਸਟੀਅਰਿੰਗ ..... 2.7
ਇੱਕ-ਹੱਥ ਨਾਲ ਸਟੀਅਰਿੰਗ ..... 2.7

**ਬ੍ਰੇਕ ਲਾਉਣਾ ..... 2.8**
ਬ੍ਰੇਕ 'ਤੇ ਦਬਾਅ ..... 2.8
ਐਂਟੀ-ਲੌਕ ਬ੍ਰੇਕਿੰਗ ਸਿਸਟਮ ..... 2.8

**ਐਕਸਲਰੇਟ ਕਰਨਾ ........ 2.9**

**ਸੰਤੁਲਿਤ ਭਾਰ ........ 2.10**
ਪਿੱਚ ........ 2.10
ਰੋਲ ........ 2.10
ਯਾਅ ........ 2.10

**ਗੱਡੀ ਦੇ ਰੈਫ਼ਰੈਂਸ ਪੁਆਇੰਟ ........ 2.11**

**ਤੁਹਾਡੇ ਬਲਾਇੰਡ ਜ਼ੋਨ ........ 2.12**

**ਦੂਜੀਆਂ ਗੱਡੀਆਂ ਦੇ ਬਲਾਇੰਡ ਜ਼ੋਨ ........ 2.13**
ਨਿਰੀਖਣ ਵਾਲੇ ਸਕੈਨ ........ 2.13

**ਇਸਤੋਂ ਪਹਿਲਾਂ ਕਿ ਤੁਸੀਂ ਜਾਓ ........ 2.14**

## 3 | ਡਰਾਈਵਰ

**ਤੁਸੀਂ ਡਰਾਈਵਰ ਦੀ ਸੀਟ 'ਤੇ ........ 3.0**
ਸਿਹਤ ........ 3.0
ਸਰੀਰਕ ਸਿਹਤ ........ 3.0
ਨਜ਼ਰ ........ 3.0
ਰਾਤ ਵੇਲੇ ਦੇਖਣਾ ........ 3.0
ਸੁਣਨਾ ........ 3.0

**ਖਰਾਬ ਡਰਾਈਵਿੰਗ ........ 3.1**
ਸ਼ਰਾਬ ਅਤੇ ਗੱਡੀ ਚਲਾਉਣਾ ........ 3.1
ਕੈਨੇਬਿਸ (ਗਾਂਜਾ) ਅਤੇ ਡਰਾਈਵਿੰਗ ........ 3.1
ਦਵਾਈਆਂ ਅਤੇ ਡਰਾਈਵਿੰਗ ........ 3.1
ਇੱਕ ਤੋਂ ਵੱਧ ਦਵਾਈਆਂ ਦਾ ਇਸਤੇਮਾਲ ਕਰਨਾ ਅਤੇ ਡਰਾਈਵਿੰਗ ਕਰਨਾ ........ 3.1
ਥਕਾਨ ਅਤੇ ਨੀਂਦ ਆਉਣ ਵੇਲੇ ਗੱਡੀ ਚਲਾਉਣਾ ........ 3.1
ਮਾਨਸਿਕ ਸਿਹਤ ........ 3.1
ਆਕ੍ਰਾਮਕ ਡਰਾਈਵਿੰਗ ........ 3.1
ਰੇਸ ਲਾਉਣਾ ਅਤੇ ਸੜਕਾਂ 'ਤੇ ਪ੍ਰਦਰਸ਼ਨ ਕਰਨਾ ........ 3.1
ਸੜਕ 'ਤੇ ਗੁੱਸੇ ਭਰਿਆ ਵਿਵਹਾਰ ........ 3.1
ਜੇ ਤੁਸੀਂ ਸੜਕ 'ਤੇ ਗੁੱਸੇ ਭਰੇ ਵਿਵਹਾਰ ਦਾ ਸਾਹਮਣਾ ਕਰ ਰਹੇ ਹੋ ........ 3.1
ਜੇ ਤੁਸੀਂ ਸੜਕ 'ਤੇ ਗੁੱਸੇ ਭਰੇ ਵਿਵਹਾਰ ਦੇ ਸ਼ਿਕਾਰ ਹੋ ........ 3.1
ਸੜਕ 'ਤੇ ਗੁੱਸੇ ਭਰੇ ਵਿਵਹਾਰ ਦੀ ਸੂਚਨਾ ਦੇਣਾ ........ 3.1

**ਸੜਕ 'ਤੇ ਸੋਚੇ-ਸਮਝੇ ਫੈਸਲੇ ਲੈਣਾ ............ 3.2**
ਸੋਚ-ਸਮਝ ਕੇ ਲਏ ਗਏ ਫੈਸਲੇ ਕਿਉਂ ਮਾਇਨੇ ਰੱਖਦੇ ਹਨ ............ 3.2
ਚੰਗੇ ਫੈਸਲੇ ਲੈਣਾ ............ 3.2

**ਸੜਕ 'ਤੇ ਆਉਣ ਵਾਲੀ ਸਮੱਸਿਆ ਦਾ ਹੱਲ ਕੱਢਣਾ ............ 3.3**

**ਭਟਕੇ ਹੋਏ ਧਿਆਨ ਨਾਲ ਡਰਾਈਵਿੰਗ ਕਰਨ ਤੋਂ ਬਚਣਾ ............ 3.4**
ਭਟਕੇ ਹੋਏ ਧਿਆਨ ਨਾਲ ਗੱਡੀ ਚਲਾਉਣ ਸੰਬੰਧੀ Washington ਦੇ ਕਾਨੂੰਨ ............ 3.4

**ਸਮਝਦਾਰ ਡਰਾਈਵਰ ............ 3.5**
ਧਿਆਨ ਦਿਓ ............ 3.5
ਅੱਖੀਂ ਦੇਖ ਕੇ ਭਾਲਣਾ ਅਤੇ ਸਕੈਨ ਕਰਨਾ ............ 3.5

**ਸਨਮਾਨ ਅਤੇ ਜ਼ਿੰਮੇਵਾਰੀ ............ 3.6**
ਟ੍ਰੈਫਿਕ ਸੰਬੰਧੀ ਚੇਤਾਵਨੀਆਂ ............ 3.6
ਕੂੜਾ-ਕਰਕਟ ............ 3.6
ਵਾਤਾਵਰਣ ............ 3.6
ਸਵੈ-ਮੁਲਾਂਕਣ ............ 3.6

## 4 | ਸੜਕਾਂ

**ਜਾਗਰੂਕਤਾ ਅਤੇ ਸਹਿਯੋਗ ............ 4.0**

**ਲੋਕਾਂ ਨਾਲ ਸੜਕ ਸਾਂਝੀ ਕਰਨਾ ............ 4.1**

**ਸਕੂਲ ਬੱਸਾਂ ਨਾਲ ਸੜਕ ਸਾਂਝੀ ਕਰਨਾ ............ 4.2**
ਜਦੋਂ ਤੁਸੀਂ ਬੱਸ ਦੇ ਪਿੱਛੇ ਹੋਵੋ ............ 4.2
ਜਦੋਂ ਤੁਸੀਂ ਬੱਸ ਦੇ ਅੱਗੇ ਹੋਵੋ............ 4.2

**ਟ੍ਰਾਂਜ਼ਿਟ ਬੱਸਾਂ ਨਾਲ ਸੜਕ ਸਾਂਝੀ ਕਰਨਾ ............ 4.3**

**ਵੱਡੀਆਂ ਗੱਡੀਆਂ ਨਾਲ ਸੜਕ ਸਾਂਝੀ ਕਰਨਾ ............ 4.4**
ਬਰਫ਼ ਹਟਾਉਣ ਵਾਲੇ ਉਪਕਰਣ ............ 4.4

**ਮੋਟਰਸਾਈਕਲਾਂ ਨਾਲ ਸੜਕ ਸਾਂਝੀ ਕਰਨਾ ............ 4.5**
ਫ਼ਾਲੋ ਕਰਨਾ ............ 4.5
ਲੇਨਾਂ ............ 4.5
ਮੁੜਨਾ ............ 4.5
ਸੜਕ ਦੀ ਸਤਹ ............ 4.5
ਲਾਈਟਾਂ ............ 4.5

**ਸਾਈਕਲ ਸਵਾਰਾਂ ਨਾਲ ਸੜਕ ਸਾਂਝੀ ਕਰਨਾ ........ 4.6**
ਆਮ ਮਾਰਗਦਰਸ਼ਨ ........ 4.6
ਸਾਈਕਲ ਸਵਾਰ ਤੋਂ ਅੱਗੇ ਲੰਘਣਾ ........ 4.6
ਬਾਈਕ ਲੇਨਾਂ ........ 4.6

**ਟ੍ਰੇਨਾਂ ਨਾਲ ਸੜਕ ਸਾਂਝੀ ਕਰਨਾ ........ 4.7**
ਸੁਰੱਖਿਆ ਲਈ ਮਹੱਤਵਪੂਰਨ ਰੀਮਾਈਂਡਰ ........ 4.7
ਮਦਦ ਲਈ ਕਾਲ ਕਦੋਂ ਕੀਤੀ ਜਾਵੇ ........ 4.7
ਲਾਈਟ ਰੇਲ ........ 4.7

**ਖੇਤੀਬਾੜੀ ਵਾਲੇ ਵਾਹਨਾਂ ਨਾਲ ਸਾਂਝੀ ਕਰਨਾ ........ 4.8**

**ਐਮਰਜੈਂਸੀ ਵਾਹਨਾਂ ਨਾਲ ਸੜਕ ਸਾਂਝੀ ਕਰਨਾ ........ 4.9**

## ਸੜਕ ਦੇ ਨਿਯਮ

**ਟ੍ਰੈਫ਼ਿਕ ਸਬੰਧੀ ਕਨੂੰਨ ........ 4.10**
ਗੱਡੀ ਚਲਾਉਣ ਲਈ ਆਮ ਮਾਰਗਦਰਸ਼ਨ ........ 4.10
ਟ੍ਰੈਫਿਕ ਕੰਟਰੋਲ ਕਰਨ ਵਾਲੇ ਡਿਵਾਈਸ ........ 4.10
ਟੁੱਟੀਆਂ ਹੋਈਆਂ ਲਾਈਟਾਂ ਜਾਂ ਸਿਗਨਲ ........ 4.10

**ਟ੍ਰੈਫਿਕ ਲਾਈਟ ਦੇ ਸਿਗਨਲ ........ 4.11**
ਫ੍ਰੀਵੇਅ ਰੈਂਪ 'ਤੇ ਲੱਗੇ ਮੀਟਰ ........ 4.11

**ਸੰਕੇਤ ........ 4.12**
ਆਮ ਸੰਕੇਤ ........ 4.12
ਕੰਮ ਦੇ ਜ਼ੋਨ ਲਈ ਸੰਕੇਤ ........ 4.12
ਸੇਵਾ ਸੰਕੇਤ ........ 4.12
ਮਨੋਰੰਜਨ ਸੰਕੇਤ ........ 4.12
ਟਿਕਾਣਿਆਂ ਦੇ ਸੰਕੇਤ ........ 4.12
ਹੋਰ ਟ੍ਰੈਫਿਕ ਸੰਕੇਤ ........ 4.12

**ਆਮ ਚੌਰਾਹੇ ........ 4.13**

**ਮੁੜਨਾ ........ 4.14**
U-ਟਰਨ ........ 4.14

**ਹੋਰ ਚੌਰਾਹੇ ........ 4.15**
ਗੋਲ ਚੱਕਰ ........ 4.15

ਡਾਇਵਰਜਿੰਗ ਡਾਇਮੰਡਜ਼ ....... 4.15
ਅਨਿਯੰਤ੍ਰਿਤ ਚੌਰਾਹਾ ....... 4.15

**ਸੜਕ ਦੇ ਨਿਸ਼ਾਨ ....... 4.16**
ਲੇਨਾਂ ....... 4.16
HOV (High Occupancy Vehicle, ਵਾਧੂ ਯਾਤਰੀਆਂ ਵਾਲਾ ਵਾਹਨ) / ਕਾਰਪੂਲ ....... 4.16
ਦੋਹਾਂ ਦਿਸ਼ਾਵਾਂ ਵਿੱਚ ਚਲਣ ਵਾਲੀਆਂ ਲੇਨਾਂ ....... 4.16
ਰਾਖਵੀਆਂ ਲੇਨਾਂ ....... 4.16
ਟੋਲ ਲੇਨਾਂ ....... 4.16
ਸੜਕ 'ਤੇ ਹੋਰ ਨਿਸ਼ਾਨ ....... 4.16

**ਜ਼ੋਨ ....... 4.17**
ਸਕੂਲ ਵਾਲਾ ਖੇਤਰ ....... 4.17
ਕੰਮ ਵਾਲਾ ਖੇਤਰ ....... 4.17
ਐਮਰਜੈਂਸੀ ਵਾਲਾ ਖੇਤਰ ....... 4.17

**ਪਾਰਕਿੰਗ ....... 4.18**
ਪਾਰਕਿੰਗ ਸੰਬੰਧੀ ਆਮ ਨਿਯਮ ....... 4.18
ਲੰਬਕਾਰੀ ਅਤੇ ਕੋਣੀ ਪਾਰਕਿੰਗ ....... 4.18
ਪੈਰੇਲਲ (ਸਮਾਨਾਂਤਰ) ਪਾਰਕਿੰਗ ....... 4.18
ਪਹਾੜੀ ਉੱਪਰ ਗੱਡੀ ਖੜ੍ਹੀ ਕਰਨਾ ....... 4.18
ਅਪਾਹਜ ਲੋਕਾਂ ਲਈ ਰਾਖਵੀਂ ਪਾਰਕਿੰਗ ....... 4.18
ਇਲੈਕਟ੍ਰਿਕ ਵਾਹਨ ਚਾਰਜਿੰਗ ਸਟੇਸ਼ਨ ਪਾਰਕਿੰਗ ....... 4.18

**ਟ੍ਰਾਂਸਪੋਰਟ ਕਰਨਾ ....... 4.19**
ਟੋਅ ਕਰਨਾ ....... 4.19
ਆਪਣੇ ਭਾਰ ਨੂੰ ਸੁਰੱਖਿਅਤ ਕਰਕੇ ਬੰਨ੍ਹੋ ....... 4.19
ਜਾਨਵਰ ....... 4.19

**ਸਮੁੰਦਰੀ ....... 4.20**
ਫੈਰੀਆਂ ....... 4.20
ਬੀਚਾਂ ....... 4.20

# 5 | ਜੋਖਮ


**ਗੱਡੀ ਚਲਾਉਣ ਦੇ ਖਤਰੇ** ........ **5.0**
ਜੋਖਮ ਬਾਰੇ ਜਾਗਰੂਕਤਾ ........ 5.0
ਖਤਰੇ ਦੀ ਪਛਾਣ ........ 5.0
ਸਥਿਤੀ ਬਾਰੇ ਜਾਗਰੂਕਤਾ ........ 5.0
ਖਤਰੇ ਦਾ ਪ੍ਰਬੰਧਨ ........ 5.0

**ਸਪੀਡ** ........ **5.1**
ਬਹੁਤ ਜ਼ਿਆਦਾ ਸਪੀਡ ........ 5.1
ਸਪੀਡ ਸੀਮਾਵਾਂ ........ 5.1
ਸਥਿਤੀਆਂ ਦੇ ਅਨੁਸਾਰ ਸਪੀਡ ਵਿੱਚ ਫੇਰਬਦਲ ਕਰਨਾ ........ 5.1

**ਜਗ੍ਹਾ** ........ **5.2**

**ਮਰਜ ਕਰਨਾ** ........ **5.3**
ਜ਼ਿੱਪਰ ਮਰਜਿੰਗ ........ 5.3

**ਸਮਾਂ** ........ **5.4**
ਹਰੇਕ ਪਲ ਮਾਇਨੇ ਰੱਖਦਾ ਹੈ ........ 5.4
ਨੇੜੇ ਆ ਰਹੀਆਂ ਗੱਡੀਆਂ ਦੇ ਸਾਮ੍ਹਣੇ ਮੁੜਨਾ ........ 5.4

**ਫ਼ੋਕਸ** ........ **5.5**
ਧਿਆਨ ........ 5.5
ਦਿਖਾਈ ਦੇਣ ਵਾਲਾ ਖੇਤਰ ........ 5.5
ਯਾਤਰਾ ਦਾ ਰਸਤਾ ........ 5.5
ਦ੍ਰਿਸ਼ਟੀ ਰੇਖਾ ........ 5.5
ਜਾਣਕਾਰੀ ਇਕੱਠੀ ਕਰਨਾ ........ 5.5

**ਸੜਕ ਅਤੇ ਡਰਾਈਵਿੰਗ ਦੀਆਂ ਸਥਿਤੀਆਂ** ........ **5.6**
ਰਾਤ ਵੇਲੇ ਗੱਡੀ ਚਲਾਉਣਾ ........ 5.6
ਘੁਮਾਅਦਾਰ ਮੋੜ ........ 5.6
ਤਿਲਕਣ ਭਰੀਆਂ ਸੜਕਾਂ ........ 5.6
ਸਕਿਡ ਕਰਨਾ (ਫਿਸਲਣਾ) ........ 5.6
ਹਾਈਡ੍ਰੋਪਲੇਨਿੰਗ ........ 5.6

**ਗੱਡੀ ਵਿੱਚ ਖਰਾਬੀਆਂ** ........ **5.7**
ਟਾਇਰ ........ 5.7
ਪਾਵਰ ........ 5.7

ਹੈੱਡਲਾਈਟ ........ 5.7
ਐਕਸਲਰੇਟਰ ........ 5.7

**ਜੋਖਮਾਂ ਸੰਬੰਧੀ ਸੂਚਨਾ ਦਾ ਲੈਣ-ਦੇਣ ........ 5.8**

**ਟੱਕਰਾਂ ........ 5.9**
ਗੱਡੀ ਦੀ ਟੱਕਰ ਹੋਣਾ ........ 5.9
ਟੱਕਰ ਦੀ ਰਿਪੋਰਟ ਕਰਨਾ ........ 5.9
ਸੱਟ ਦੀ ਰਿਪੋਰਟ ਕਰਨਾ ........ 5.9
911 'ਤੇ ਕਾਲ ਕਰਨਾ ........ 5.9
ਬਿਜਲੀ ਦੀਆਂ ਤਾਰਾਂ ਨਾਲ ਸਾਹਮਣਾ ਹੋਣਾ ........ 5.9
ਕਿਸੇ ਟੱਕਰ ਦੇ ਗਵਾਹ ਹੋਣਾ ........ 5.9
ਐਮਰਜੈਂਸੀ ਕਿੱਟ ........ 5.9

**ਕਨੂੰਨ ਲਾਗੂਕਰਣ ........ 5.10**
ਰੋਕੇ ਜਾਣਾ ........ 5.10
ਟਿਕਟ ਮਿਲਣਾ ........ 5.10

## ਸਰੋਤ

**ਨਤੀਜਾ**
ਸ਼ਬਦਾਵਲੀ
ਪਹੁੰਚਯੋਗਤਾ ਅਤੇ ਵਿਸ਼ੇਸ਼ ਪ੍ਰਬੰਧ
ਬੇਦਾਅਵਾ

# ਅਸੀਂ Washington ਹਾਂ

ਇਹ ਗਾਈਡ Washington ਦੀਆਂ ਸਾਂਝੀਆਂ ਕਦਰਾਂ-ਕੀਮਤਾਂ ਨੂੰ ਦਰਸਾਉਂਦੀ ਹੈ:

- ਅਸੀਂ ਸੜਕ ਦੇ ਨਿਯਮਾਂ ਦੀ ਪਾਲਣਾ ਕਰਕੇ ਆਪਣਾ ਅਤੇ ਦੂਜਿਆਂ ਦਾ ਧਿਆਨ ਰੱਖਦੇ ਹਾਂ।
- ਅਸੀਂ ਸੜਕ ਵਰਤਣ ਵਾਲੇ ਅਸੁਰੱਖਿਅਤ ਲੋਕਾਂ 'ਤੇ ਨਜ਼ਰ ਰੱਖਦੇ ਹਾਂ।
- ਅਸੀਂ ਗੱਡੀ ਚਲਾਉਂਦੇ ਸਮੇਂ ਚੌਕਸ, ਉਦੇਸ਼ਪੂਰਨ, ਅਤੇ ਸ਼ਾਂਤਚਿਤ ਰਹਿੰਦੇ ਹਾਂ।
- ਅਸੀਂ ਚਾਹੁੰਦੇ ਹਾਂ ਕਿ ਹਰ ਕੋਈ ਆਪਣੀ ਮੰਜ਼ਿਲ ਤੱਕ ਸੁਰੱਖਿਅਤ ਪਹੁੰਚੇ।



## ਵਿਸ਼ਾ-ਵਸਤੂ

Washington ਰਾਜ ਦਾ Department of Licensing (DOL) ਅਧਿਕਾਰਕ Washington ਸਟੇਟ ਡਰਾਈਵਰ ਗਾਈਡ (Washington State Driver Guide) ਤਿਆਰ ਕਰਦਾ ਹੈ। ਇਸ ਗਾਈਡ ਵਿੱਚ Washington ਦੇ ਬਹੁਤ ਸਾਰੇ ਕਾਨੂੰਨਾਂ ਦਾ ਹਵਾਲਾ ਦਿੱਤਾ ਗਿਆ ਹੈ ਅਤੇ ਇਹ ਅਜਿਹੀ ਸੁਰੱਖਿਆ ਸੰਬੰਧੀ ਸਲਾਹ ਮੁਹੱਈਆ ਕਰਦੀ ਹੈ ਜੋ ਸ਼ਾਇਦ ਉਨ੍ਹਾਂ ਕਾਨੂੰਨਾਂ ਵਿੱਚ ਸ਼ਾਮਲ ਨਾ ਹੋਵੇ। ਪ੍ਰਕਾਸ਼ਨ ਦੇ ਸਮੇਂ ਸਾਰੀ ਜਾਣਕਾਰੀ ਜਿੰਨੀ ਸੰਭਵ ਹੋ ਸਕੇ ਸਹੀ ਹੈ। ਪਰ, ਹੋ ਸਕਦਾ ਹੈ ਕਿ ਇਸ ਗਾਈਡ ਵਿੱਚ Washington ਵਿਧਾਨ ਸਭਾ (Washington Legislature) ਦੁਆਰਾ ਕੀਤੀਆਂ ਗਈਆਂ ਸਭ ਤੋਂ ਹਾਲੀਆ ਤਬਦੀਲੀਆਂ ਨੂੰ ਨਾ ਦਰਸਾਇਆ ਗਿਆ ਹੋਵੇ। ਤੁਸੀਂ ਇਸ ਗਾਈਡ ਦਾ ਸਭ ਤੋਂ ਹਾਲੀਆ ਸੰਸਕਰਣ DOL ਦੀ ਵੈੱਬਸਾਈਟ: dol.wa.gov 'ਤੇ ਲੱਭ ਸਕਦੇ ਹੋ।

## ਸਾਰੇ ਗਾਹਕਾਂ ਲਈ ਸਮਾਨਤਾ

Department of Licensing (DOL) ਸਾਡੀਆਂ ਕਦਰਾਂ-ਕੀਮਤਾਂ: ਵਿਭਿੰਨਤਾ, ਸਮਾਨਤਾ, ਸ਼ਮੂਲੀਅਤ, ਵਿਸ਼ਵਾਸ ਅਤੇ ਸਤਿਕਾਰ ਦੇ ਜ਼ਰੀਏ ਆਪਣੇਪਣ ਦਾ ਸਭਿਆਚਾਰ ਬਣਾਉਣ ਲਈ ਵਚਨਬੱਧ ਹੈ। ਜਿੱਥੇ ਵੀ ਹੋ ਸਕੇ, ਅਸੀਂ ਆਪਣੇ ਗਾਹਕਾਂ ਲਈ ਬਰਾਬਰ ਪਹੁੰਚ ਮੁਹੱਈਆ ਕਰਾਉਂਦੇ ਹਾਂ ਅਤੇ ਰੁਕਾਵਟਾਂ ਨੂੰ ਦੂਰ ਕਰਦੇ ਹਾਂ। ਅਸੀਂ ਉਨ੍ਹਾਂ ਗਾਹਕਾਂ ਦੁਆਰਾ ਬੇਨਤੀ ਕੀਤੇ ਜਾਣ 'ਤੇ ਵਾਜਬ ਵਿਸ਼ੇਸ਼ ਪ੍ਰਬੰਧ ਮੁਹੱਈਆ ਕਰਾਉਂਦੇ ਹਾਂ ਜਿਨ੍ਹਾਂ ਨੂੰ ਸਾਡੀਆਂ ਸਹੂਲਤਾਂ ਅਤੇ ਸੇਵਾਵਾਂ ਤੱਕ ਪਹੁੰਚਣ ਲਈ ਇਨ੍ਹਾਂ ਦੀ ਲੋੜ ਹੁੰਦੀ ਹੈ। ਅਸੀਂ ਉਨ੍ਹਾਂ ਗਾਹਕਾਂ ਨੂੰ ਭਾਸ਼ਾ ਸੇਵਾਵਾਂ ਮੁਹੱਈਆ ਕਰਦੇ ਹਾਂ ਜਿਨ੍ਹਾਂ ਦੀ ਮੁੱਖ ਭਾਸ਼ਾ ਅੰਗਰੇਜ਼ੀ ਨਹੀਂ ਹੈ। DOL, PEAR (Pro-Equity Anti-Racism, [ਸਮਾਨਤਾ-ਪੱਖੀ ਨਸਲਵਾਦ-ਵਿਰੋਧੀ]) ਨੂੰ ਸਮਰਪਿਤ ਹੈ। ਏਜੰਸੀ ਕੋਲ ਭਾਈਚਾਰਕ ਪਾਰਟਨਰਾਂ, ਕਰਮਚਾਰੀਆਂ ਅਤੇ ਨੇਤਾਵਾਂ ਦੀ ਇੱਕ ਮਜ਼ਬੂਤ ਅਤੇ ਸਰਗਰਮ PEAR ਟੀਮ ਹੈ ਜੋ ਸੇਵਾ ਦਾ ਅਜਿਹਾ ਮਾਹੌਲ ਤਿਆਰ ਕਰਨ ਲਈ ਸਹਿਯੋਗ ਕਰ ਰਹੇ ਹਨ ਜੋ ਭਾਈਚਾਰਕ ਯੋਗਦਾਨ ਪ੍ਰਤੀ ਜਵਾਬਦੇਹ ਹੋਵੇ। ਵਿਸ਼ੇਸ਼ ਪ੍ਰਬੰਧਾਂ ਅਤੇ ਪਹੁੰਚਯੋਗਤਾ ਬਾਰੇ ਵਧੇਰੇ ਜਾਣਕਾਰੀ ਵਾਸਤੇ, ਕਿਰਪਾ ਕਰਕੇ ਗਾਈਡ ਦਾ ਆਖਰੀ ਪੰਨਾ ਵੇਖੋ।

## ਸੰਪਰਕ ਜਾਣਕਾਰੀ | DOL.WA.GOV




**ਡਰਾਈਵਰ ਲਾਇਸੈਂਸਿੰਗ ਗਾਹਕ ਸੇਵਾ:**
360-902-3900

**ਵਾਹਨ ਲਾਇਸੈਂਸਿੰਗ ਗਾਹਕ ਸੇਵਾ:**
360-902-3770

Facebook.com/WashingtonDOL

Instagram.com/wa_licensing

LinkedIn.com/company/Washington-state-department-of-licensing

Threads.net/@wa_licensing

X.com/WA_DOL

Youtube.com/WALicensing

# ਪਾਠ 1

# ਲਾਇਸੈਂਸ



## 1.0 | ਗੱਡੀ ਚਲਾਉਣ ਦਾ ਫੈਸਲਾ ਕਰਨਾ

ਡਰਾਈਵਰ ਬਣਨਾ ਇੱਕ ਵਿਸ਼ੇਸ਼ ਅਧਿਕਾਰ ਵੀ ਹੈ ਅਤੇ ਜ਼ਿੰਮੇਵਾਰੀ ਵੀ। ਇਹ ਇੱਕ ਅਜਿਹੀ ਚੀਜ਼ ਹੈ ਜੋ ਤੁਹਾਡੀ ਜ਼ਿੰਦਗੀ ਦੇ ਜ਼ਿਆਦਾਤਰ ਸਮੇਂ ਲਈ ਤੁਹਾਡੇ ਨਾਲ ਰਹੇਗੀ। ਆਪਣੀ ਡਰਾਈਵਿੰਗ ਸੰਬੰਧੀ ਜਾਣਕਾਰੀ ਅਤੇ ਹੁਨਰਾਂ ਨੂੰ ਵਿਕਸਤ ਕਰਨ ਲਈ ਸਮਾਂ ਕੱਢੋ। ਇਨ੍ਹਾਂ ਨਾਲ ਤੁਹਾਨੂੰ ਸਿਹਤਮੰਦ ਆਦਤਾਂ ਅਪਣਾਉਣ ਵਿੱਚ ਮਦਦ ਮਿਲੇਗੀ ਅਤੇ ਇਹ ਜ਼ਿੰਦਗੀ ਭਰ ਦੀ ਡਰਾਈਵਿੰਗ ਲਈ ਅਧਾਰ ਤਿਆਰ ਕਰਨਗੇ।

## 1.1 | ਨਿਰਧਾਰਤ WA ਨੰਬਰ (WDL ਨੰਬਰ)

ਸਾਰੇ Washington ਲਾਇਸੈਂਸਾਂ, ਪਰਮਿਟਾਂ ਅਤੇ ਆਈਡੀ ਕਾਰਡਾਂ ਉੱਤੇ ਇੱਕ ਨਿਰਧਾਰਤ Washington ਨੰਬਰ ਹੁੰਦਾ ਹੈ। ਇਹ ਨੰਬਰ ਤੁਹਾਡੇ ਲਈ ਖਾਸ ਤੌਰ ਤੇ ਬਣਿਆ ਹੁੰਦਾ ਹੈ। ਇਹ ਅਕਸਰ ਅੱਖਰਾਂ WDL ਨਾਲ ਸ਼ੁਰੂ ਹੁੰਦਾ ਹੈ।

## 1.2 | ਲਾਇਸੈਂਸ ਐਕਸਪ੍ਰੈਸ

ਜੇ ਤੁਹਾਡੇ ਕੋਲ WDL ਨੰਬਰ ਨਹੀਂ ਹੈ, ਤਾਂ ਤੁਸੀਂ ਕਿਸੇ ਡਰਾਈਵਰ ਲਾਇਸੈਂਸਿੰਗ ਦਫ਼ਤਰ (driver licensing office) ਤੋਂ ਜਾਂ License Express 'ਤੇ ਇੱਕ ਨਵਾਂ ਗਾਹਕ ਖਾਤਾ ਬਣਾ ਕੇ ਇਹ ਨੰਬਰ ਪ੍ਰਾਪਤ ਕਰ ਸਕਦੇ ਹੋ। ਲਾਇਸੈਂਸ ਐਕਸਪ੍ਰੈਸ ਇੱਕ ਸੁਰੱਖਿਅਤ ਵੈੱਬਸਾਈਟ ਹੈ ਜਿੱਥੇ ਤੁਸੀਂ DOL ਦੀਆਂ ਬਹੁਤ ਸਾਰੀਆਂ ਸੇਵਾਵਾਂ ਤੱਕ ਪਹੁੰਚ ਬਣਾ ਸਕਦੇ ਹੋ। ਲਾਇਸੈਂਸ ਐਕਸਪ੍ਰੈਸ ਲਿੰਕ dol.wa.gov ਦੇ ਹੋਮਪੇਜ 'ਤੇ ਮਿਲ ਸਕਦਾ ਹੈ। ਇੱਕ ਅਜਿਹੇ ਯੂਜ਼ਰਨੇਮ ਅਤੇ ਪਾਸਵਰਡ ਨਾਲ ਸਾਈਨ ਅੱਪ ਕਰੋ ਜਿਸਨੂੰ ਤੁਸੀਂ ਅਸਾਨੀ ਨਾਲ ਯਾਦ ਰੱਖ ਸਕਦੇ ਹੋਵੋ। ਨਵੇਂ ਡਰਾਈਵਰਾਂ ਨੂੰ ਆਪਣਾ ਖੁਦ ਦਾ ਖਾਤਾ ਬਣਾਉਣਾ ਪੈਂਦਾ ਹੈ। ਤੁਸੀਂ ਕਿਸੇ ਹੋਰ ਦੇ ਖਾਤੇ ਦਾ ਇਸਤੇਮਾਲ ਕਰਕੇ ਆਪਣੇ ਲਈ ਸੇਵਾਵਾਂ ਪ੍ਰਾਪਤ ਨਹੀਂ ਕਰ ਸਕਦੇ ਹੋ। ਇਹ ਖਾਤਾ ਤੁਹਾਡਾ ਆਪਣਾ ਹੋਣਾ ਲਾਜ਼ਮੀ ਹੈ।

**ਲਾਇਸੈਂਸ ਐਕਸਪ੍ਰੈਸ ਵਿੱਚ, ਤੁਸੀਂ:**

- ਕਿਸੇ ਡਰਾਈਵਰ ਲਾਇਸੈਂਸਿੰਗ ਦਫ਼ਤਰ ਵਿਖੇ ਅਪੌਇੰਟਮੈਂਟ ਲੈ ਸਕਦੇ ਹੋ।
- ਹਿਦਾਇਤੀ ਪਰਮਿਟ ਲਈ ਪਹਿਲਾਂ ਤੋਂ ਅਰਜ਼ੀ ਦੇ ਸਕਦੇ ਹੋ।
- ਆਪਣੀ ਡਰਾਈਵਿੰਗ ਹੁਨਰ ਪ੍ਰੀਖਿਆ ਦਾ ਸਮਾਂ ਨਿਰਧਾਰਤ ਕਰ ਸਕਦੇ ਹੋ।
- ਆਪਣੇ ਡਰਾਈਵਰ ਲਾਇਸੈਂਸ ਨੂੰ ਰੀਨਿਊ ਕਰਾ ਸਕਦੇ ਹੋ।
- ਆਪਣੇ ਵਾਹਨ ਦੇ ਟੈਬਾਂ ਨੂੰ ਪ੍ਰਬੰਧਿਤ ਕਰ ਸਕਦੇ ਹੋ।
- ਆਪਣਾ ਪਤਾ ਅੱਪਡੇਟ ਕਰ ਸਕਦੇ ਹੋ।

ਜੇ ਤੁਹਾਨੂੰ ਆਪਣਾ WDL ਨੰਬਰ ਯਾਦ ਨਹੀਂ ਹੈ ਜਾਂ ਆਪਣੇ ਲਾਇਸੈਂਸ ਐਕਸਪ੍ਰੈਸ ਖਾਤੇ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ DOL ਡਰਾਈਵਰ ਲਾਇਸੈਂਸਿੰਗ ਗਾਹਕ ਸੇਵਾ ਨੂੰ 360-902-3900 'ਤੇ ਕਾੱਲ ਕਰੋ।

## 1.3 | ਲਾਇਸੈਂਸਿੰਗ ਅਤੇ ਵਾਹਨ ਦਫ਼ਤਰ

ਆਪਣਾ ਡਰਾਈਵਰ ਲਾਇਸੈਂਸ ਜਾਂ ਆਈਡੀ ਕਾਰਡ ਪ੍ਰਾਪਤ ਕਰਨ ਵਿੱਚ ਡਰਾਈਵਰ ਲਾਇਸੈਂਸਿੰਗ ਦਫ਼ਤਰਾਂ ਦਾ ਸਟਾਫ਼ ਤੁਹਾਡੀ ਮਦਦ ਕਰ ਸਕਦਾ ਹੈ। ਵਾਹਨ ਲਾਇਸੈਂਸਿੰਗ ਅਤੇ ਰਜਿਸਟ੍ਰੇਸ਼ਨ ਨਾਲ ਸੰਬੰਧਿਤ ਸਹਾਇਤਾ ਵਾਸਤੇ ਕਿਸੇ ਵਾਹਨ ਲਾਇਸੈਂਸਿੰਗ ਦਫ਼ਤਰ ਵਿਖੇ ਜਾਓ। ਯਕੀਨੀ ਬਣਾਓ ਕਿ ਤੁਹਾਨੂੰ ਜਿਸ ਸੇਵਾ ਦੀ ਲੋੜ ਹੈ, ਤੁਸੀਂ ਉਸ ਅਨੁਸਾਰ ਢੁਕਵੇਂ ਦਫ਼ਤਰ ਨਾਲ ਸੰਪਰਕ ਕਰਦੇ ਹੋ।




## 1.4 | WASHINGTON ਰਾਜ ਦੇ ਨਿਵਾਸੀ

ਜੇ ਹੇਠਾਂ ਦਿੱਤਿਆਂ ਵਿੱਚੋਂ ਕੋਈ ਵੀ ਗੱਲ ਸੱਚ ਹੈ ਤਾਂ ਤੁਸੀਂ Washington ਦੇ ਨਿਵਾਸੀ ਹੋ:

- ਤੁਸੀਂ ਨਿੱਜੀ ਇਸਤੇਮਾਲ ਵਾਸਤੇ Washington ਵਿੱਚ ਇੱਕ ਰਿਹਾਇਸ਼ ਰੱਖੀ ਹੋਈ ਹੈ।
- ਤੁਸੀਂ Washington ਵਿੱਚ ਵੋਟ ਪਾਉਣ ਲਈ ਰਜਿਸਟਰਡ ਹੋ।
- ਤੁਸੀਂ ਸੰਘੀ ਜਾਂ ਰਾਜ ਦੇ ਟੈਕਸਾਂ ਲਈ Washington ਦਾ ਪਤਾ ਵਰਤਦੇ ਹੋ।
- ਤੁਹਾਨੂੰ Washington ਦੇ ਜਨਤਕ ਸਹਾਇਤਾ ਪ੍ਰੋਗਰਾਮਾਂ ਵਿੱਚੋਂ ਕਿਸੇ ਤਹਿਤ ਫਾਇਦੇ ਪ੍ਰਾਪਤ ਹੁੰਦੇ ਹਨ।
- ਤੁਸੀਂ ਇਸ ਰਾਜ ਦੇ ਕਿਸੇ ਸਕੂਲ ਵਿੱਚ ਪੜ੍ਹਦੇ ਹੋ ਅਤੇ Washington ਇੱਕ ਨਿਵਾਸੀ ਹੋਣ ਦੇ ਨਾਤੇ ਟਿਊਸ਼ਨ ਦਾ ਭੁਗਤਾਨ ਕਰਦੇ ਹੋ ਜਾਂ ਇਸ ਰਾਜ ਵਿੱਚ ਕਿਸੇ ਸਰਕਾਰੀ ਸਕੂਲ ਵਿੱਚ ਪੜ੍ਹ ਰਹੇ ਬੱਚੇ ਦੀ ਕਸਟੱਡੀ ਵਾਲੇ ਮਾਪੇ ਹੋ।
- ਤੁਸੀਂ ਕਿਸੇ ਮੋਟਰ ਹੋਮ ਜਾਂ ਜਹਾਜ਼ ਵਿੱਚ ਰਹਿੰਦੇ ਹੋ ਜੋ ਕਿਸੇ ਵੀ ਪ੍ਰਾਪਰਟੀ ਨਾਲ ਪੱਕੇ ਤੌਰ 'ਤੇ ਜੁੜਿਆ ਹੋਇਆ ਨਹੀਂ ਹੈ, ਤੁਸੀਂ ਪਹਿਲਾਂ Washington ਵਿੱਚ ਰਹਿੰਦੇ ਸੀ, ਅਤੇ ਤੁਹਾਡੇ ਕੋਲ ਕਿਸੇ ਹੋਰ ਰਾਜ ਵਿੱਚ ਕੋਈ ਪੱਕੀ ਰਿਹਾਇਸ਼ ਨਹੀਂ ਹੈ।




### 18+ ਸਾਲ ਦੇ ਨਵੇਂ ਨਿਵਾਸੀ

ਕਿਸੇ ਹੋਰ ਰਾਜ ਵਿੱਚ ਲਾਇਸੈਂਸ-ਪ੍ਰਾਪਤ ਨਵੇਂ ਨਿਵਾਸੀਆਂ ਕੋਲ Washington ਰਾਜ ਦਾ ਡਰਾਈਵਰ ਲਾਇਸੈਂਸ ਪ੍ਰਾਪਤ ਕਰਨ ਲਈ 30 ਦਿਨਾਂ ਦਾ ਸਮਾਂ ਹੁੰਦਾ ਹੈ। ਜੇ ਤੁਹਾਡੇ ਰਾਜ ਤੋਂ ਬਾਹਰ ਦੇ ਲਾਇਸੈਂਸ ਦੀ ਮਿਆਦ ਖਤਮ ਹੋ ਚੁੱਕੀ ਹੈ, ਤਾਂ ਤੁਹਾਨੂੰ Washington ਲਾਇਸੈਂਸ ਪ੍ਰਾਪਤ ਕਰਨ ਤੋਂ ਪਹਿਲਾਂ ਡਰਾਈਵਿੰਗ ਗਿਆਨ ਪ੍ਰੀਖਿਆ (Driving Knowledge Exam) ਅਤੇ ਡਰਾਈਵਿੰਗ ਹੁਨਰ ਪ੍ਰੀਖਿਆ, ਦੋਵੇਂ ਪਾਸ ਕਰਨ ਦੀ ਲੋੜ ਹੋਵੇਗੀ। ਕੁਝ ਲਾਇਸੈਂਸਾਂ ਨੂੰ ਤੁਹਾਡੇ ਦੁਆਰਾ ਫਿਰ ਤੋਂ ਇਮਤਿਹਾਨ ਦਿੱਤੇ ਬਿਨਾਂ ਵੀ ਟ੍ਰਾਂਸਫਰ ਕੀਤਾ ਜਾ ਸਕਦਾ ਹੈ। ਆਪਣੀ ਵਿਸ਼ੇਸ਼ ਸਥਿਤੀ ਨਾਲ ਜੁੜੀ ਪ੍ਰੀਖਿਆ ਸੰਬੰਧੀ ਜਾਣਕਾਰੀ ਵਾਸਤੇ dol.wa.gov 'ਤੇ ਡਰਾਈਵਰ **training and testing (ਟ੍ਰੇਨਿੰਗ ਅਤੇ ਟੈਸਟਿੰਗ)** ਦੀ ਭਾਲ ਕਰੋ।

### ਨਵੇਂ ਨਿਵਾਸੀ: 16 ਤੋਂ 17 ਸਾਲਾਂ ਦੇ

ਜੇ ਤੁਹਾਡੀ ਉਮਰ 18 ਸਾਲ ਤੋਂ ਘੱਟ ਹੈ ਅਤੇ ਤੁਹਾਡੇ ਕੋਲ ਕਿਸੇ ਹੋਰ ਰਾਜ ਦਾ ਲਾਇਸੈਂਸ ਹੈ, ਤਾਂ ਤੁਹਾਨੂੰ Washington ਦੇ ਇੰਟਰਮੀਡੀਏਟ ਡਰਾਈਵਰ ਲਾਇਸੈਂਸ (Washington Intermediate Driver License) ਵਾਸਤੇ ਅਰਜ਼ੀ ਦੇਣੀ ਪਵੇਗੀ। DOL ਨੂੰ ਤੁਹਾਡੀ ਰਾਜ ਤੋਂ ਬਾਹਰ ਦੀ ਡਰਾਈਵਰ ਸਿੱਖਿਆ ਨੂੰ ਮਨਜ਼ੂਰੀ ਦੇਣ ਦੀ ਲੋੜ ਹੋਵੇਗੀ ਅਤੇ ਇਹ ਪੁਸ਼ਟੀ ਕਰਨੀ ਹੋਵੇਗੀ ਕਿ ਤੁਹਾਡੇ ਕੋਲ ਘੱਟੋ-ਘੱਟ 6 ਮਹੀਨਿਆਂ ਲਈ ਤੁਹਾਡਾ ਹਿਦਾਇਤੀ ਪਰਮਿਟ ਸੀ। ਜੇ ਆਪਣੇ ਡਰਾਈਵਰ ਟ੍ਰੇਨਿੰਗ ਕੋਰਸਵਰਕ ਨੂੰ Washington ਵਿੱਚ ਟ੍ਰਾਂਸਫਰ ਕਰਨ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਡਰਾਈਵਰ ਟ੍ਰੇਨਿੰਗ ਸਕੂਲ ਪ੍ਰੋਗਰਾਮ ਨੂੰ tse@dol.wa.gov 'ਤੇ ਈਮੇਲ ਭੇਜੋ।

### ਤੁਹਾਡੀ ਪਛਾਣ

ਹਿਦਾਇਤੀ ਪਰਮਿਟ, ਡਰਾਈਵਰ ਲਾਇਸੈਂਸ, ਜਾਂ ਸ਼ਨਾਖਤੀ (ਪਛਾਣ) ਕਾਰਡ ਪ੍ਰਾਪਤ ਕਰਨ ਲਈ, ਤੁਹਾਨੂੰ ਅਜਿਹੇ ਦਸਤਾਵੇਜ਼ ਮੁਹੱਈਆ ਕਰਾਉਣ ਦੀ ਲੋੜ ਹੋਵੇਗੀ ਜੋ ਤੁਹਾਡੀ ਪਛਾਣ ਸਾਬਤ ਕਰਦੇ ਹੋਣ।

- ਤੁਹਾਨੂੰ ਕਿਹੜੇ ਦਸਤਾਵੇਜ਼ਾਂ ਦੀ ਲੋੜ ਹੈ, ਇਹ ਦੇਖਣ ਲਈ dol.wa.gov 'ਤੇ **identification requirements brochure (ਪਛਾਣ ਸੰਬੰਧੀ ਲੋੜਾਂ ਦੇ ਬ੍ਰੋਸ਼ਰ)** ਦੀ ਖੋਜ ਕਰੋ।
- ਡਰਾਈਵਰ ਲਾਇਸੈਂਸਿੰਗ ਦਫ਼ਤਰ ਵਿਖੇ ਆਪਣੇ ਨਾਲ ਸਾਰੇ ਜ਼ਰੂਰੀ ਦਸਤਾਵੇਜ਼ਾਂ ਦੀਆਂ ਅਸਲ ਕਾਪੀਆਂ ਲੈ ਕੇ ਆਓ।

# DOL2GO

## ਸੇਵਾਵਾਂ

- ਪਹਿਲਾ Washington ਡਰਾਈਵਰ ਲਾਇਸੈਂਸ ਜਾਂ ਆਈਡੀ ਕਾਰਡ, ਏਨਹਾਂਸਡ ਸਮੇਤ
- ਸਟੇਟ ਤੋਂ ਬਾਹਰ ਟ੍ਰਾਂਸਫਰਾਂ
- ਡਰਾਈਵਰ ਲਾਇਸੈਂਸ, ਪਰਮਿਟ ਜਾਂ ਆਈਡੀ ਕਾਰਡ ਰੀਨਿਊ ਕਰਾਉਣਾ
- ਡਰਾਈਵਰ ਰਿਕਾਰਡ
- ਬਹਾਲੀ ਦੀਆਂ ਚਿੱਠੀਆਂ
- ਪਛਾਣ ਦੇ ਸਬੂਤ ਲਈ ਦਸਤਾਵੇਜ਼ ਦੀ ਸਮੀਖਿਆ




## ਬੇਘਰ ਲੋਕਾਂ ਲਈ ਮਦਦ

ਜੇ ਤੁਸੀਂ ਬੇਘਰ ਹੋ, ਤਾਂ ਤੁਸੀਂ ਬਿਨਾਂ ਕਿਸੇ ਕੀਮਤ ਵਾਲੀ ਆਈਡੀ ਜਾਂ ਘੱਟ ਫੀਸ ਵਾਲੀ ਆਈਡੀ ਵਾਸਤੇ ਯੋਗ ਹੋ। ਸਰਕਾਰੀ ਸਹਾਇਤਾ ਪ੍ਰਾਪਤ ਕਰ ਰਹੇ ਲੋਕ ਵੀ ਘੱਟ ਕੀਮਤ 'ਤੇ ਆਈਡੀ ਕਾਰਡ ਵਾਸਤੇ ਯੋਗ ਹੋ ਸਕਦੇ ਹਨ। ਮਦਦ ਪ੍ਰਾਪਤ ਕਰਨ ਲਈ, ਆਪਣੇ ਸਥਾਨਕ DSHS (Department of Social and Health Services, [ਸਮਾਜਕ ਅਤੇ ਸਿਹਤ ਸੇਵਾਵਾਂ ਵਿਭਾਗ]) ਦੇ ਕਮਿਊਨਿਟੀ ਸਰਵਿਸਿਜ਼ ਦਫ਼ਤਰ ਨਾਲ ਸੰਪਰਕ ਕਰੋ। dshs.wa.gov 'ਤੇ ਜਾਓ ਅਤੇ ਸਥਾਨਕ ਸੇਵਾਵਾਂ ਲੱਭਣ ਲਈ ਆਫ਼ਿਸ ਲੋਕੇਟਰ ਦੀ ਵਰਤੋਂ ਕਰੋ।

# ਮਿਆਰੀ ਡਰਾਈਵਰ ਲਾਇਸੰਸ ਅਤੇ ID




| | |
|---|---|
| ✔ | ਸ਼ਨਾਖਤ |
| ✔ | ਮੋਟਰ ਗੱਡੀ ਚਲਾਉਣਾ (ਸਿਰਫ਼ ਡਰਾਈਵਰ ਲਾਇਸੈਂਸ) |
| ✘ | ਘਰੇਲੂ ਹਵਾਈ ਸਫ਼ਰ |
| ✘ | ਅੰਤਰਰਾਸ਼ਟਰੀ ਹਵਾਈ ਸਫ਼ਰ |
| ✘ | ਸੜਕ ਜਾਂ ਸਮੁੰਦਰ ਰਾਹੀਂ ਅੰਤਰਰਾਸ਼ਟਰੀ ਸਰਹੱਦ ਪਾਰ ਕਰਨਾ |
| ✘ | ਸੰਘੀ ਸਹੂਲਤਾਂ ਤੱਕ ਪਹੁੰਚ |
| ✘ | REAL ID ਮਿਆਰਾਂ ਨੂੰ ਪੂਰਾ ਕਰਦਾ ਹੈ |

# ਵਿਸਤ੍ਰਿਤ ਡਰਾਈਵਰ ਲਾਇਸੰਸ ਅਤੇ ID




- ✔ ਸ਼ਨਾਖਤ
- ✔ ਮੋਟਰ ਗੱਡੀ ਚਲਾਉਣਾ (ਸਿਰਫ਼ ਡਰਾਈਵਰ ਲਾਇਸੈਂਸ)
- ✔ ਘਰੇਲੂ ਹਵਾਈ ਸਫ਼ਰ
- ✘ ਅੰਤਰਰਾਸ਼ਟਰੀ ਹਵਾਈ ਸਫ਼ਰ
- ✔ ਸੜ੍ਹਕ ਜਾਂ ਸਮੁੰਦਰ ਰਾਹੀਂ ਅੰਤਰਰਾਸ਼ਟਰੀ ਸਰਹੱਦ ਪਾਰ ਕਰਨਾ (ਕੈਨੇਡਾ, ਮੈਕਸੀਕੋ, ਕੈਰੇਬਿਅਨ)
- ✔ ਸੰਘੀ ਸਹੂਲਤਾਂ ਤੱਕ ਪਹੁੰਚ
- ✔ REAL ਆਈਡੀ ਮਿਆਰਾਂ ਨੂੰ ਪੂਰਾ ਕਰਦਾ ਹੈ

## 1.7 | REAL ID

Real ਆਈਡੀ ਇੱਕ ਕਾਨੂੰਨ ਹੈ, ਕੋਈ ਅਸਲ ਆਈਡੀ ਨਹੀਂ।

ਇੱਕ ਏਨਹਾਂਸਡ ਡਰਾਈਵਰ ਲਾਇਸੈਂਸ ਜਾਂ ਆਈਡੀ ਉਨ੍ਹਾਂ ਕੁਝ ਵਿਕਲਪਾਂ ਵਿੱਚੋਂ ਹਨ ਜੋ Real ਆਈਡੀ ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ। ਸਟੈਂਡਰਡ ਡਰਾਈਵਰ ਲਾਇਸੈਂਸ ਹੁਣ ਏਅਰਪੋਰਟ ਦੀਆਂ ਸੁਰੱਖਿਆ ਚੌਕੀਆਂ, ਅਮਰੀਕੀ ਸਰਹੱਦ ਦੀਆਂ ਕ੍ਰਾਸਿੰਗਾਂ, ਜਾਂ ਸੁਰੱਖਿਅਤ ਸੰਘੀ ਇਮਾਰਤਾਂ ਤੱਕ ਪਹੁੰਚ ਪ੍ਰਾਪਤ ਕਰਨ ਲਈ ਸ਼ਨਾਖਤ ਦਾ ਇੱਕ ਸਵੀਕਾਰ ਕਰਨਯੋਗ ਰੂਪ ਨਹੀਂ ਰਹਿਣਗੇ।

ਜਾਣਕਾਰੀ ਭਰਪੂਰ ਵੀਡੀਓ ਦੇਖਣ ਲਈ REALIDwa.com 'ਤੇ ਜਾਓ, ਇਹ ਪਤਾ ਲਗਾਉਣ ਲਈ ਇੱਕ ਕੁਇਜ਼ ਪੂਰੀ ਕਰੋ ਕਿ ਤੁਹਾਨੂੰ ਕਿਹੜੇ ਆਈਡੀ ਦੀ ਲੋੜ ਹੈ, ਅਤੇ Real ਆਈਡੀ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰੋ।






## 1.8 | ਨਿੱਜੀ ਡਰਾਈਵਰ ਲਾਇਸੈਂਸ (PERSONAL DRIVER LICENSE) ਪ੍ਰਾਪਤ ਕਰਨਾ

### ਹਿਦਾਇਤੀ ਪਰਮਿਟ

ਹਿਦਾਇਤੀ ਪਰਮਿਟ ਲਈ ਅਰਜ਼ੀ ਦੇਣ ਤੋਂ ਪਹਿਲਾਂ, ਤੁਹਾਡੇ ਕੋਲ ਇੱਕ WDL ਨੰਬਰ ਹੋਣਾ ਜ਼ਰੂਰੀ ਹੁੰਦਾ ਹੈ।

**ਜੇ ਤੁਸੀਂ ਕਿਸੇ ਡਰਾਈਵਰ ਟ੍ਰੇਨਿੰਗ ਕੋਰਸ ਵਿੱਚ ਦਾਖਲਾ ਲੈ ਰਹੇ ਹੋ**

ਤਾਂ ਤੁਸੀਂ 15 ਸਾਲ ਦੀ ਉਮਰ ਤੋਂ ਹੀ ਆਪਣੇ ਪਰਮਿਟ ਲਈ ਅਰਜ਼ੀ ਦੇ ਸਕਦੇ ਹੋ। ਤੁਹਾਡਾ ਕੋਰਸ ਸ਼ੁਰੂ ਹੋਣ ਤੋਂ 1 ਤੋਂ 10 ਦਿਨ ਪਹਿਲਾਂ ਡਰਾਈਵਰ ਲਾਇਸੈਂਸਿੰਗ ਦਫ਼ਤਰ ਵਿਖੇ ਜਾਂ ਫਿਰ ਔਨਲਾਈਨ ਅਰਜ਼ੀ ਦਿਓ। ਰਿਕਾਰਡ ਰੱਖਣ ਲਈ ਆਪਣੇ ਡਰਾਈਵਿੰਗ ਸਕੂਲ ਨੂੰ ਤੁਹਾਡਾ WDL ਨੰਬਰ ਦੇਣ ਲਈ ਤਿਆਰ ਰਹੋ।

**ਜੇ ਤੁਸੀਂ ਕਿਸੇ ਡਰਾਈਵਰ ਟ੍ਰੇਨਿੰਗ ਕੋਰਸ ਵਿੱਚ ਦਾਖਲਾ ਨਹੀਂ ਲੈ ਰਹੇ ਹੋ**

ਤਾਂ ਤੁਸੀਂ 15½ ਸਾਲ ਦੇ ਹੋਣ ਮਗਰੋਂ ਗਿਆਨ ਪ੍ਰੀਖਿਆ ਦੇ ਸਕਦੇ ਹੋ। ਪ੍ਰੀਖਿਆ ਪਾਸ ਕਰਨ ਮਗਰੋਂ, ਤੁਹਾਨੂੰ ਆਪਣਾ ਪਰਮਿਟ ਮਿਲ ਜਾਵੇਗਾ। ਹਾਲਾਂਕਿ, ਤੁਹਾਨੂੰ ਹੁਨਰ ਦੀ ਪ੍ਰੀਖਿਆ ਦੇਣ ਅਤੇ ਆਪਣਾ ਲਾਇਸੈਂਸ ਪ੍ਰਾਪਤ ਕਰਨ ਵਾਸਤੇ ਉਦੋਂ ਤੱਕ ਉਡੀਕ ਕਰਨੀ ਪਵੇਗੀ ਜਦੋਂ ਤੱਕ ਕਿ ਤੁਸੀਂ 18 ਸਾਲ ਦੇ ਨਹੀਂ ਹੋ ਜਾਂਦੇ।

ਤੁਹਾਡਾ ਪਰਮਿਟ 1 ਸਾਲ ਲਈ ਵੈਧ ਹੁੰਦਾ ਹੈ (ਫੀਸ ਦਾ ਭੁਗਤਾਨ ਕਰਕੇ ਰੀਨਿਊ ਕਰਾਇਆ ਜਾ ਸਕਦਾ ਹੈ)। ਤੁਹਾਡੀ ਗਿਆਨ ਪ੍ਰੀਖਿਆ ਦਾ ਸਕੋਰ 2 ਸਾਲਾਂ ਲਈ ਵੈਧ ਹੁੰਦਾ ਹੈ। ਜੇ ਤੁਸੀਂ ਆਪਣੀ ਹੁਨਰ ਦੀ ਪ੍ਰੀਖਿਆ ਦੇਣ ਲਈ ਬਹੁਤ ਜ਼ਿਆਦਾ ਉਡੀਕ ਕਰਦੇ ਹੋ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਗਿਆਨ ਪ੍ਰੀਖਿਆ ਦੁਬਾਰਾ ਦੇਣੀ ਪੈ ਜਾਵੇ।

Washington ਵਾਸੀਆਂ ਲਈ ਕਈ ਤਰ੍ਹਾਂ ਦੇ ਆਈਡੀ, ਲਾਇਸੈਂਸ ਅਤੇ ਤਸਦੀਕਾਂ ਹੁੰਦੀਆਂ ਹਨ।

## ਆਪਣਾ ਨਿੱਜੀ ਡਰਾਈਵਰ ਲਾਇਸੈਂਸ ਪ੍ਰਾਪਤ ਕਰਨਾ: ਉਮਰ 16 ਤੋਂ 17

**ਆਪਣਾ ਪਹਿਲਾ ਡਰਾਈਵਰ ਲਾਇਸੈਂਸ ਪ੍ਰਾਪਤ ਕਰਨ ਲਈ, ਇਹ ਜ਼ਰੂਰੀ ਹੈ ਕਿ:**

- ਤੁਹਾਡੇ ਕੋਲ ਘੱਟੋ-ਘੱਟ 6 ਮਹੀਨਿਆਂ ਲਈ ਆਪਣਾ ਹਿਦਾਇਤੀ ਪਰਮਿਟ ਹੋਵੇ।
- ਤੁਸੀਂ ਘੱਟੋ-ਘੱਟ 16 ਸਾਲ ਦੇ ਹੋਵੋ ਅਤੇ Washington ਦੇ ਵਾਸੀ ਹੋਵੋ।
- ਤੁਸੀਂ ਕਿਸੇ ਅਨੁਮੋਦਿਤ ਡਰਾਈਵਰ ਟ੍ਰੇਨਿੰਗ ਸਕੂਲ ਤੋਂ ਟ੍ਰੈਫਿਕ ਸੁਰੱਖਿਆ ਕੋਰਸ ਪੂਰਾ ਕੀਤਾ ਹੋਵੇ।
- ਇਹ ਯਕੀਨੀ ਬਣਾਓ ਕਿ ਕਿਸੇ ਹੋਰ ਸਟੇਟ ਵਿੱਚ ਪੂਰਾ ਕੀਤਾ ਗਿਆ ਟ੍ਰੈਫਿਕ ਸੁਰੱਖਿਆ ਕੋਰਸ Washington ਦੀ ਘੱਟੋ-ਘੱਟ ਲੋੜ (30 ਘੰਟੇ ਕਲਾਸਰੂਮ ਅਤੇ 6 ਘੰਟੇ ਗੱਡੀ ਚਲਾਉਣ ਦੀਆਂ ਹਿਦਾਇਤਾਂ) ਨੂੰ ਪੂਰਾ ਕਰਦਾ ਹੋਵੇ।
- ਡਰਾਈਵਿੰਗ ਗਿਆਨ ਪ੍ਰੀਖਿਆ ਅਤੇ ਡਰਾਈਵਿੰਗ ਹੁਨਰ ਪ੍ਰੀਖਿਆ ਦੋਵੇਂ ਪਾਸ ਕਰੋ।
- ਕਿਸੇ ਲਾਇਸੈਂਸ-ਪ੍ਰਾਪਤ ਡਰਾਈਵਰ ਜਿਸ ਕੋਲ 3 ਜਾਂ ਵੱਧ ਸਾਲਾਂ ਦਾ ਤਜਰਬਾ ਹੋਵੇ, ਨਾਲ ਦਿਨ ਵਿੱਚ ਗੱਡੀ ਚਲਾਉਣ ਦੇ ਘੱਟੋ-ਘੱਟ 40 ਘੰਟੇ ਅਤੇ ਰਾਤ ਨੂੰ ਗੱਡੀ ਚਲਾਉਣ ਦੇ 10 ਘੰਟੇ ਪੂਰੇ ਕਰੋ। (ਮਾਪਿਆਂ, ਸਰਪ੍ਰਸਤਾਂ, ਜਾਂ ਜ਼ਿੰਮੇਵਾਰ ਬਾਲਗਾਂ ਦੁਆਰਾ ਇਸਦੀ ਤਸਦੀਕ ਕਰਨੀ ਜ਼ਰੂਰੀ ਹੈ।)
- ਤੁਸੀਂ ਲਾਇਸੈਂਸ ਲਈ ਅਰਜ਼ੀ ਦੇਣ ਤੋਂ ਪਹਿਲੇ 6 ਮਹੀਨਿਆਂ ਵਿੱਚ ਟ੍ਰੈਫਿਕ ਦੀਆਂ ਕੋਈ ਉਲੰਘਣਾਵਾਂ ਨਾ ਕੀਤੀਆਂ ਹੋਣ ਜਾਂ ਤੁਹਾਡੇ ਕੋਈ ਦੋਸ਼ ਨਾ ਸਿੱਧ ਹੋਏ ਹੋਣ।
- ਤੁਸੀਂ ਆਪਣੇ ਹਿਦਾਇਤੀ ਪਰਮਿਟ ਨਾਲ ਗੱਡੀ ਚਲਾਉਂਦੇ ਸਮੇਂ ਸ਼ਰਾਬ ਜਾਂ ਨਸ਼ੀਲੀਆਂ ਦਵਾਈਆਂ ਸੰਬੰਧੀ ਕੋਈ ਅਪਰਾਧ ਨਾ ਕੀਤੇ ਹੋਣ।
- ਇਹ ਫੈਸਲਾ ਕਰੋ ਕਿ ਕੀ ਤੁਸੀਂ ਅੰਗ, ਅੱਖ, ਅਤੇ ਟਿਸ਼ੂ ਦਾਨੀ ਵਜੋਂ ਰਜਿਸਟਰ ਹੋਣਾ ਚਾਹੁੰਦੇ ਹੋ।

**ਵਿਅਕਤੀਗਤ ਰੂਪ ਵਿੱਚ ਆਪਣਾ ਲਾਇਸੈਂਸ ਪ੍ਰਾਪਤ ਕਰਨ ਵਾਸਤੇ, ਤੁਹਾਨੂੰ ਇਹ ਕੰਮ ਕਰਨ ਦੀ ਲੋੜ ਪਵੇਗੀ:**

- ਕਿਸੇ ਡਰਾਈਵਰ ਲਾਇਸੈਂਸਿੰਗ ਦਫ਼ਤਰ ਵਿਖੇ ਅਪੌਇੰਟਮੈਂਟ ਲਓ। ਤੁਸੀਂ ਲਾਇਸੈਂਸ ਐਕਸਪ੍ਰੈੱਸ ਰਾਹੀਂ ਜਾਂ 360-902-3900 'ਤੇ DOL ਲਾਇਸੈਂਸਿੰਗ ਗਾਹਕ ਸੇਵਾ ਨੂੰ ਕਾੱਲ ਕਰਕੇ ਅਜਿਹਾ ਕਰ ਸਕਦੇ ਹੋ।
- ਮਾਪਿਆਂ ਦੇ ਮਨਜ਼ੂਰੀ ਫ਼ਾਰਮ 'ਤੇ ਦਸਤਖ਼ਤ ਕਰਨ ਲਈ ਆਪਣੇ ਮਾਤਾ/ਪਿਤਾ ਜਾਂ ਸਰਪ੍ਰਸਤ ਨੂੰ ਲਾਇਸੈਂਸਿੰਗ ਦਫ਼ਤਰ ਵਿਖੇ ਆਪਣੇ ਨਾਲ ਲਿਆਓ। ਇਹ ਫ਼ਾਰਮ ਤੁਹਾਨੂੰ ਅਰਜ਼ੀ ਦੇਣ ਲਈ ਆਗਿਆ ਦਿੰਦਾ ਹੈ, ਇਹ ਪ੍ਰਮਾਣਤ ਕਰਦਾ ਹੈ ਕਿ ਤੁਹਾਡੇ ਕੋਲ ਘੱਟੋ-ਘੱਟ 50 ਘੰਟਿਆਂ ਦਾ ਗੱਡੀ ਚਲਾਉਣ ਦਾ ਤਜਰਬਾ ਹੈ, ਅਤੇ ਇਹ ਪੁਸ਼ਟੀ ਕਰਦਾ ਹੈ ਕਿ ਤੁਸੀਂ ਪਿਛਲੇ 6 ਮਹੀਨਿਆਂ ਵਿੱਚ ਕੋਈ ਵੀ ਟ੍ਰੈਫਿਕ ਅਪਰਾਧ ਜਾਂ ਉਲੰਘਣਾਵਾਂ ਨਹੀਂ ਕੀਤੀਆਂ ਹਨ। ਤੁਹਾਡੇ ਮਾਤਾ/ਪਿਤਾ ਜਾਂ ਸਰਪ੍ਰਸਤ ਨੂੰ ਆਪਣੀ ਪਛਾਣ ਅਤੇ ਤੁਹਾਡੇ ਨਾਲ ਉਨ੍ਹਾਂ ਦੇ ਰਿਸ਼ਤੇ ਦਾ ਸਬੂਤ ਦਿਖਾਉਣਾ ਪਵੇਗਾ। ਜੇ ਤੁਹਾਡੀ ਅਖੀਰਲੇ ਨਾਮ ਵੱਖ-ਵੱਖ ਹਨ, ਤਾਂ ਅਜਿਹੇ ਦਸਤਾਵੇਜ਼ ਨਾਲ ਲੈ ਕੇ ਆਓ ਜੋ ਤੁਹਾਡੇ ਰਿਸ਼ਤੇ ਨੂੰ ਦਰਸਾਉਂਦੇ ਹੋਣ।

- ਤੁਹਾਡੇ ਡਰਾਈਵਰ ਟ੍ਰੇਨਿੰਗ ਸਕੂਲ ਦੁਆਰਾ ਤੁਹਾਡੇ ਕੋਰਸ ਦੇ ਪੂਰੇ ਹੋਣ ਅਤੇ ਇਮਤਿਹਾਨ ਦੇ ਸਕੋਰ ਦਰਜ ਕਰਨ ਦੀ ਉਡੀਕ ਕਰੋ। ਜਦੋਂ ਤੁਸੀਂ ਹਰ ਇਮਤਿਹਾਨ ਪਾਸ ਕਰ ਲੈਂਦੇ ਹੋ ਤਾਂ ਤੁਹਾਡੇ ਡਰਾਈਵਰ ਟ੍ਰੇਨਿੰਗ ਸਕੂਲ ਕੋਲ ਸਿਸਟਮ ਵਿੱਚ ਤੁਹਾਡੇ ਸਕੋਰ ਦਰਜ ਕਰਨ ਲਈ 24 ਘੰਟੇ ਹੁੰਦੇ ਹਨ। ਜੇ ਤੁਹਾਡਾ ਡਰਾਈਵਰ ਟ੍ਰੇਨਿੰਗ ਸਕੂਲ ਹਮੇਸ਼ਾ ਲਈ ਬੰਦ ਹੋ ਗਿਆ ਹੈ ਅਤੇ ਤੁਹਾਨੂੰ ਸਹਾਇਤਾ ਦੀ ਲੋੜ ਹੈ, ਤਾਂ ਡਰਾਈਵਰ ਟ੍ਰੇਨਿੰਗ ਸਕੂਲ ਪ੍ਰੋਗਰਾਮ ਨੂੰ tse@dol.wa.gov 'ਤੇ ਈਮੇਲ ਕਰੋ।
- ਆਪਣਾ ਸੋਸ਼ਲ ਸਿਕਿਓਰਿਟੀ ਨੰਬਰ ਦਿਓ ਜਾਂ ਜੇ ਤੁਹਾਡੇ ਕੋਲ ਇਹ ਨਹੀਂ ਹੈ ਤਾਂ ਇੱਕ ਘੋਸ਼ਣਾ ਪੱਤਰ 'ਤੇ ਦਸਤਖ਼ਤ ਕਰੋ।
- ਪਛਾਣ ਦਾ ਸਬੂਤ ਦਿਖਾਓ।
- ਨਜ਼ਰ ਦੀ ਜਾਂਚ ਪਾਸ ਕਰੋ।
- ਆਪਣੀ ਫੋਟੋ ਖਿਚਵਾਓ।
- ਕੋਈ ਲਾਇਸੈਂਸਿੰਗ ਫੀਸ ਹੈ ਤਾਂ ਉਸਦਾ ਭੁਗਤਾਨ ਕਰੋ।

**ਦਫ਼ਤਰ ਤੋਂ ਨਿਕਲਣ ਤੋਂ ਪਹਿਲਾਂ, ਤੁਹਾਨੂੰ ਇੱਕ ਆਰਜੀ ਲਾਇਸੈਂਸ ਮਿਲੇਗਾ ਜੋ 45 ਦਿਨਾਂ ਲਈ ਵੈਧ ਹੁੰਦਾ ਹੈ। ਤੁਹਾਡਾ ਅਧਿਕਾਰਕ ਲਾਇਸੈਂਸ ਤੁਹਾਨੂੰ ਡਾਕ ਰਾਹੀਂ ਭੇਜਿਆ ਜਾਵੇਗਾ।**

**ਆਪਣਾ ਲਾਇਸੈਂਸ ਔਨਲਾਈਨ ਪ੍ਰਾਪਤ ਕਰਨ ਵਾਸਤੇ, ਤੁਹਾਨੂੰ ਇਹ ਕਰਨ ਦੀ ਲੋੜ ਪਵੇਗੀ:**

- ਤੁਹਾਡੇ ਕੋਲ Washington ਫ਼ੋਟੋ ਵਾਲਾ ਹਿਦਾਇਤੀ ਪਰਮਿਟ ਹੋਣਾ ਚਾਹੀਦਾ ਹੈ।
- ਆਪਣੇ ਮਾਤਾ/ਪਿਤਾ ਜਾਂ ਸਰਪ੍ਰਸਤ ਤੋਂ ਇਜਾਜ਼ਤ ਪ੍ਰਾਪਤ ਕਰੋ।
- ਇਹ ਪੱਕਾ ਕਰੋ ਕਿ ਤੁਹਾਡੇ ਡਰਾਈਵਰ ਟ੍ਰੇਨਿੰਗ ਸਕੂਲ ਨੇ ਤੁਹਾਡੇ ਕੋਰਸ ਦੇ ਪੂਰੇ ਹੋਣ ਅਤੇ ਪ੍ਰੀਖਿਆ ਦੇ ਸਕੋਰ ਦਰਜ ਕਰ ਦਿੱਤੇ ਹਨ।
- ਕੋਈ ਲਾਇਸੈਂਸਿੰਗ ਫੀਸ ਹੈ ਤਾਂ ਉਸਦਾ ਭੁਗਤਾਨ ਕਰੋ।
- ਰਸੀਦ ਪ੍ਰਿੰਟ ਕਰੋ। (ਇਹ ਤੁਹਾਡਾ ਆਰਜ਼ੀ ਲਾਇਸੈਂਸ ਹੈ। ਇਸ ਵਿੱਚ ਤੁਹਾਡੀ ਫ਼ੋਟੋ ਨਹੀਂ ਹੋਵੇਗੀ, ਇਸ ਕਰਕੇ ਇਹ ਸ਼ਨਾਖਤ ਲਈ ਪ੍ਰਮਾਣਕ ਨਹੀਂ ਹੁੰਦਾ ਹੈ।)

ਤੁਹਾਡੇ ਅਧਿਕਾਰਕ ਲਾਇਸੈਂਸ ਉੱਪਰ ਉਹੀ ਫ਼ੋਟੋ ਹੋਵੇਗੀ ਜੋ ਤੁਹਾਡੇ ਹਿਦਾਇਤੀ ਪਰਮਿਟ ਜਾਂ Washington ਆਈਡੀ ਕਾਰਡ ਉੱਪਰ ਹੈ।

## ਆਪਣਾ ਨਿੱਜੀ ਡਰਾਈਵਰ ਲਾਇਸੈਂਸ ਪ੍ਰਾਪਤ ਕਰਨਾ: ਉਮਰ 18+

ਜੇ ਤੁਸੀਂ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋ, ਤਾਂ ਤੁਹਾਡੇ ਕੋਲ ਆਪਣਾ ਪਹਿਲਾ Washington ਡਰਾਈਵਰ ਲਾਇਸੈਂਸ ਪ੍ਰਾਪਤ ਕਰਨ ਲਈ ਚਾਰ ਵਿਕਲਪ ਹੁੰਦੇ ਹਨ। ਤੁਸੀਂ:

1. ਕਿਸੇ ਹੋਰ ਸਟੇਟ ਤੋਂ ਆਪਣੇ ਲਾਇਸੈਂਸ ਨੂੰ ਟ੍ਰਾਂਸਫ਼ਰ ਕਰ ਸਕਦੇ ਹੋ।
2. ਗਿਆਨ ਅਤੇ ਹੁਨਰ ਪ੍ਰੀਖਿਆਵਾਂ ਪਾਸ ਕਰ ਸਕਦੇ ਹੋ।
3. ਗਿਆਨ ਪ੍ਰੀਖਿਆ ਪਾਸ ਕਰ ਸਕਦੇ ਹੋ, ਪਰਮਿਟ ਪ੍ਰਾਪਤ ਕਰ ਸਕਦੇ ਹੋ, ਕਿਸੇ ਅਜਿਹੇ ਲਾਇਸੈਂਸ-ਪ੍ਰਾਪਤ ਡਰਾਈਵਰ ਦੇ ਨਾਲ ਗੱਡੀ ਚਲਾਉਣ ਦੀ ਪ੍ਰੈਕਟਿਸ ਕਰਦੇ ਹੋ ਜਿਸ ਕੋਲ 5 ਜਾਂ ਵੱਧ ਸਾਲਾਂ ਦਾ ਤਜਰਬਾ ਹੋਵੇ, ਅਤੇ ਉਸਤੋਂ ਬਾਅਦ ਹੁਨਰ ਪ੍ਰੀਖਿਆ ਪਾਸ ਕਰਦੇ ਹੋ।
4. ਆਪਣਾ ਪਰਮਿਟ ਪ੍ਰਾਪਤ ਕਰਨ ਵਾਸਤੇ ਪ੍ਰੀਖਿਆ ਤੋਂ ਛੋਟ ਪ੍ਰਾਪਤ ਕਰ ਸਕਦੇ ਹੋ, ਡਰਾਈਵਰ ਟ੍ਰੇਨਿੰਗ ਕੋਰਸ ਕਰ ਸਕਦੇ ਹੋ, ਅਤੇ ਬਾਅਦ ਵਿੱਚ ਜਦੋਂ ਤੁਸੀਂ ਕੋਰਸ ਪੂਰਾ ਕਰ ਲਓ ਤਾਂ ਜਾਣਕਾਰੀ ਅਤੇ ਹੁਨਰ ਪ੍ਰੀਖਿਆਵਾਂ ਪਾਸ ਕਰ ਸਕਦੇ ਹੋ।

## ਇੰਟਰਮੀਡੀਏਟ ਡ੍ਰਾਈਵਰ ਲਾਇਸੈਂਸ

Washington ਦੇ 16 ਅਤੇ 17 ਸਾਲ ਦੀ ਉਮਰ ਦੇ ਕਿਸ਼ੋਰ ਨੌਜਵਾਨ ਬਗੈਰ ਕਿਸੇ ਪਾਬੰਦੀ ਵਾਲਾ ਡਰਾਈਵਰ ਲਾਇਸੈਂਸ ਪ੍ਰਾਪਤ ਕਰਨ ਤੋਂ ਪਹਿਲਾਂ, ਲਾਇਸੈਂਸਿੰਗ ਦੇ ਦੋ ਸੀਮਤ ਪੜਾਵਾਂ ਵਿੱਚੋਂ ਲੰਘਦੇ ਹਨ: 1) ਹਿਦਾਇਤੀ ਪਰਮਿਟ ਅਤੇ 2) ਇੰਟਰਮੀਡੀਏਟ ਡਰਾਈਵਰ ਲਾਇਸੈਂਸ। ਇੰਟਰਮੀਡੀਏਟ ਡਰਾਈਵਰ ਲਾਇਸੈਂਸ ਨਾਲ ਗੱਡੀ ਚਲਾਉਣ ਦਾ ਮਤਲਬ ਇਹ ਹੈ ਕਿ ਤੁਹਾਨੂੰ ਹੇਠਾਂ ਦਿੱਤੇ ਕਾਨੂੰਨਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ।

| **ਪਾਬੰਦੀਆਂ** | **ਜਾਰੀ ਹੋਣ ਦੀ ਤਰੀਕ ਤੋਂ 6 ਮਹੀਨੇ ਤੱਕ** | **6 ਮਹੀਨਿਆਂ ਤੋਂ 18 ਸਾਲ ਦੀ ਉਮਰ ਤੱਕ ਜਾਂ ਇੱਕ ਸਾਲ ਲਈ (ਜੋ ਵੀ ਪਹਿਲਾਂ ਆਵੇ)** |
|---|---|---|
| ਯਾਤਰੀ | ਪਰਿਵਾਰ ਦੇ ਮੈਂਬਰਾਂ ਤੋਂ ਛੁੱਟ 20 ਸਾਲ ਤੋਂ ਘੱਟ ਉਮਰ ਦੇ ਕੋਈ ਯਾਤਰੀ ਨਹੀਂ | ਪਰਿਵਾਰ ਦੇ ਨੇੜਲੇ ਮੈਂਬਰਾਂ ਤੋਂ ਛੋਟ 20 ਸਾਲ ਤੋਂ ਘੱਟ ਉਮਰ ਦੇ 3 ਤੋਂ ਵੱਧ ਯਾਤਰੀ ਨਹੀਂ |
| ਗੱਡੀ ਚਲਾਉਣ ਦੇ ਘੰਟੇ | ਅੱਧੀ ਰਾਤ 1 ਵਜੇ ਤੋਂ ਲੈ ਕੇ ਸਵੇਰੇ 5 ਵਜੇ ਤੱਕ ਗੱਡੀ ਚਲਾਉਣ ਦੀ ਮਨਾਹੀ ਹੈ, ਬਸ਼ਰਤੇ ਨਾਲ ਕੋਈ ਮਾਤਾ ਜਾਂ ਪਿਤਾ, ਸਰਪ੍ਰਸਤ ਜਾਂ ਲਾਇਸੈਂਸ ਪ੍ਰਾਪਤ ਡਰਾਈਵਰ ਹੋਵੇ ਅਤੇ ਜਿਸਦੀ ਉਮਰ ਘੱਟੋ-ਘੱਟ 25 ਸਾਲ ਹੋਵੇ | ਰਾਤ ਸਮੇਂ ਦੀਆਂ ਪਾਬੰਦੀਆਂ ਇੱਕ ਸਾਲ ਤੱਕ ਸੁਰੱਖਿਅਤ ਗੱਡੀ ਚਲਾਉਣ ਮਗਰੋਂ ਖਤਮ ਹੋ ਜਾਣਗੀਆਂ |

ਇੰਟਰਮੀਡੀਏਟ ਲਾਇਸੈਂਸ ਦੇ ਕਾਨੂੰਨ ਗੱਡੀ ਚਲਾਉਂਦੇ ਸਮੇਂ ਤੁਹਾਡੇ ਦੁਆਰਾ ਸੈੱਲ ਫ਼ੋਨਾਂ ਅਤੇ ਵਾਇਰਲੈਸ ਸੰਚਾਰ ਡਿਵਾਈਸਾਂ ਦੇ ਇਸਤੇਮਾਲ 'ਤੇ ਵੀ ਪਾਬੰਦੀ ਲਗਾਉਂਦੇ ਹਨ, ਇੱਥੋਂ ਤੱਕ ਕਿ ਹੈਂਡਸ-ਫ੍ਰੀ ਤਕਨਾਲੋਜੀ ਦੇ ਨਾਲ ਵੀ। ਤੁਸੀਂ ਸਿਰਫ਼ ਕਿਸੇ ਐਮਰਜੈਂਸੀ ਦੀ ਸੂਚਨਾ ਦੇਣ ਲਈ ਆਪਣੇ ਫੋਨ ਦਾ ਇਸਤੇਮਾਲ ਕਰ ਸਕਦੇ ਹੋ।

ਟ੍ਰੈਫਿਕ ਉਲੰਘਣਾਵਾਂ ਅਤੇ ਗਲਤੀ ਨਾਲ ਹੋਣ ਵਾਲੀਆਂ ਟੱਕਰਾਂ ਲਈ ਜੁਰਮਾਨਿਆਂ ਦੀ ਸੂਚੀ ਹੇਠਾਂ ਦਿੱਤੀ ਗਈ ਹੈ।

| **ਉਲੰਘਣਾ** | **ਜੁਰਮਾਨਾ** |
|---|---|
| **ਪਹਿਲਾ** | ਮੌਜੂਦਾ ਪਾਬੰਦੀਆਂ ਤੁਹਾਡੇ 18 ਸਾਲ ਦੇ ਹੋਣ ਤੱਕ ਲਾਗੂ ਰਹਿਣਗੀਆਂ। |
| **ਦੂਜਾ** | ਲਾਇਸੈਂਸ ਨੂੰ 6 ਮਹੀਨਿਆਂ ਲਈ ਜਾਂ ਤੁਹਾਡੇ 18 ਸਾਲ ਦੇ ਹੋਣ ਤੱਕ, ਇਨ੍ਹਾਂ ਵਿੱਚੋਂ ਜੋ ਵੀ ਪਹਿਲਾਂ ਆਵੇ, ਮੁਅੱਤਲ ਕਰ ਦਿੱਤਾ ਜਾਂਦਾ ਹੈ। |
| **ਤੀਜਾ** | ਲਾਇਸੈਂਸ 18 ਸਾਲ ਦੀ ਉਮਰ ਤੱਕ ਮੁਅੱਤਲ ਕਰ ਦਿੱਤਾ ਜਾਂਦਾ ਹੈ। |

**ਅਪਵਾਦ ਜਾਂ ਛੋਟਾਂ**

- **ਖੇਤੀਬਾੜੀ ਦੇ ਉਦੇਸ਼।** ਇੰਟਰਮੀਡੀਏਟ ਡਰਾਈਵਰ ਲਾਇਸੈਂਸ ਧਾਰਕ ਖੇਤੀਬਾੜੀ ਦੇ ਉਦੇਸ਼ਾਂ ਲਈ ਕਿਸੇ ਵੀ ਸਮੇਂ, ਯਾਤਰੀਆਂ ਨਾਲ ਗੱਡੀ ਚਲਾ ਸਕਦੇ ਹਨ।
- **ਸੁਰੱਖਿਅਤ ਡਰਾਈਵਿੰਗ ਦਾ ਇੱਕ ਸਾਲ।** ਜੇ ਇੰਟਰਮੀਡੀਏਟ ਡਰਾਈਵਰ ਲਾਇਸੈਂਸ ਧਾਰਕ ਕਿਸੇ ਵੀ ਦੁਰਘਟਨਾ ਵਿੱਚ ਸ਼ਾਮਲ ਨਹੀਂ ਰਹੇ ਹਨ ਜਾਂ ਉਨ੍ਹਾਂ ਨੇ ਕੋਈ ਟ੍ਰੈਫਿਕ ਅਪਰਾਧ ਨਹੀਂ ਕੀਤਾ ਹੈ ਤਾਂ ਉਹ ਕਿਸੇ ਵੀ ਸਮੇਂ, ਯਾਤਰੀਆਂ ਦੇ ਨਾਲ ਗੱਡੀ ਚਲਾ ਸਕਦੇ ਹਨ।

ਜਦੋਂ ਤੁਸੀਂ 18 ਸਾਲ ਦੇ ਹੋ ਜਾਂਦੇ ਹੋ ਤਾਂ ਤੁਹਾਨੂੰ ਨਵਾਂ ਲਾਇਸੈਂਸ ਲੈਣ ਦੀ ਲੋੜ ਨਹੀਂ ਹੁੰਦੀ। ਇੰਟਰਮੀਡੀਏਟ ਡਰਾਈਵਰ ਲਾਇਸੈਂਸ ਦੀਆਂ ਪਾਬੰਦੀਆਂ ਆਪਣੇ ਆਪ ਹੀ ਹਟ ਜਾਂਦੀਆਂ ਹਨ। ਤੁਸੀਂ ਆਪਣੇ ਡਰਾਈਵਰ ਲਾਇਸੈਂਸ ਦੀ ਇੱਕ ਅੱਪਡੇਟ ਕੀਤੀ ਹੋਈ ਭੌਤਿਕ (ਅਸਲ) ਕਾਪੀ ਪ੍ਰਾਪਤ ਕਰਨ ਲਈ ਆਪਣੇ ਲਾਇਸੈਂਸ ਨੂੰ ਰੀਨਿਊ ਕਰਾਉਣ ਤੱਕ ਦੀ ਉਡੀਕ ਕਰ ਸਕਦੇ ਹੋ।

## ਖੇਤੀਬਾੜੀ ਸੰਬੰਧੀ ਪਰਮਿਟ

ਖੇਤੀਬਾੜੀ ਸੰਬੰਧੀ ਪਰਮਿਟ 18 ਸਾਲ ਤੋਂ ਘੱਟ ਉਮਰ ਦੇ ਡਰਾਈਵਰਾਂ ਨੂੰ ਖੇਤੀਬਾੜੀ ਦੇ ਕੰਮ ਲਈ ਕਿਸੇ ਖਾਸ ਇਲਾਕੇ ਅੰਦਰ ਗੱਡੀ ਚਲਾਉਣ ਦੀ ਇਜਾਜ਼ਤ ਦਿੰਦੇ ਹਨ। ਨੌਜਵਾਨ (ਜੁਵੀਨਾਈਲ) ਖੇਤੀਬਾੜੀ ਪਰਮਿਟ ਵਾਸਤੇ ਨਿਊਨਤਮ ਉਮਰ ਦੀ ਕੋਈ ਲੋੜ ਨਹੀਂ ਹੁੰਦੀ।

ਖੇਤੀਬਾੜੀ ਸੰਬੰਧੀ ਪਰਮਿਟ ਕਿਸੇ ਹਿਦਾਇਤੀ ਪਰਮਿਟ ਦਾ ਸਥਾਨ ਨਹੀਂ ਲੈਂਦਾ। ਤੁਹਾਨੂੰ ਆਪਣਾ ਪਹਿਲਾ ਡਰਾਈਵਰ ਲਾਇਸੈਂਸ ਪ੍ਰਾਪਤ ਕਰਨ ਤੋਂ ਪਹਿਲਾਂ, ਅਜੇ ਵੀ ਇੱਕ ਹਿਦਾਇਤੀ ਪਰਮਿਟ ਪ੍ਰਾਪਤ ਕਰਨਾ ਪਵੇਗਾ ਅਤੇ ਸਾਰੀਆਂ ਡਰਾਈਵਿੰਗ ਅਭਿਆਸ ਲੋੜਾਂ ਨੂੰ ਪੂਰਾ ਕਰਨਾ ਪਵੇਗਾ। ਖੇਤੀਬਾੜੀ ਪਰਮਿਟ ਤੁਹਾਡੇ ਪਹਿਲੇ Washington ਡਰਾਈਵਰ ਲਾਇਸੈਂਸ ਨੂੰ ਪ੍ਰਾਪਤ ਕਰਨ ਦੀਆਂ ਲੋੜਾਂ ਤੋਂ ਛੋਟ ਨਹੀਂ ਦਿੰਦਾ ਹੈ।

### ਸ਼ੁਰੂਆਤੀ ਚੇਤਾਵਨੀ ਚਿੱਠੀਆਂ

DOL 18 ਤੋਂ 21 ਸਾਲ ਦੀ ਉਮਰ ਦੇ ਉਨ੍ਹਾਂ ਸਾਰੇ ਡਰਾਈਵਰਾਂ ਨੂੰ ਚਿੱਠੀ ਭੇਜਦਾ ਹੈ ਜਿਨ੍ਹਾਂ ਖਿਲਾਫ਼ ਗੱਡੀ ਚਲਾਉਂਦਿਆਂ ਉਨ੍ਹਾਂ ਦੀ ਪਹਿਲੀ ਉਲੰਘਣਾ ਦਰਜ ਹੋਈ ਹੈ। ਪਹਿਲੀ ਵਾਰ ਉਲੰਘਣਾ ਕਰਨ ਮਗਰੋਂ ਡਰਾਈਵਰ ਦੇ ਦੁਰਘਟਨਾਗ੍ਰਸਤ ਹੋਣ ਦੀ ਸੰਭਾਵਨਾ ਦੁੱਗਣੀ ਹੋ ਜਾਂਦੀ ਹੈ। ਇੰਟਰਮੀਡੀਏਟ ਡਰਾਈਵਰ ਲਾਇਸੈਂਸ ਧਾਰਕਾਂ ਦੇ ਮਾਪਿਆਂ ਅਤੇ ਸਰਪ੍ਰਸਤਾਂ ਨੂੰ ਵੀ ਉਲੰਘਣਾਵਾਂ ਜਾਂ ਦੁਰਘਟਨਾਵਾਂ ਮਗਰੋਂ ਅਜਿਹੀਆਂ ਚਿੱਠੀਆਂ ਮਿਲਦੀਆਂ ਹਨ। ਇਸ ਚਿੱਠੀ ਦਾ ਉਦੇਸ਼ ਨੌਜਵਾਨ ਡਰਾਈਵਰਾਂ ਨੂੰ ਲਗਾਤਾਰ ਉਲੰਘਣਾਵਾਂ ਨਾਲ ਜੁੜੇ ਜੋਖ਼ਮਾਂ ਦਾ ਅਹਿਸਾਸ ਕਰਾਉਣ ਅਤੇ ਵਾਰ-ਵਾਰ ਹੁੰਦੇ ਅਪਰਾਧਾਂ ਨੂੰ ਘਟਾਉਣ ਵਿੱਚ ਮਦਦ ਕਰਨਾ ਹੁੰਦਾ ਹੈ।

## 1.9 | ਸਿਹਤ

### ਨਜ਼ਰ ਦੀਆਂ ਜਾਂਚਾਂ

DOL ਤੁਹਾਡਾ ਲਾਇਸੈਂਸ ਜਾਰੀ ਕਰਨ ਤੋਂ ਪਹਿਲਾਂ ਤੁਹਾਡੀ ਨਜ਼ਰ ਦੀ ਜਾਂਚ ਕਰੇਗਾ। ਜੇ ਤੁਸੀਂ ਸੁਧਾਰਾਤਮਕ ਐਨਕਾਂ ਜਾਂ ਕੌਂਟੈਕਟ ਲੈਂਸਾਂ ਦਾ ਇਸਤੇਮਾਲ ਕਰਦੇ ਹੋ, ਤਾਂ ਇਹ ਤੁਹਾਡੇ ਲਾਇਸੈਂਸ ਉੱਪਰ ਰਿਕਾਰਡ ਕੀਤਾ ਜਾਵੇਗਾ।

- ਗੱਡੀ ਚਲਾਉਂਦੇ ਸਮੇਂ ਹਮੇਸ਼ਾ ਆਪਣੀਆਂ ਐਨਕਾਂ ਜਾਂ ਕੌਂਟੈਕਟ ਲੈਂਸ ਪਹਿਨਣੇ ਯਾਦ ਰੱਖੋ।
- ਕਿਸੇ ਅੱਖਾਂ ਦੇ ਡਾਕਟਰ ਤੋਂ ਨਿਯਮਤ ਰੂਪ ਵਿੱਚ ਆਪਣੀਆਂ ਅੱਖਾਂ ਦੀ ਜਾਂਚ ਕਰਵਾਓ।

### ਅੰਗ ਦਾਨੀ

ਜਦੋਂ ਤੁਸੀਂ ਆਪਣਾ ਲਾਇਸੈਂਸ ਪ੍ਰਾਪਤ ਕਰੋਗੇ, ਤਾਂ ਤੁਹਾਨੂੰ ਪੁੱਛਿਆ ਜਾਵੇਗਾ ਕਿ ਕੀ ਤੁਸੀਂ ਅੰਗ ਦਾਨੀ ਬਣਨਾ ਚਾਹੁੰਦੇ ਹੋ। ਜੇ ਤੁਸੀਂ ਇਸਦੀ ਚੋਣ ਕਰਦੇ ਹੋ, ਤਾਂ ਦਾਨੀ ਦਿਲ ਵਾਲਾ ਚਿੰਨ੍ਹ ♥ ਤੁਹਾਡੇ ਲਾਇਸੈਂਸ 'ਤੇ ਦਿਖਾਈ ਦੇਵੇਗਾ, ਅਤੇ ਤੁਹਾਡੀ ਜਾਣਕਾਰੀ ਦਾਨੀ ਰਜਿਸਟਰੀ ਨੂੰ ਦੇ ਦਿੱਤੀ ਜਾਵੇਗੀ।

DONATE LIFE TODAY!

**ਵਧੇਰੇ ਜਾਣਕਾਰੀ ਵਾਸਤੇ LifeCenter Northwest ਨਾਲ lcnw.org 'ਤੇ ਸੰਪਰਕ ਕਰੋ ਜਾਂ ਰਜਿਸਟਰੀ ਵੈੱਬਸਾਈਟ donatelifetoday.com 'ਤੇ ਜਾਓ।**

## ਮੈਡੀਕਲ ਸਥਿਤੀਆਂ

ਤੁਹਾਡੇ ਕੋਲ ਆਪਣੇ ਡਰਾਈਵਰ ਲਾਇਸੈਂਸ ਜਾਂ ਆਈਡੀ ਕਾਰਡ ਉੱਪਰ ਅਪਾਹਜਤਾ ਅਤੇਮੈਡੀਕਲ ਸਥਿਤੀਆਂ ਨੂੰ ਜੋੜਨ ਜਾਂ ਹਟਾਉਣ ਦੀ ਚੋਣ ਹੁੰਦੀ ਹੈ। ਕਿਸੇ ਐਮਰਜੈਂਸੀ ਦੀ ਹਾਲਤ ਵਿੱਚ, ਇਹ ਮੈਡੀਕਲ ਸਥਿਤੀਆਂ ਪਹਿਲਾਂ ਪ੍ਰਤੀਕਿਰਿਆ ਦੇਣ ਵਾਲੇ ਕਰਮਚਾਰੀਆਂ ਨੂੰ ਇਹ ਜਾਣਕਾਰੀ ਦਿੰਦੀਆਂ ਹਨ ਕਿ ਤੁਸੀ ਕਿਸ ਤਰ੍ਹਾਂ ਗੱਲਬਾਤ ਕਰਦੇ ਹੋ ਜਾਂ ਉਨ੍ਹਾਂ ਨੂੰ ਕਿਵੇਂ ਸੂਚਿਤ ਕਰਦੇ ਹੋ ਕਿ ਤੁਹਾਨੂੰ ਅਜਿਹੀਆਂ ਸਥਿਤੀਆਂ ਹਨ ਜੋ ਕਿਸੇ ਸਿਹਤ ਸੰਬੰਧੀ ਐਮਰਜੈਂਸੀ ਨੂੰ ਪ੍ਰਭਾਵਤ ਕਰ ਸਕਦੀਆਂ ਹਨ।

ਤੁਸੀਂ ਆਪਣੇ ਰਿਕਾਰਡ ਵਿੱਚ ਹੇਠਾਂ ਦਿੱਤੀਆਂ ਗਈਆਂ ਇੱਕ ਜਾਂ ਵੱਧ ਮੈਡੀਕਲ ਸਥਿਤੀਆਂ ਨੂੰ ਜੋੜ ਸਕਦੇ ਹੋ।




**ਵਿਕਾਸ ਸੰਬੰਧੀ ਅਪਾਹਜਤਾ**




**ਬੋਲ਼ੇ ਜਾਂ ਉੱਚਾ ਸੁਣਨ ਵਾਲੇ**



**ਮੈਡੀਕਲ ਚੇਤਾਵਨੀ**



## 1.10 | ਸਮਰਥਨ

ਮੋਟਰਸਾਈਕਲ ਜਾਂ ਕਮਰਸ਼ੀਅਲ ਮੋਟਰ ਗੱਡੀਆਂ ਚਲਾਉਣ ਵਾਸਤੇ, ਤੁਹਾਨੂੰ ਆਪਣੇ ਨਿੱਜੀ ਡਰਾਈਵਰ ਲਾਇਸੈਂਸ ਵਿੱਚ ਇੱਕ ਵਾਧੂ ਤਸਦੀਕ ਜੋੜਨ ਦੀ ਲੋੜ ਹੁੰਦੀ ਹੈ। ਵਧੇਰੇ ਜਾਣਕਾਰੀ dol.wa.gov 'ਤੇ **ensorsement (ਤਸਦੀਕ)** ਦੀ ਖੋਜ ਕਰਕੇ ਅਤੇ ਆਪਣੀ ਪਸੰਦੀਦਾ ਕਿਸਮ ਤੱਕ ਸਕ੍ਰੌਲ ਕਰਕੇ ਮਿਲ ਸਕਦੀ ਹੈ।

## 1.11 | ਵੱਡੀ ਉਮਰ ਦੇ ਡਰਾਈਵਰ

ਗੱਡੀ ਚਲਾਉਣ ਦੀ ਤੁਹਾਡੀ ਯੋਗਤਾ ਬਾਰੇ ਫੈਸਲਾ ਸਿਰਫ਼ ਉਮਰ ਦੇ ਅਧਾਰ 'ਤੇ ਨਹੀਂ ਹੋਣਾ ਚਾਹੀਦਾ। ਹਾਲਾਂਕਿ, ਨਜ਼ਰ, ਸਰੀਰਕ ਤੰਦਰੁਸਤੀ ਅਤੇ ਜਵਾਬੀ ਪ੍ਰਤੀਕਿਰਿਆ (ਰਿਫ਼ਲੈਕਸਾਂ) ਵਿੱਚ ਤਬਦੀਲੀਆਂ ਸੁਰੱਖਿਆ ਚਿੰਤਾਵਾਂ ਪੈਦਾ ਕਰ ਸਕਦੀਆਂ ਹਨ। ਉਮਰ ਨਾਲ ਸੰਬੰਧਿਤ ਤਬਦੀਲੀਆਂ ਦਾ ਸਹੀ ਢੰਗ ਨਾਲ ਮੁਲਾਂਕਣ ਕਰਕੇ, ਤੁਸੀਂ ਸੜਕ 'ਤੇ ਸੁਰੱਖਿਅਤ ਰਹਿਣ ਵਾਸਤੇ ਗੱਡੀ ਚਲਾਉਣ ਸੰਬੰਧੀ ਆਪਣੀਆਂ ਆਦਤਾਂ ਨੂੰ ਬਦਲ ਸਕਦੇ ਹੋ ਜਾਂ ਕਿਸੇ ਹੋਰ ਪ੍ਰਕਾਰ ਦੀ ਆਵਾਜਾਈ ਦੀ ਚੋਣ ਕਰ ਸਕਦੇ ਹੋ।

ਜੇ ਤੁਹਾਨੂੰ ਆਪਣੀ ਨਜ਼ਰ, ਸਰੀਰਕ ਤੰਦਰੁਸਤੀ, ਧਿਆਨ, ਜਾਂ ਅਚਾਨਕ ਤਬਦੀਲੀਆਂ ਪ੍ਰਤੀ ਛੇਤੀ ਪ੍ਰਤੀਕਿਰਿਆ ਦੇਣ ਦੀ ਯੋਗਤਾ ਵਿੱਚ ਕੋਈ ਬਦਲਾਅ ਦਿਖਾਈ ਦਿੱਤਾ ਹੈ, ਤਾਂ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਇਹ ਬਦਲਾਅ ਸੁਰੱਖਿਅਤ ਢੰਗ ਨਾਲ ਗੱਡੀ ਚਲਾਉਣ ਦੀ ਤੁਹਾਡੀ ਯੋਗਤਾ 'ਤੇ ਕਿਹੋ ਜਿਹਾ ਅਸਰ ਪਾ ਰਹੇ ਹੋ ਸਕਦੇ ਹਨ। ਡਰਾਈਵਿੰਗ ਸੇਫ਼ਲੀ ਵ੍ਹਾਈਲ ਏਜਿੰਗ ਗ੍ਰੇਸਫੁਲੀ (Driving Safely While Aging Gracefully) USAA - ਯੂਨਾਈਟਡ ਸਰਵਿਸਿਜ਼ ਆਟੋਮੋਬਾਈਲ ਐਸੋਸਿਏਸ਼ਨ ਐਜੂਕੇਸ਼ਨਲ ਫਾਊਂਡੇਸ਼ਨ, ਨੈਸ਼ਨਲ ਹਾਈਵੇਅ ਟ੍ਰੈਫਿਕ ਸੇਫਟੀ ਐਡਮਿਨਿਸਟ੍ਰੇਸ਼ਨ (National Highway Traffic Safety Administration), ਅਤੇ AARP stands for American Association of Retired Persons ਦੁਆਰਾ ਤਿਆਰ ਕੀਤਾ ਗਿਆ ਇੱਕ ਸੰਸਾਧਨ ਹੈ। ਇਹ ਚੇਤਾਵਨੀ ਦੇ ਸੰਕੇਤਾਂ ਨੂੰ ਪਛਾਣਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ ਅਤੇ ਇੱਕ ਸੁਰੱਖਿਅਤ ਡਰਾਈਵਰ ਬਣੇ ਰਹਿਣ ਵਾਸਤੇ ਤੁਸੀਂ ਕੀ ਕਰ ਸਕਦੇ ਹੋ, ਇਸ ਬਾਰੇ ਲਾਹੇਵੰਦ ਸੁਝਾਅ ਦੇ ਸਕਦਾ ਹੈ। ਗਾਈਡ ਡਾਊਨਲੋਡ ਕਰਨ ਵਾਸਤੇ nhtsa.gov 'ਤੇ ਜਾਓ ਅਤੇ ਹੋਮ ਪੇਜ ਦੇ ਸਿਖਰ 'ਤੇ ਸਰਚ ਬਾਰ ਵਿੱਚ **driving safely (ਸੁਰੱਖਿਅਤ ਢੰਗ ਨਾਲ ਗੱਡੀ ਚਲਾਉਣਾ)** ਦੀ ਖੋਜ ਕਰੋ।

## 1.12 | ਨਿੱਜੀ ਡਰਾਈਵਰ ਲਾਇਸੈਂਸ ਪ੍ਰੀਖਿਆਵਾਂ

### ਦੋ ਪ੍ਰੀਖਿਆਵਾਂ

ਇਸ ਤੋਂ ਪਹਿਲਾਂ ਕਿ ਤੁਸੀਂ ਇੱਕ ਲਾਇਸੈਂਸ ਪ੍ਰਾਪਤ ਡਰਾਈਵਰ ਬਣ ਸਕੋ, ਤੁਹਾਨੂੰ ਦੋ ਪ੍ਰੀਖਿਆਵਾਂ ਪਾਸ ਕਰਨੀਆਂ ਪੈਣਗੀਆਂ।

**ਡਰਾਈਵਿੰਗ ਦੀ ਗਿਆਨ ਪ੍ਰੀਖਿਆ**

- ਡਰਾਈਵਿੰਗ ਗਿਆਨ ਪ੍ਰੀਖਿਆ Washington ਦੇ ਸੜਕ ਨਿਯਮਾਂ ਬਾਰੇ ਤੁਹਾਡੀ ਸਮਝ ਦਾ ਮੁਲਾਂਕਣ ਕਰਦੀ ਹੈ।
- ਇਸ ਤੋਂ ਪਹਿਲਾਂ ਕਿ ਤੁਸੀਂ ਡਰਾਈਵਿੰਗ ਹੁਨਰ ਪ੍ਰੀਖਿਆ ਦੇ ਸਕੋ, ਤੁਹਾਨੂੰ ਗਿਆਨ ਪ੍ਰੀਖਿਆ ਪਾਸ ਕਰਨੀ ਪਵੇਗੀ।
- ਗਿਆਨ ਪ੍ਰੀਖਿਆ ਪਾਸ ਕਰਨ ਤੋਂ ਬਾਅਦ, ਤੁਹਾਡੇ ਕੋਲ ਹੁਨਰ ਪ੍ਰੀਖਿਆ ਪੂਰੀ ਕਰਨ ਲਈ ਦੋ ਸਾਲ ਹੁੰਦੇ ਹਨ।

**ਡਰਾਈਵਿੰਗ ਹੁਨਰ ਪ੍ਰੀਖਿਆ**

- ਡਰਾਈਵਿੰਗ ਹੁਨਰ ਪ੍ਰੀਖਿਆ Washington ਦੇ ਸੜਕ ਨਿਯਮਾਂ ਨੂੰ ਲਾਗੂ ਕਰਨ ਦੀ ਤੁਹਾਡੀ ਯੋਗਤਾ ਦਾ ਮੁਲਾਂਕਣ ਕਰਦੀ ਹੈ।

- ਪ੍ਰੀਖਿਆ ਦੇ ਦੌਰਾਨ ਗੱਡੀ ਵਿੱਚ ਸਿਰਫ਼ ਤੁਹਾਨੂੰ ਅਤੇ ਪ੍ਰੀਖਿਅਕ ਨੂੰ ਹੀ ਜਾਣ ਦੀ ਇਜਾਜ਼ਤ ਹੁੰਦੀ ਹੈ। ਅਸੀਂ ਸੇਵਾ ਪ੍ਰਦਾਨ ਕਰਨ ਵਾਲੇ ਜਾਨਵਰਾਂ ਅਤੇ ਮੂਕ-ਬਧਿਰ ਭਾਸ਼ਾ ਦੇ ਦੁਭਾਸ਼ੀਆਂ ਨੂੰ ਇਨ੍ਹਾਂ ਨਿਯਮਾਂ ਤੋਂ ਬਾਹਰ ਰੱਖਦੇ ਹਾਂ।
- ਡਰਾਈਵਿੰਗ ਪ੍ਰੀਖਿਆ ਵਾਸਤੇ ਕਨੂੰਨੀ ਤੌਰ 'ਤੇ ਲਾਇਸੈਂਸ ਪ੍ਰਾਪਤ ਅਤੇ ਰਜਿਸਟਰਡ ਗੱਡੀ ਦੀ ਵਰਤੋਂ ਕਰਨੀ ਲਾਜ਼ਮੀ ਹੁੰਦੀ ਹੈ। ਗੱਡੀ ਵਿੱਚ ਮੌਜੂਦਾ ਦੇਣਦਾਰੀ ਬੀਮੇ ਦਾ ਸਬੂਤ ਹੋਣਾ ਜ਼ਰੂਰੀ ਹੈ (ਜੋ ਪਾਲਿਸੀ ਧਾਰਕ ਦਾ ਨਾਮ ਜਾਂ ਗੱਡੀ ਦਾ ਵੇਰਵਾ ਦਿਖਾਉਂਦਾ ਹੋਵੇ) ਅਤੇ ਇਹ ਸੁਰੱਖਿਅਤ ਚੱਲਣ ਵਾਲੀ ਸਥਿਤੀ ਵਿੱਚ ਹੋਣੀ ਲਾਜ਼ਮੀ ਹੈ। ਬ੍ਰੇਕ ਲਾਈਟਾਂ, ਸਿਗਨਲ ਲਾਈਟਾਂ, ਅਤੇ ਸੀਟ ਬੈਲਟਾਂ ਕੰਮ ਕਰਦੀਆਂ ਹੋਣ। ਤੁਹਾਡਾ ਪ੍ਰੀਖਿਅਕ ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਸਾਰੀਆਂ ਲੋੜਾਂ ਦੀ ਪੁਸ਼ਟੀ ਕਰੇਗਾ।




## ਪ੍ਰੀਖਿਆਵਾਂ ਦੇਣਾ

ਤੁਸੀਂ ਆਪਣੇ ਡਰਾਈਵਰ ਲਾਇਸੈਂਸ ਦੀ ਪ੍ਰੀਖਿਆ ਦੋ ਤਰੀਕਿਆਂ ਨਾਲ ਦੇ ਸਕਦੇ ਹੋ।

- dol.wa.gov 'ਤੇ **approved driver training school (ਅਨੁਮੋਦਿਤ ਡਰਾਈਵਰ ਟ੍ਰੇਨਿੰਗ ਸਕੂਲ)।** ਦੀ ਖੋਜ ਕਰਕੇ ਡਰਾਈਵਰ ਟ੍ਰੇਨਿੰਗ ਸਕੂਲ ਦਾ ਪ੍ਰੀਖਿਆ ਕੇਂਦਰ ਲੱਭੋ।
- License Express ਵਿੱਚ ਡਰਾਈਵਰ ਲਾਇਸੈਂਸਿੰਗ ਦਫ਼ਤਰ ਵਿਖੇ ਅਪੌਇੰਟਮੈਂਟ ਦਾ ਸਮਾਂ ਨਿਰਧਾਰਤ ਕਰੋ।




## 1.13 | ਡਰਾਈਵਰ ਟ੍ਰੇਨਿੰਗ ਸਿੱਖਿਆ

18 ਸਾਲ ਤੋਂ ਘੱਟ ਉਮਰ ਦੇ ਨਵੇਂ ਡਰਾਈਵਰਾਂ ਲਈ ਕੋਰਸ ਪ੍ਰਦਾਨ ਕਰਨ ਵਾਸਤੇ ਅਨੁਮੋਦਿਤ ਡਰਾਈਵਰ ਟ੍ਰੇਨਿੰਗ ਸਕੂਲਾਂ ਵਿੱਚ ਕਿਸੇ ਲਾਇਸੰਸ ਪ੍ਰਾਪਤ ਇੰਸਟ੍ਰਕਟਰ ਤੋਂ **ਕਲਾਸਰੂਮ ਵਿੱਚ ਪੜ੍ਹਾਈ** ਅਤੇ **ਗੱਡੀ ਚਲਾਉਣ ਦੀ ਟ੍ਰੇਨਿੰਗ** ਦਿੱਤੀ ਜਾਵੇਗੀ।

ਸਕੂਲ ਦੇ ਵਿਕਲਪਾਂ ਵਿੱਚ ਪ੍ਰਾਈਵੇਟ ਡਰਾਈਵਰ ਟ੍ਰੇਨਿੰਗ ਸਕੂਲ ਅਤੇ ਚੋਣਵੇਂ ਸਕੂਲ ਡਿਸਟ੍ਰਿਕਟ ਸ਼ਾਮਲ ਹੁੰਦੇ ਹਨ। ਮਨਜ਼ੂਰਸ਼ੁਦਾ ਸਕੂਲਾਂ ਅਤੇ ਉਨ੍ਹਾਂ ਦੀਆਂ ਸੇਵਾਵਾਂ ਦਾ ਨਕਸ਼ਾ dol.wa.gov 'ਤੇ **driver training school (ਡਰਾਈਵਰ ਟ੍ਰੇਨਿੰਗ ਸਕੂਲ)** ਦੀ ਖੋਜ ਕਰਕੇ ਲੱਭਿਆ ਜਾ ਸਕਦਾ ਹੈ।

### 18 ਸਾਲ ਤੋਂ ਵੱਧ

18 ਸਾਲ ਤੋਂ ਵੱਧ ਉਮਰ ਦੇ ਜਿਨ੍ਹਾਂ ਡਰਾਈਵਰਾਂ ਨੇ ਡਰਾਈਵਰ ਟ੍ਰੇਨਿੰਗ ਦਾ ਕੋਰਸ ਪੂਰਾ ਨਹੀਂ ਕੀਤਾ ਹੈ, ਉਨ੍ਹਾਂ ਨੂੰ ਦੁਰਘਟਨਾ ਦਾ ਖਤਰਾ ਵਧੇਰੇ ਰਹਿੰਦਾ ਹੈ। ਇਸ ਨਾਲ ਨਜਿੱਠਣ ਲਈ, ਕੁਝ ਡਰਾਈਵਰ ਟ੍ਰੇਨਿੰਗ ਸਕੂਲ 18 ਸਾਲ ਤੋਂ ਵੱਧ ਉਮਰ ਦੇ ਨਵੇਂ ਡਰਾਈਵਰਾਂ ਲਈ ਬਾਲਗ ਟ੍ਰੈਫਿਕ ਸੁਰੱਖਿਆ ਕੋਰਸ ਵੀ ਪ੍ਰਦਾਨ ਕਰਦੇ ਹਨ। ਤੁਸੀਂ ਇਹ ਕਲਾਸਾਂ ਇੱਕ ਨੌਸਿਖੀਏ ਡਰਾਈਵਰ ਦੇ ਰੂਪ ਵਿੱਚ, ਅਮਰੀਕਾ ਵਿੱਚ ਨਵੇਂ ਆਏ ਇੱਕ ਵਿਅਕਤੀ ਦੇ ਰੂਪ ਵਿੱਚ, ਜਾਂ ਇੱਕ ਰਿਫ੍ਰੈਸ਼ਰ ਵਜੋਂ ਲੈ ਸਕਦੇ ਹੋ। ਉਚਿਤ ਟ੍ਰੇਨਿੰਗ ਅਤੇ ਹੁਨਰਾਂ ਦੀ ਸਮੀਖਿਆ ਕਿਸੇ ਵੀ ਉਮਰ ਲਈ ਵਧੀਆ ਰਹਿੰਦੀ ਹੈ।

## 1.14 | ਨਵੇਂ ਡਰਾਈਵਰਾਂ ਦੇ ਸਰਪ੍ਰਸਤਾਂ ਲਈ

ਤਜਰਬੇਕਾਰ ਡਰਾਈਵਿੰਗ ਸਲਾਹਕਾਰ (ਮੈਂਟੌਰ) ਨਵੇਂ ਡਰਾਈਵਰਾਂ ਵਾਸਤੇ ਇੱਕ ਸ਼ਾਨਦਾਰ ਸੋਮਾ ਹੋ ਸਕਦੇ ਹਨ। ਸੁਰੱਖਿਅਤ ਰੂਪ ਵਿੱਚ ਗੱਡੀ ਚਲਾਉਣ ਦੇ ਵਿਵਹਾਰਾਂ ਦਾ ਨਮੂਨਾ ਪੇਸ਼ ਕਰਨਾ ਅਤੇ ਸਪਸ਼ਟ ਸੰਚਾਰ ਅਜਿਹੇ ਦੋ ਤਰੀਕੇ ਹਨ ਜਿਨ੍ਹਾਂ ਨਾਲ ਮੈਂਟੌਰ ਕਿਸੇ ਨੌਜਵਾਨ ਡਰਾਈਵਰ ਦੀ ਸਿੱਖਿਆ ਵਿੱਚ ਸ਼ਾਮਲ ਹੋ ਸਕਦੇ ਹਨ।

ਡਰਾਈਵਰ ਟ੍ਰੇਨਿੰਗ ਕੋਰਸਾਂ ਲਈ 18 ਸਾਲ ਤੋਂ ਘੱਟ ਉਮਰ ਦੇ ਵਿਦਿਆਰਥੀਆਂ ਵਾਸਤੇ ਉਨ੍ਹਾਂ ਦੇ ਮਾਪਿਆਂ ਨੂੰ ਇੱਕ ਓਰੀਐਂਟੇਸ਼ਨ ਕਲਾਸ ਦੀ ਪੇਸ਼ਕਸ਼ ਕਰਨਾ ਜ਼ਰੂਰੀ ਹੁੰਦਾ ਹੈ। ਇਨ੍ਹਾਂ ਸੈਸ਼ਨਾਂ ਵਿੱਚ ਸ਼ਾਮਲ ਹੋਣ ਨਾਲ ਮੈਂਟੌਰ ਪ੍ਰੋਗਰਾਮ ਨਾਲ ਜਾਣੂ ਹੋ ਜਾਣਗੇ ਅਤੇ ਇਸ ਤੋਂ ਇਲਾਵਾ ਉਨ੍ਹਾਂ ਨੂੰ 40 ਘੰਟੇ ਦਿਨ ਦੇ ਚਾਨਣੇ ਵਿੱਚ ਅਤੇ 10 ਘੰਟੇ ਰਾਤ ਵੇਲੇ ਗੱਡੀ ਚਲਾਉਣ ਦੀ ਲੋੜ ਬਾਰੇ ਹੋਰ ਵਿਸਤਾਰ ਨਾਲ ਦੱਸਿਆ ਜਾਵੇਗਾ।

ਵਾਧੂ ਸਰੋਤ dol.wa.gov 'ਤੇ **teen safe driving agreement (ਕਿਸ਼ੋਰ ਨੌਜਵਾਨਾਂ ਲਈ ਸੁਰੱਖਿਅਤ ਡਰਾਈਵਿੰਗ ਸਮਝੌਤਾ)** ਦੀ ਖੋਜ ਕਰਕੇ ਲੱਭੇ ਜਾ ਸਕਦੇ ਹਨ।

## 1.15 | ਆਪਣੇ ਲਾਇਸੰਸ ਨੂੰ ਕਾਇਮ ਰੱਖਣਾ

### ਆਪਣੇ ਡਰਾਈਵਰ ਲਾਇਸੈਂਸ ਨੂੰ ਬਦਲਵਾਉਣਾ

ਜੇ ਤੁਹਾਡਾ ਲਾਇਸੈਂਸ ਗੁੰਮ, ਚੋਰੀ, ਜਾਂ ਖਰਾਬ ਹੋ ਜਾਂਦਾ ਹੈ, ਜਾਂ ਪੜ੍ਹਨਯੋਗ ਨਹੀਂ ਰਹਿੰਦਾ ਹੈ, ਤਾਂ ਤੁਸੀਂ ਰਿਪਲੇਸਮੈਂਟ (ਬਦਲਵਾਉਣ) ਲਈ dol.wa.gov 'ਤੇ ਔਨਲਾਈਨ ਅਰਜ਼ੀ ਦੇ ਸਕਦੇ ਹੋ। ਤੁਸੀਂ ਕਿਸੇ ਵੀ ਡਰਾਈਵਰ ਲਾਇਸੈਂਸਿੰਗ ਦਫ਼ਤਰ ਵਿਖੇ ਆਪ ਜਾ ਕੇ ਵੀ ਡੁਪਲੀਕੇਟ ਲਾਇਸੈਂਸ ਦੀ ਬੇਨਤੀ ਕਰ ਸਕਦੇ ਹੋ।

### ਆਪਣੇ ਡਰਾਈਵਰ ਲਾਇਸੈਂਸ ਨੂੰ ਰੀਨਿਊ ਕਰਾਉਣਾ

- ਤੁਹਾਡੇ ਲਾਇਸੈਂਸ ਦੀ ਮਿਆਦ ਪੁੱਗਣ ਦੀ ਤਾਰੀਖ਼ ਲਾਇਸੈਂਸ ਦੇ ਹੇਠਾਂ ਮਿਲ ਸਕਦੀ ਹੈ। ਤੁਸੀਂ ਆਪਣੇ ਲਾਇਸੈਂਸ ਦੀ ਮਿਆਦ ਪੁੱਗਣ ਤੋਂ ਇੱਕ ਸਾਲ ਪਹਿਲਾਂ ਤੱਕ ਇਸਨੂੰ ਰੀਨਿਊ ਕਰਵਾ ਸਕਦੇ ਹੋ।
- ਲਾਇਸੈਂਸ ਐਕਸਪ੍ਰੈਸ ਰਾਹੀਂ ਔਨਲਾਈਨ ਰੀਨਿਊ ਕਰਵਾਓ, ਜਾਂ ਡਰਾਈਵਰ ਲਾਇਸੈਂਸਿੰਗ ਦਫ਼ਤਰ ਵਿੱਚ ਜਾ ਕੇ ਕਰਵਾਓ।

### ਮਿਆਦ ਪੁੱਗਿਆ ਲਾਇਸੈਂਸ

- ਜੇ ਤੁਸੀਂ ਆਪਣੇ ਲਾਇਸੈਂਸ ਦੀ ਮਿਆਦ ਪੁੱਗਣ ਤੋਂ ਬਾਅਦ ਇਸਨੂੰ ਰੀਨਿਊ ਕਰਾਉਂਦੇ ਹੋ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਵਾਧੂ ਫੀਸ ਦਾ ਭੁਗਤਾਨ ਕਰਨਾ ਪਵੇ।
- ਜੇ ਤੁਹਾਡੇ ਲਾਇਸੈਂਸ ਦੀ ਮਿਆਦ ਪੁੱਗੇ ਨੂੰ 8 ਸਾਲ ਜਾਂ ਇਸ ਤੋਂ ਵੱਧ ਸਮਾਂ ਹੋ ਗਿਆ ਹੈ, ਤਾਂ ਤੁਹਾਨੂੰ ਹੁਨਰਾਂ ਅਤੇ ਗਿਆਨ ਸੰਬੰਧੀ ਪ੍ਰੀਖਿਆਵਾਂ ਫਿਰ ਤੋਂ ਦੇਣੀਆਂ ਪੈਣਗੀਆਂ।

## ਆਪਣੇ ਗੱਡੀ ਚਲਾਉਣ ਦੇ ਵਿਸ਼ੇਸ਼ ਅਧਿਕਾਰ ਗੁਆ ਬੈਠਣਾ

ਗੱਡੀ ਚਲਾਉਣਾ ਇੱਕ ਵੱਡੀ ਜ਼ਿੰਮੇਵਾਰੀ ਹੁੰਦੀ ਹੈ। ਤੁਹਾਨੂੰ ਹਰ ਵੇਲੇ ਸੁਰੱਖਿਅਤ ਢੰਗ ਨਾਲ ਗੱਡੀ ਚਲਾਉਣੀ ਚਾਹੀਦੀ ਹੈ। ਡਰਾਈਵਰ ਕਈ ਕਾਰਨਾਂ ਕਰਕੇ ਗੱਡੀ ਚਲਾਉਣ ਦੇ ਵਿਸ਼ੇਸ਼ ਅਧਿਕਾਰ ਗੁਆ ਬੈਠਦੇ ਹਨ, ਜਿਨ੍ਹਾਂ ਵਿੱਚ ਹੇਠਾਂ ਦਿੱਤੇ ਕਾਰਨ ਵੀ ਸ਼ਾਮਲ ਹਨ।

- ਇੰਟਰਮੀਡੀਏਟ ਲਾਇਸੈਂਸ ਪਾਬੰਦੀਆਂ ਦੀ ਉਲੰਘਣਾ ਕਰਨਾ
- ਨਾਬਾਲਗ ਹੋਣ 'ਤੇ ਸ਼ਰਾਬ, ਨਸ਼ੀਲੀਆਂ ਦਵਾਈਆਂ, ਜਾਂ ਹਥਿਆਰ ਰੱਖਣਾ
- ਗੱਡੀ ਚਲਾਉਂਦੇ ਸਮੇਂ ਹੋਈਆਂ ਉਲੰਘਣਾਵਾਂ ਦਾ ਇਕੱਠਾ ਹੋਣਾ
- ਮੁਅੱਤਲ ਜਾਂ ਰੱਦ ਕੀਤੇ ਹੋਏ ਲਾਇਸੈਂਸ ਨਾਲ ਗੱਡੀ ਚਲਾਉਣਾ
- ਕਾਨੂੰਨ ਲਾਗੂ ਕਰਨ ਵਾਲਿਆਂ ਤੋਂ ਭੱਜਣਾ
- ਨਸ਼ੇ ਦੇ ਅਸਰ ਹੇਠ ਗੱਡੀ ਚਲਾਉਣਾ
- ਰੇਸ ਲਗਾਉਣਾ ਜਾਂ ਲਾਪਰਵਾਹੀ ਨਾਲ ਗੱਡੀ ਚਲਾਉਣਾ
- ਕਿਸੇ ਉਸਾਰੀ ਜਾਂ ਐਮਰਜੈਂਸੀ ਵਰਕਰ ਨੂੰ ਖਤਰੇ ਵਿੱਚ ਪਾਉਣਾ
- ਅਣ-ਸੁਲਝਿਆਂ ਟ੍ਰੈਫਿਕ ਟਿਕਟਾਂ ਦਾ ਇਕੱਠਾ ਹੋਣਾ
- ਗੱਡੀ ਨਾਲ ਹਮਲਾ ਕਰਨਾ, ਗੱਡੀ ਨਾਲ ਹੱਤਿਆ ਕਰਨਾ, ਜਾਂ ਟੱਕਰ ਮਾਰ ਕੇ ਭੱਜ ਜਾਣਾ
- ਮੋਟਰ ਵਾਹਨ ਨਾਲ ਸੰਬੰਧਿਤ ਕੋਈ ਸੰਗੀਨ ਜੁਰਮ ਕਰਨਾ
- ਬੀਮੇ ਤੋਂ ਬਗੈਰ ਗੱਡੀ ਚਲਾਉਣਾ
- ਯੋਗਤਾ ਮੁਲਾਂਕਣ ਵਿੱਚ ਫ਼ੇਲ੍ਹ ਹੋ ਜਾਣਾ

ਵਧੇਰੇ ਜਾਣਕਾਰੀ ਲਈ, dol.wa.gov 'ਤੇ **license suspensions (ਲਾਇਸੈਂਸ ਮੁਅੱਤਲੀਆਂ)** ਦੀ ਖੋਜ ਕਰੋ।

## ਸ਼ਰਾਬ, ਨਸ਼ੀਲੀਆਂ ਦਵਾਈਆਂ ਅਤੇ ਹਥਿਆਰਾਂ ਸੰਬੰਧੀ ਉਲੰਘਣਾਵਾਂ

ਜਿਨ੍ਹਾਂ ਨਾਬਾਲਗਾਂ 'ਤੇ ਸ਼ਰਾਬ, ਨਸ਼ੀਲੀਆਂ ਦਵਾਈਆਂ, ਜਾਂ ਹਥਿਆਰਾਂ ਸੰਬੰਧੀ ਕੋਈ ਜੁਰਮ ਲੱਗਿਆ ਹੁੰਦਾ ਹੈ, ਉਨ੍ਹਾਂ ਨਾਬਾਲਗਾਂ ਦੇ ਲਾਇਸੈਂਸ ਨੂੰ ਉਨ੍ਹਾਂ ਦੇ 17 ਸਾਲ ਦੇ ਹੋਣ ਤੱਕ ਮੁਲਤਵੀ ਕੀਤੇ ਜਾਣ ਦਾ ਖਤਰਾ ਹੁੰਦਾ ਹੈ।

ਜਦੋਂ ਤੁਸੀਂ ਆਪਣਾ ਡਰਾਈਵਿੰਗ ਲਾਇਸੈਂਸ ਵਾਪਸ ਲੈਣ ਦੇ ਯੋਗ ਹੋ ਜਾਂਦੇ ਹੋ, ਤਾਂ ਤੁਹਾਨੂੰ ਗੱਡੀ ਚਲਾਉਣ ਸੰਬੰਧੀ ਗਿਆਨ ਅਤੇ ਹੁਨਰਾਂ ਦੀਆਂ ਪ੍ਰੀਖਿਆਵਾਂ ਦੇਣੀਆਂ ਪੈਣਗੀਆਂ (ਭਾਵੇਂ ਤੁਸੀਂ ਪਹਿਲਾਂ ਹੀ ਪ੍ਰੀਖਿਆ ਦੇ ਚੁੱਕੇ ਹੋਵੋ)। ਤੁਹਾਨੂੰ ਆਮ ਟੈਸਟਿੰਗ ਅਤੇ ਲਾਇਸੈਂਸਿੰਗ ਫੀਸ ਤੋਂ ਇਲਾਵਾ ਲਾਇਸੈਂਸ ਦੁਬਾਰਾ ਜਾਰੀਕਰਣ ਫੀਸ ਦਾ ਵੀ ਭੁਗਤਾਨ ਕਰਨਾ ਪਵੇਗਾ। ਜੇ ਤੁਸੀਂ 18 ਸਾਲ ਤੋਂ ਘੱਟ ਉਮਰ ਦੇ ਹੋ, ਤਾਂ ਤੁਹਾਨੂੰ ਮਾਤਾ ਜਾਂ ਪਿਤਾ ਜਾਂ ਸਰਪ੍ਰਸਤ ਦੀ ਸਹਿਮਤੀ ਲੈਣ ਦੀ ਵੀ ਲੋੜ ਹੋਵੇਗੀ।

## ਨਸ਼ੇ ਦੇ ਅਸਰ ਹੇਠ ਗੱਡੀ ਚਲਾਉਣਾ (DUI)



Washington ਵਿੱਚ, ਸ਼ਰਾਬ ਜਾਂ ਨਸ਼ੀਲੀਆਂ ਦਵਾਈਆਂ ਦੇ ਅਸਰ ਹੇਠ ਗੱਡੀ ਚਲਾਉਣਾ ਗੈਰ-ਕਨੂੰਨੀ ਹੈ (RCW (Revised Code of Washington, [ਵਾਸ਼ਿੰਗਟਨ ਦਾ ਸੋਧਿਆ ਹੋਇਆ ਕੋਡ]) 46.61.502))। ਨਸ਼ੇ ਦੇ ਅਸਰ ਹੇਠ ਗੱਡੀ ਚਲਾਉਣ ਦੇ ਜਾਨਲੇਵਾ ਅਤੇ ਕਨੂੰਨੀ ਨਤੀਜੇ ਭੁਗਤਣੇ ਪੈਂਦੇ ਹਨ। DUI (Driving under the influence, ਨਸ਼ੇ ਦੇ ਅਸਰ ਹੇਠ ਗੱਡੀ ਚਲਾਉਣਾ) ਤੁਹਾਡੇ ਕੋਲ ਗੱਡੀ ਦਾ ਕੰਟਰੋਲ ਹੋਣ 'ਤੇ ਵੀ ਲਾਗੂ ਹੁੰਦਾ ਹੈ, ਭਾਵੇਂ ਇਹ ਖੜ੍ਹੀ ਕਿਉਂ ਨਾ ਹੋਵੇ (RCW 46.61.503). ਜੇ ਤੁਹਾਡੇ ਕੋਲ ਕਿਸੇ ਗੱਡੀ ਦੇ ਇੰਜਣ ਜਾਂ ਸੰਚਾਲਨ ਦਾ ਕੰਟਰੋਲ ਲੈਣ ਦੀ ਕਾਬਲੀਅਤ ਹੈ, ਤਾਂ ਤੁਹਾਨੂੰ ਉਸ ਗੱਡੀ ਜਾਂ ਵਾਹਨ ਦਾ ਭੌਤਿਕ ਨਿਯੰਤਰਣ ਰੱਖਣ ਵਾਲਾ ਮੰਨਿਆ ਜਾਂਦਾ ਹੈ। **ਇੰਪਲਾਈਡ ਕੰਸੈਂਟ ਲਾੱਅ (Implied Consent Law)** (RCW 46.20.308) ਦੇ ਤਹਿਤ, Washington ਵਿੱਚ ਗੱਡੀ ਚਲਾਉਣ ਵਾਲਾ ਹਰ ਵਿਅਕਤੀ ਇਸ ਗੱਲ 'ਤੇ ਸਹਿਮਤ ਹੁੰਦਾ ਹੈ ਕਿ ਜੇ ਕਿਸੇ ਅਧਿਕਾਰੀ ਨੂੰ ਇਹ ਸ਼ੱਕ ਹੈ ਕਿ ਉਹ ਵਿਅਕਤੀ ਸ਼ਰਾਬ ਜਾਂ ਨਸ਼ੀਲੀਆਂ ਦਵਾਈਆਂ ਦੇ ਅਸਰ ਹੇਠ ਹੈ ਤਾਂ ਉਸਦੀ ਜਾਂਚ ਕੀਤੀ ਜਾਵੇਗੀ।

### ਖੂਨ ਵਿੱਚ ਅਲਕੋਹਲ ਦੀ ਸੰਘਣਤਾ (BAC)

BAC (Blood Alcohol Concentration, ਖੂਨ ਵਿੱਚ ਅਲਕੋਹਲ ਦੀ ਸੰਘਣਤਾ) ਟੈਸਟ ਇਹ ਮਾਪਦਾ ਹੈ ਕਿ ਤੁਹਾਡੇ ਸਰੀਰ ਵਿੱਚ ਕਿੰਨੀ ਅਲਕੋਹਲ ਹੈ। 21 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਡਰਾਈਵਰਾਂ ਵਾਸਤੇ, .08% ਜਾਂ ਇਸ ਤੋਂ ਵੱਧ BAC ਹੋਣ ਨੂੰ ਇੱਕ DUI ਮੰਨਿਆ ਜਾਂਦਾ ਹੈ ਅਤੇ ਇਸਦੇ ਨਤੀਜੇ ਵਜੋਂ ਕਾਨੂੰਨੀ ਨਤੀਜੇ ਭੁਗਤਣੇ ਪੈ ਸਕਦੇ ਹਨ। 21 ਸਾਲ ਤੋਂ ਘੱਟ ਉਮਰ ਦੇ ਡਰਾਈਵਰਾਂ ਨੂੰ 0.02% BAC ਹੋਣ ਦੇ ਉਹੀ ਸੰਭਾਵੀ ਨਤੀਜੇ ਭੁਗਤਣੇ ਪੈਂਦੇ ਹਨ।

### ਟੈਟਰਾਹਾਈਡ੍ਰੋਕੇਨਾਬਿਨੋਲ (THC) ਕੈਨਾਬਿਸ ਦੀ ਮਾਤਰਾ

THC (Tetrahydrocannabinol, ਟੈਟਰਾਹਾਈਡ੍ਰੋਕੇਨਾਬਿਨੋਲ) ਟੈਸਟ ਇਹ ਮਾਪਦਾ ਹੈ ਕਿ ਤੁਹਾਡੇ ਸਰੀਰ ਵਿੱਚ ਕਿੰਨੀ THC ਹੈ। 21 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਡਰਾਈਵਰਾਂ ਲਈ, ਉਨ੍ਹਾਂ ਦੇ ਸਰੀਰ ਵਿੱਚ ਪ੍ਰਤੀ ਮਿਲੀਲਿਟਰ ਖੂਨ ਵਿੱਚ 5 ਨੈਨੋਗ੍ਰਾਮ ਤੋਂ ਵੱਧ ਕਿਰਿਆਸ਼ੀਲ THC ਪੱਧਰ ਹੋਣ ਨੂੰ DUI ਮੰਨਿਆ ਜਾਂਦਾ ਹੈ ਅਤੇ ਇਸਦੇ ਨਤੀਜੇ ਵਜੋਂ ਕਾਨੂੰਨੀ ਨਤੀਜੇ ਭੁਗਤਣੇ ਪੈ ਸਕਦੇ ਹਨ। 21 ਸਾਲ ਤੋਂ ਘੱਟ ਉਮਰ ਦੇ ਡਰਾਈਵਰਾਂ ਨੂੰ ਉਨ੍ਹਾਂ ਦੇ ਸਰੀਰ ਵਿੱਚ ਪ੍ਰਤੀ ਮਿਲੀਲੀਟਰ ਖੂਨ ਵਿੱਚ 0 ਨੈਨੋਗ੍ਰਾਮ ਤੋਂ ਵੱਧ ਕਿਰਿਆਸ਼ੀਲ THC ਦੀ ਕਿਸੇ ਵੀ ਮਾਤਰਾ ਲਈ ਉਹੀ ਸੰਭਾਵੀ ਨਤੀਜੇ ਭੁਗਤਣੇ ਪੈਂਦੇ ਹਨ।

ਜੇ ਤੁਸੀਂ ਟੈਸਟ ਕਰਾਉਣ ਤੋਂ ਨਾਂਹ ਕਰ ਦਿੰਦੇ ਹੋ, ਤਾਂ ਤੁਸੀਂ 90 ਤੋਂ 730 ਦਿਨਾਂ ਲਈ, ਜਾਂ ਤੁਹਾਡੇ 21 ਸਾਲ ਦੇ ਹੋਣ ਤੱਕ, ਦੋਹਾਂ ਵਿੱਚੋਂ ਜੋ ਵੀ ਵੱਧ ਹੋਵੇ, ਆਪਣਾ ਗੱਡੀ ਚਲਾਉਣ ਦਾ ਵਿਸ਼ੇਸ਼ ਅਧਿਕਾਰ ਗੁਆ ਸਕਦੇ ਹੋ। ਤੁਹਾਡੀ ਮੁਅੱਤਲੀ ਦੀ ਸਮਾਂ-ਮਿਆਦ ਬਹੁਤ ਸਾਰੇ ਕਾਰਕਾਂ 'ਤੇ ਨਿਰਭਰ ਕਰਦੀ ਹੈ, ਜਿਨ੍ਹਾਂ ਵਿੱਚ ਇਹ ਵੀ ਸ਼ਾਮਲ ਹੈ ਕਿ ਤੁਸੀਂ ਕਿੰਨੀਆਂ ਉਲੰਘਣਾਵਾਂ ਕੀਤੀਆਂ ਹਨ।

| ਬਾਲਗ (21 ਸਾਲ ਅਤੇ ਇਸ ਤੋਂ ਵੱਧ) | ਨਾਬਾਲਗ (21 ਸਾਲ ਤੋਂ ਘੱਟ) |
|---|---|
| 0.08% ਜਾਂ ਵੱਧ BAC<br>5.00 ng ਜਾਂ ਵੱਧ THC | 0.02% ਜਾਂ ਵੱਧ BAC<br>0.00 ng ਤੋਂ ਵੱਧ THC |

**ਇੱਥੋਂ ਤੱਕ ਕਿ ਤਜਰਬੇਕਾਰ ਡਰਾਈਵਰ ਵੀ ਸ਼ਰਾਬ ਪੀਣ ਅਤੇ/ਜਾਂ ਨਸ਼ੀਲੀਆਂ ਦਵਾਈਆਂ ਦੇ ਸੇਵਨ ਮਗਰੋਂ ਸੁਰੱਖਿਅਤ ਢੰਗ ਨਾਲ ਗੱਡੀ ਨਹੀਂ ਚਲਾ ਸਕਦੇ ਹਨ। ਸ਼ਰਾਬ ਪੀ ਕੇ ਕਦੇ ਵੀ ਗੱਡੀ ਨਾ ਚਲਾਉਣ ਦਾ ਫੈਸਲਾ ਲੈ ਕੇ ਜਾਨਾਂ ਬਚਾਓ!**

ਤੁਹਾਡੇ ਡ੍ਰਾਈਵਿੰਗ ਰਿਕਾਰਡ 'ਤੇ ਸ਼ਰਾਬ- ਅਤੇ ਨਸ਼ੀਲੀਆਂ ਦਵਾਈਆਂ ਨਾਲ ਸੰਬੰਧਿਤ ਅਪਰਾਧ ਜੀਵਨ ਭਰ ਲਈ ਦਰਜ ਹੋ ਜਾਂਦੇ ਹਨ। ਜੇ ਤੁਹਾਨੂੰ ਨਸ਼ੇ ਵਿੱਚ ਗੱਡੀ ਚਲਾਉਣ ਲਈ ਗਿਰਫ਼ਤਾਰ ਕੀਤਾ ਜਾਂਦਾ ਹੈ, ਤਾਂ ਜੁਰਮਾਨੇ ਬਹੁਤ ਸਖਤ ਹੁੰਦੇ ਹਨ: ਲਾਇਸੈਂਸ ਰੱਦ ਹੋਣਾ, ਭਾਰੀ ਜੁਰਮਾਨੇ, ਅਪਰਾਧਕ ਸਜ਼ਾਵਾਂ, ਜੇਲ੍ਹ, ਅਤੇ ਵਧੇਰੇ ਉੱਚੀਆਂ ਬੀਮਾ ਦਰਾਂ।

ਸਜ਼ਾਵਾਂ ਵਿੱਚ ਹੇਠਾਂ ਦੱਸਿਆਂ ਦਾ ਸੁਮੇਲ ਵੀ ਸ਼ਾਮਲ ਹੋ ਸਕਦਾ ਹੈ:

- ਗੱਡੀ ਚਲਾਉਣ ਦੇ ਵਿਸ਼ੇਸ਼ ਅਧਿਕਾਰਾਂ ਦੀ 90 ਦਿਨਾਂ ਤੋਂ ਲੈ ਕੇ 4 ਸਾਲ ਤੱਕ ਮੁਅੱਤਲੀ
- ਪ੍ਰੋਬੇਸ਼ਨਰੀ ਲਾਇਸੈਂਸ
- ਗੱਡੀ ਚਲਾਉਣ ਲਈ ਇਗਨਿਸ਼ਨ ਇੰਟਰਲੌਕ ਡਿਵਾਈਸ
- ਵਿੱਤੀ ਜ਼ਿੰਮੇਵਾਰੀ ਦਾ ਲੋੜੀਂਦਾ ਸਬੂਤ
- ਸ਼ਰਾਬ ਦਾ ਮੁਲਾਂਕਣ ਅਤੇ ਇਲਾਜ ਦੀ ਰਿਪੋਰਟ
- ਲਾਇਸੈਂਸ ਲਈ ਦੁਬਾਰਾ ਅਰਜ਼ੀ ਦੇਣਾ, ਗਿਆਨ ਅਤੇ ਹੁਨਰ ਪ੍ਰੀਖਿਆਵਾਂ ਦੁਬਾਰਾ ਦੇਣਾਅਤੇ ਦੁਬਾਰਾ ਜਾਰੀ ਕਰਨ ਦੀ ਫੀਸ ਦਾ ਭੁਗਤਾਨ ਕਰਨਾ

## ਖੁੱਲ੍ਹੇ ਕੰਟੇਨਰ ਸੰਬੰਧੀ ਕਾਨੂੰਨ

ਖੁੱਲ੍ਹੇ ਕੰਟੇਨਰ ਸੰਬੰਧੀ ਕਾਨੂੰਨ ਦੇ ਤਹਿਤ, ਇਸਨੂੰ ਇੱਕ ਟ੍ਰੈਫਿਕ ਉਲੰਘਣਾ ਮੰਨਿਆ ਜਾਂਦਾ ਹੈ ਜੇ ਸੜਕ 'ਤੇ ਵਾਹਨ ਵਿੱਚ:

- ਕੋਈ ਵਿਅਕਤੀ ਸ਼ਰਾਬ ਪੀਂਦਾ ਹੈ ਜਾਂ ਕੈਨਾਬਿਸ (ਭੰਗ) ਦਾ ਸੇਵਨ ਕਰਦਾ ਹੈ।
- ਕਿਸੇ ਵਿਅਕਤੀ ਕੋਲ ਸ਼ਰਾਬ ਦੇ ਕੰਟੇਨਰ ਜਾਂ ਕੈਨਾਬਿਸ ਦੇ ਪ੍ਰੋਡਕਟ ਰੱਖੇ ਹੋਏ ਹਨ ਜੋ ਖੁੱਲ੍ਹੇ ਹੋਏ ਹਨ, ਜਿਨ੍ਹਾਂ ਦੀ ਸੀਲ ਟੁੱਟੀ ਹੋਈ ਹੈ, ਜਿਨ੍ਹਾਂ ਨੂੰ ਅੱਧ-ਪਚੱਧਾ ਵਰਤਿਆ ਹੋਇਆ ਹੈ।
- ਕੋਈ ਵਿਅਕਤੀ ਬਗੈਰ ਲੇਬਲ ਵਾਲੇ ਜਾਂ ਗਲਤ ਲੇਬਲ ਵਾਲੇ ਕੰਟੇਨਰਾਂ ਵਿੱਚ ਸ਼ਰਾਬ ਜਾਂ ਕੈਨਾਬਿਸ ਨੂੰ ਲੁਕਾਉਂਦਾ ਹੈ।

ਖੁੱਲ੍ਹੀ ਸ਼ਰਾਬ ਅਤੇ ਕੈਨਾਬਿਸ ਦੇ ਪ੍ਰੋਡਕਟਾਂ ਨੂੰ ਸਿਰਫ਼ ਟਰੰਕ ਜਾਂ ਟਰੱਕ ਬੈੱਡ ਵਿੱਚ ਹੀ ਲਿਜਾਇਆ ਜਾ ਸਕਦਾ ਹੈ। ਸ਼ਰਾਬ ਜਾਂ ਕੈਨਾਬਿਸ ਦੇ ਕੰਟੇਨਰਾਂ ਨੂੰ ਡਰਾਈਵਰ ਦੀ ਪਹੁੰਚ ਵਾਲੇ ਸਟੋਰੇਜ ਡੱਬਿਆਂ ਵਿੱਚ ਨਹੀਂ ਰੱਖਿਆ ਜਾ ਸਕਦਾ।

## 1.16 | ਵਾਧੂ ਸੇਵਾਵਾਂ

### ਪਤਾ ਜਾਂ ਨਾਮ ਬਦਲੀ

ਜੇ ਤੁਹਾਡਾ ਪਤਾ ਬਦਲ ਜਾਂਦਾ ਹੈ, ਤਾਂ ਇਸ ਤਬਦੀਲੀ ਦੇ 10 ਦਿਨਾਂ ਦੇ ਅੰਦਰ-ਅੰਦਰ ਲਾਇਸੈਂਸ ਐਕਸਪ੍ਰੈਸ ਵਿੱਚ ਆਪਣੀ ਜਾਣਕਾਰੀ ਅੱਪਡੇਟ ਕਰੋ। ਨਾਮ ਬਦਲੀ ਵਾਸਤੇ ਡਰਾਈਵਰ ਲਾਇਸੈਂਸਿੰਗ ਦਫ਼ਤਰ ਜਾਣਾ ਜ਼ਰੂਰੀ ਹੁੰਦਾ ਹੈ।

### ਵੋਟਰ ਰਜਿਸਟ੍ਰੇਸ਼ਨ

ਤੁਸੀਂ ਸਟੇਟ ਦੇ ਸਕੱਤਰ (Secretary of State) ਦੀ ਵੈੱਬਸਾਈਟ, sos.wa.gov 'ਤੇ, ਜਾਂ ਜਦੋਂ ਤੁਸੀਂ ਡਰਾਈਵਰ ਲਾਇਸੈਂਸਿੰਗ ਦਫ਼ਤਰ ਵਿਖੇ ਆਪਣਾ ਲਾਇਸੈਂਸ ਪ੍ਰਾਪਤ ਕਰਦੇ ਹੋ ਤਾਂ ਉਸ ਵੇਲੇ ਵੋਟ ਪਾਉਣ ਲਈ ਰਜਿਸਟਰ ਕਰ ਸਕਦੇ ਹੋ। 16 ਅਤੇ 17 ਸਾਲ ਦੀ ਉਮਰ ਦੇ ਨਿਵਾਸੀ ਡਰਾਈਵਰ ਲਾਇਸੈਂਸ ਜਾਂ ਆਈਡੀ ਕਾਰਡ ਲਈ ਅਰਜ਼ੀ ਦੇਣ ਸਮੇਂ ਵੋਟ ਪਾਉਣ ਵਾਸਤੇ ਪਹਿਲਾਂ ਤੋਂ ਰਜਿਸਟਰ ਕਰਨ ਦੀ ਚੋਣ ਕਰ ਸਕਦੇ ਹਨ।

### ਚੋਣਵੀਂ ਸੇਵਾ ਰਜਿਸਟ੍ਰੇਸ਼ਨ

ਲਾਇਸੈਂਸ ਜਾਂ ਆਈਡੀ ਕਾਰਡ ਲਈ ਅਰਜ਼ੀ ਦੇਣ ਵੇਲੇ ਤੁਸੀਂ ਅਮਰੀਕਾ ਦੀ ਚੋਣਵੀਂ ਸੇਵਾ ਪ੍ਰਣਾਲੀ (United States Selective Service System) ਨਾਲ ਰਜਿਸਟਰ ਕਰ ਸਕਦੇ ਹੋ। Washington ਸਟੇਟ ਦੇ ਅਟਾਰਨੀ ਜਨਰਲ ਦਫ਼ਤਰ (Office of the Attorney General) ਦੀ ਵੈੱਬਸਾਈਟ: atg.wa.gov 'ਤੇ ਵਧੇਰੇ ਜਾਣਕਾਰੀ ਉਪਲਬਧ ਹੈ।

### ਜੁੜਵਾਂ ਰਜਿਸਟਰੀ

ਜਦੋਂ ਤੁਸੀਂ ਆਪਣੇ ਲਾਇਸੈਂਸ ਲਈ ਅਰਜ਼ੀ ਦਿੰਦੇ ਹੋ, ਤਾਂ ਤੁਹਾਨੂੰ ਇਹ ਪੁੱਛਿਆ ਜਾਵੇਗਾ ਕਿ ਕੀ ਤੁਸੀਂ ਜੁੜਵਾਂ ਹੋ। Washington ਸਟੇਟ ਜੁੜਵਾਂ ਰਜਿਸਟਰੀ (United States Twin Registry) ਖੋਜ ਅਧਿਐਨਾਂ ਵਿੱਚ ਭਾਗ ਲੈਣ ਵਿੱਚ ਦਿਲਚਸਪੀ ਰੱਖਣ ਵਾਲੇ ਜੁੜਵਾਂ ਲੋਕਾਂ ਲਈ ਹੈ। ਹੋ ਸਕਦਾ ਹੈ ਕਿ ਯੂਨੀਵਰਸਿਟੀਆਂ ਉਨ੍ਹਾਂ ਲੋਕਾਂ ਨਾਲ ਸੰਪਰਕ ਕਰਨ ਜੋ Department of Licensing ਵਿਖੇ ਆਪਣੇ ਆਪ ਨੂੰ ਜੁੜਵਾਂ ਦੱਸਦੇ ਹਨ। ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ wstwinregistry.org 'ਤੇ ਜਾਓ।

# ਪਾਠ 2

# ਵਾਹਨ



ਇੱਕ ਲਾਇਸੈਂਸ ਪ੍ਰਾਪਤ ਡਰਾਈਵਰ ਹੋਣ ਦੇ ਨਾਤੇ, ਤੁਹਾਨੂੰ ਸੜਕ ਦੇ ਨਿਯਮਾਂ ਦੀ ਪਾਲਣਾ ਕਰਨ ਦੀ ਲੋੜ ਹੋਵੇਗੀ। ਤੁਸੀਂ ਜੋ ਗੱਡੀ ਚਲਾ ਰਹੇ ਹੋ, ਉਸ ਦੀਆਂ ਲੋੜਾਂ ਨੂੰ ਵੀ ਸਮਝਣ ਦੀ ਲੋੜ ਹੈ। ਤੁਹਾਡੀ ਗੱਡੀ ਦੀ ਸਾਂਭ-ਸੰਭਾਲ ਲਈ ਜ਼ਰੂਰੀ ਕਈ ਸੇਵਾਵਾਂ (License Express) ਵਿੱਚ ਮਿਲ ਸਕਦੀਆਂ ਹਨ। ਲਾਇਸੈਂਸ ਐਕਸਪ੍ਰੈਸ ਦਾ ਲਿੰਕ dol.wa.gov ਹੋਮ ਪੇਜ ਦੇ ਉੱਪਰਲੇ ਸੱਜੇ ਕੋਨੇ ਵਿੱਚ ਮਿਲ ਸਕਦਾ ਹੈ। (ਸਿੱਧਾ ਪਤਾ secure. dol.wa.gov/home ਹੈ।) ਤੁਸੀਂ ਵਿਅਕਤੀਗਤ ਰੂਪ ਵਿੱਚ ਕੰਮਕਾਜ ਵਾਸਤੇ ਕਿਸੇ ਵਾਹਨ ਲਾਇਸੈਂਸਿੰਗ ਦਫ਼ਤਰ ਵੀ ਜਾ ਸਕਦੇ ਹੋ।

## ਮਾਲਕੀਅਤ ਦਾ ਸਰਟੀਫ਼ਿਕੇਟ (ਟਾਈਟਲ)

Department of Licensing ਜ਼ਿਆਦਾਤਰ ਗੱਡੀਆਂ ਲਈ ਮਾਲਕੀਅਤ ਦਾ ਸਰਟੀਫ਼ਿਕੇਟ (Certificate of Ownership) (ਜਿਸਨੂੰ ਟਾਈਟਲ ਵੀ ਕਹਿੰਦੇ ਹਨ) ਜਾਰੀ ਕਰੇਗਾ। ਟਾਈਟਲ ਵਿੱਚ ਗੱਡੀ ਦਾ(ਦੇ) ਰਜਿਸਟਰਡ ਅਤੇ ਕਾਨੂੰਨੀ ਮਾਲਕ, VIN (Vehicle Identification Number, ਵਾਹਨ ਪਛਾਣ ਸੰਖਿਆ), ਅਤੇ (ਜੇ ਕੋਈ ਕਰਜ਼ਾ ਹੈ ਤਾਂ) ਬੈਂਕ ਦੀ ਜਾਣਕਾਰੀ ਬਾਰੇ ਦੱਸਿਆ ਹੁੰਦਾ ਹੈ। ਇਹ ਇੱਕ ਮਹੱਤਵਪੂਰਨ ਦਸਤਾਵੇਜ਼ ਹੈ! ਇਸਨੂੰ ਕਿਸੇ ਸੁਰੱਖਿਅਤ ਜਗ੍ਹਾ 'ਤੇ ਰੱਖੋ ਪਰ ਗੱਡੀ ਵਿੱਚ ਨਹੀਂ।

## ਰਜਿਸਟ੍ਰੇਸ਼ਨ

ਸਾਰੇ ਵਾਹਨਾਂ ਦਾ Department of Licensing ਨਾਲ ਰਜਿਸਟਰ ਹੋਣਾ ਜ਼ਰੂਰੀ ਹੁੰਦਾ ਹੈ। ਇਸ ਤੋਂ ਪਹਿਲਾਂ ਕਿ ਤੁਸੀਂ Washington ਵਿੱਚ ਕੋਈ ਗੱਡੀ ਰਜਿਸਟਰ ਕਰਵਾ ਸਕੋ, ਤੁਹਾਡੇ ਕੋਲ ਡਰਾਈਵਰ ਲਾਇਸੈਂਸ ਹੋਣਾ ਜ਼ਰੂਰੀ ਹੁੰਦਾ ਹੈ (ਬਸ਼ਰਤੇ ਤੁਹਾਨੂੰ ਕਾਨੂੰਨ ਦੁਆਰਾ ਛੋਟ ਮਿਲੀ ਹੋਵੇ)। ਛੋਟ ਦਾ ਦਾਅਵਾ ਕਰਨ ਵਾਲੇ ਗਾਹਕ ਵਾਹਨ ਰਜਿਸਟ੍ਰੇਸ਼ਨ ਡਰਾਈਵਰ ਲਾਇਸੈਂਸ ਛੋਟ (Vehicle Registration Driver License Exemption) ਫਾਰਮ ਪੂਰਾ ਕਰ ਸਕਦੇ ਹਨ। ਨਵੇਂ ਨਿਵਾਸੀਆਂ ਕੋਲ ਆਪਣੀ ਗੱਡੀ ਦੀ ਰਜਿਸਟ੍ਰੇਸ਼ਨ ਨੂੰ ਪੂਰਾ ਕਰਨ ਵਾਸਤੇ 30 ਦਿਨਾਂ ਦਾ ਸਮਾਂ ਹੁੰਦਾ ਹੈ। ਕਿਸੇ ਹੋਰ ਰਾਜ ਵਿੱਚ ਖਰੀਦੀਆਂ ਗਈਆਂ ਗੱਡੀਆਂ ਨੂੰ Washington ਵਿੱਚ ਫੌਰਨ ਰਜਿਸਟਰ ਕਰਾਇਆ ਜਾਣਾ ਚਾਹੀਦਾ ਹੈ।

ਆਪਣੀ ਗੱਡੀ ਨੂੰ ਰਜਿਸਟਰ ਕਰਾਉਣ ਲਈ, ਤੁਹਾਨੂੰ ਇਨ੍ਹਾਂ ਚੀਜ਼ਾਂ ਦੀ ਲੋੜ ਪਵੇਗੀ:

- ਮਾਲਕੀਅਤ ਦਾ ਮੌਜੂਦਾ ਸਰਟੀਫ਼ਿਕੇਟ (ਟਾਈਟਲ)।
  (ਜੇ ਤੁਸੀਂ ਆਪਣੀ ਗੱਡੀ ਦਾ ਟਾਈਟਲ ਗੁਆ ਬੈਠੇ ਹੋ, ਤਾਂ ਉਸ ਰਾਜ ਨੂੰ ਰਿਪਲੇਸਮੈਂਟ ਲਈ ਪੁੱਛੋ ਜਿੱਥੋਂ ਇਹ ਜਾਰੀ ਕੀਤਾ ਗਿਆ ਸੀ।)
- ਸਾਰੇ ਰਜਿਸਟਰਡ ਮਾਲਕਾਂ ਲਈ Washington ਡਰਾਈਵਰ ਲਾਇਸੈਂਸ।

ਹਰ ਸਾਲ ਜਦੋਂ ਤੁਸੀਂ ਆਪਣੇ ਟੈਬਾਂ ਨੂੰ ਰੀਨਿਊ ਕਰਾਓਗੇ ਹੋ ਤਾਂ ਤੁਹਾਨੂੰ ਇੱਕ ਨਵਾਂ ਰਜਿਸਟ੍ਰੇਸ਼ਨ ਦਸਤਾਵੇਜ਼ ਦਿੱਤਾ ਜਾਵੇਗਾ। ਹਰ ਨਵੀਂ ਰਜਿਸਟ੍ਰੇਸ਼ਨ 'ਤੇ ਦਸਤਖ਼ਤ ਕਰੋ ਅਤੇ ਇਸਨੂੰ ਆਪਣੀ ਗੱਡੀ ਵਿੱਚ ਰੱਖੋ।

### ਗੱਡੀ ਦਾ ਪਤਾ

ਆਪਣੇ ਡਰਾਈਵਰ ਲਾਇਸੈਂਸ 'ਤੇ ਪਤਾ ਬਦਲਣ ਨਾਲ ਤੁਹਾਡੀ ਗੱਡੀ ਦਾ ਪਤਾ ਨਹੀਂ ਬਦਲ ਜਾਂਦਾ। ਤੁਸੀਂ ਲਾਇਸੈਂਸ ਐਕਸਪ੍ਰੈਸ ਰਾਹੀਂ ਔਨਲਾਈਨ ਜਾਂ ਕਿਸੇ ਵਾਹਨ ਲਾਇਸੈਂਸਿੰਗ ਦਫ਼ਤਰ ਵਿੱਚ ਖੁਦ ਜਾ ਕੇ ਆਪਣਾ ਪਤਾ ਬਦਲ ਸਕਦੇ ਹੋ।

## 2.1 | ਵਿਕਰੀ ਦੀ ਰਿਪੋਰਟ

### ਵਿਅਕਤੀ ਤੋਂ ਵਿਅਕਤੀ

ਜੇ ਤੁਸੀਂ ਆਪਣੀ ਗੱਡੀ ਨੂੰ ਵੇਚਦੇ ਹੋ, ਉਸਦਾ ਵਪਾਰ ਕਰਦੇ ਹੋ, ਉਸਨੂੰ ਤੋਹਫ਼ੇ ਵਿੱਚ ਦਿੰਦੇ ਹੋ, ਜਾਂ ਉਸਦਾ ਨਿਪਟਾਰਾ ਕਰਦੇ ਹੋ, ਤਾਂ 5 ਦਿਨਾਂ ਦੇ ਅੰਦਰ-ਅੰਦਰ ਵਾਹਨ ਵਿਕਰੀ ਰਿਪੋਰਟ (Vehicle Report of Sale) ਫਾਰਮ ਦਰਜ ਕਰੋ। ਗੱਡੀ ਤੋਂ ਲਾਇਸੈਂਸ ਪਲੇਟਾਂ ਨੂੰ ਉਤਾਰ ਦਿਓ, ਫੀਸ ਦਾ ਭੁਗਤਾਨ ਕਰੋ, ਅਤੇ ਆਪਣੀ ਵਿਕਰੀ ਦੀ ਰਿਪੋਰਟ ਕਿਸੇ ਵਾਹਨ ਲਾਇਸੈਂਸਿੰਗ ਦਫ਼ਤਰ ਵਿਖੇ ਦਰਜ ਕਰੋ, ਜਾਂ dol.wa.gov 'ਤੇ **report of sale (ਵਿਕਰੀ ਦੀ ਰਿਪੋਰਟ)** ਦੀ ਭਾਲ ਕਰੋ। ਵਿਕਰੀ ਦੀ ਰਿਪੋਰਟ ਮਾਲਕੀਅਤ ਨੂੰ ਟ੍ਰਾਂਸਫ਼ਰ ਨਹੀਂ ਕਰਦੀ ਹੈ। ਗੱਡੀ ਵੇਚਦੇ ਸਮੇਂ, ਮਾਲਕ(ਕਾਂ) ਦੁਆਰਾ ਟਾਈਟਲ 'ਤੇ ਦਸਤਖ਼ਤ ਕਰਕੇ ਅਤੇ ਤਾਰੀਖ਼ ਪਾਕੇ ਇਸਨੂੰ ਖਰੀਦਦਾਰ ਨੂੰ ਦੇਣਾ ਜ਼ਰੂਰੀ ਹੁੰਦਾ ਹੈ। ਖਰੀਦਦਾਰ ਨੂੰ ਜੁਰਮਾਨਾ ਫੀਸ ਤੋਂ ਬਚਣ ਲਈ 15 ਦਿਨਾਂ ਦੇ ਅੰਦਰ-ਅੰਦਰ ਮਾਲਕੀਅਤ ਟ੍ਰਾਂਸਫ਼ਰ ਕਰਨ ਵਾਸਤੇ ਕਿਸੇ ਲਾਇਸੈਂਸਿੰਗ ਦਫ਼ਤਰ ਵਿਖੇ ਦਸਤਖ਼ਤ ਕੀਤਾ ਹੋਇਆ ਟਾਈਟਲ ਲਿਆਉਣਾ ਪਵੇਗਾ।

### ਡੀਲਰਸ਼ਿਪ ਤੋਂ ਵਿਅਕਤੀ ਨੂੰ

ਜੇ ਗੱਡੀ ਨੂੰ ਕਿਸੇ ਡੀਲਰ ਦੁਆਰਾ ਵੇਚਿਆ ਜਾਂਦਾ ਹੈ ਤਾਂ ਡੀਲਰਸ਼ਿਪ ਤੁਹਾਡੀ ਤਰਫ਼ੋਂ ਵਿਕਰੀ ਰਿਪੋਰਟ ਦਰਜ ਕਰ ਸਕਦੀ ਹੈ, ਪਰ ਉਸਦਾ ਅਜਿਹਾ ਕਰਨਾ ਜ਼ਰੂਰੀ ਨਹੀਂ ਹੈ। ਵਿਕਰੀ ਦੀ ਰਿਪੋਰਟ ਨੂੰ ਤੁਹਾਡੇ ਦੁਆਰਾ ਆਪ ਦਰਜ ਕੀਤਾ ਜਾਣਾ ਤੁਹਾਡੇ ਬਿਹਤਰੀਨ ਹਿਤ ਵਿੱਚ ਰਹੇਗਾ।




## 2.2 | ਵਾਹਨ ਲਾਇਸੈਂਸ ਪਲੇਟਾਂ

Washington ਵਿੱਚ ਰਜਿਸਟਰਡ ਮੋਟਰ ਗੱਡੀਆਂ ਦੇ ਅੱਗੇ ਅਤੇ ਪਿੱਛੇ ਲਾਇਸੈਂਸ ਪਲੇਟਾਂ ਨੂੰ ਸਪਸ਼ਟ ਰੂਪ ਵਿੱਚ ਡਿਸਪਲੇ ਕਰਨਾ ਜ਼ਰੂਰੀ ਹੈ। ਇਹ ਸਾਫ਼-ਸੁਥਰੀਆਂ ਅਤੇ ਪੜ੍ਹਨ ਵਿੱਚ ਅਸਾਨ ਹੋਣੀਆਂ ਲਾਜ਼ਮੀ ਹਨ। ਤੁਹਾਡੇ ਕੋਲ ਲਾਇਸੈਂਸ ਪਲੇਟ ਦਾ ਫ਼੍ਰੇਮ ਹੋ ਸਕਦਾ ਹੈ, ਪਰ ਪਲੇਟ ਉੱਤੇ ਅੱਖਰਾਂ, ਨੰਬਰਾਂ ਜਾਂ ਟੈਬਸ ਨੂੰ ਢੱਕਣਾ ਗੈਰ-ਕਾਨੂੰਨੀ ਹੈ।

## 2.3 | ਬੀਮਾ ਹੋਣਾ ਜ਼ਰੂਰੀ ਹੈ

ਤੁਹਾਡੇ ਲਈ ਆਪਣੇ ਕੋਲ ਜਾਂ ਆਪਣੀ ਗੱਡੀ ਵਿੱਚ ਬੀਮੇ ਦਾ ਸਬੂਤ ਰੱਖਣਾ ਜ਼ਰੂਰੀ ਹੈ। Washington ਰਾਜ ਦੁਆਰਾ ਇਹ ਲੋੜੀਂਦਾ ਹੈ ਕਿ ਤੁਹਾਡੇ ਕੋਲ ਦੇਣਦਾਰੀ ਬੀਮਾ ਹੋਵੇ ਅਤੇ ਤੁਹਾਡੇ ਕੋਲ ਇਸਦਾ ਸਬੂਤ ਹੋਵੇ। ਇਸ ਵਿੱਚ ਨਿਮਨਲਿਖਤ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ:

- $25,000 ਜਾਂ ਵੱਧ, ਟੱਕਰ ਵਿੱਚ ਕਿਸੇ ਵਿਅਕਤੀ ਨੂੰ ਸਰੀਰਕ ਸੱਟ ਲੱਗਣ ਜਾਂ ਉਸਦੀ ਮੌਤ ਲਈ ਭੁਗਤਾਨਯੋਗ, ਜਿਸ ਵਿੱਚ ਸਿਰਫ਼ ਇੱਕ ਵਿਅਕਤੀ ਜ਼ਖ਼ਮੀ ਹੋਇਆ ਜਾਂ ਮਾਰਿਆ ਗਿਆ ਸੀ
- $50,000 ਜਾਂ ਵੱਧ, ਕਿਸੇ ਵੀ ਇੱਕ ਟੱਕਰ ਵਿੱਚ ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਨੂੰ ਸਰੀਰਕ ਸੱਟ ਲੱਗਣ ਜਾਂ ਉਨ੍ਹਾਂ ਦੀ ਮੌਤ ਲਈ ਭੁਗਤਾਨਯੋਗ
- $10,000 ਜਾਂ ਵੱਧ, ਕਿਸੇ ਵੀ ਇੱਕ ਟੱਕਰ ਵਿੱਚ ਦੂਜਿਆਂ ਨੂੰ ਸੱਟ ਲੱਗਣ ਜਾਂ ਪ੍ਰਾਪਰਟੀ ਨੂੰ ਨੁਕਸਾਨ ਪਹੁੰਚਣ ਲਈ ਭੁਗਤਾਨਯੋਗ




ਹਰ ਗੱਡੀ ਦੀਆਂ ਆਪਣੀਆਂ ਕੁਝ ਖੂਬੀਆਂ ਹੁੰਦੀਆਂ ਹਨ। ਇਨ੍ਹਾਂ ਦੇ ਸਾਈਜ਼, ਇੰਜਣ, ਸੁਰੱਖਿਆ ਡਿਵਾਈਸਾਂ, ਸਹਾਇਕ ਉਪਕਰਣ, ਤਕਨਾਲੋਜੀ ਅਤੇ ਹੈਂਡਲਿੰਗ ਵਿਸ਼ੇਸ਼ਤਾਵਾਂ ਅਲੱਗ-ਅਲੱਗ ਹੁੰਦੀਆਂ ਹਨ। ਤੁਸੀਂ ਜੋ ਵੀ ਗੱਡੀ ਚਲਾਉਂਦੇ ਹੋ, ਉਸਦੇ ਮੈਨੂਅਲ ਨੂੰ ਪੜ੍ਹਨਾ ਬਹੁਤ ਜ਼ਰੂਰੀ ਹੁੰਦਾ ਹੈ। ਗੱਡੀ ਦੇ ਬੁਨਿਆਦੀ ਹਿੱਸਿਆਂ ਨਾਲ ਜਾਣੂ ਹੋਣ ਲਈ ਸਮਾਂ ਕੱਢੋ।

## ਫੰਕਸ਼ਨ

ਗੱਡੀ ਵਿੱਚ ਬੈਠਦਿਆਂ ਹੀ, ਤੁਸੀਂ ਦੱਸ ਸਕਦੇ ਹੋ ਕਿ ਇਸ ਵਿੱਚ ਆਟੋਮੈਟਿਕ ਟ੍ਰਾਂਸਮਿਸ਼ਨ ਹੈ ਜਾਂ ਫਿਰ ਮੈਨੁਅਲ ਟ੍ਰਾਂਸਮਿਸ਼ਨ। ਇਨ੍ਹਾਂ ਵਿੱਚੋਂ ਹਰੇਕ ਨੂੰ ਚਲਾਉਣ ਲਈ ਉਸ ਨਾਲ ਜਾਣ-ਪਛਾਣ ਕੀਤੇ ਜਾਣ ਅਤੇ ਪ੍ਰੈਕਟਿਸ ਦੀ ਲੋੜ ਹੁੰਦੀ ਹੈ। ਗੱਡੀ ਦੇ ਵਿਸ਼ੇਸ਼ ਸਿਸਟਮਾਂ, ਡਿਵਾਈਸਾਂ, ਗੇਜਾਂ ਅਤੇ ਉਪਕਰਣਾਂ ਨੂੰ ਸਮਝਣ ਵਾਸਤੇ ਓਨਰ ਮੈਨੂਅਲ ਨੂੰ ਪੜ੍ਹੋ। ਗੱਡੀ ਚਲਾਉਣ ਤੋਂ ਪਹਿਲਾਂ ਆਪਣੀ ਗੱਡੀ ਦੇ ਮਸ਼ੀਨੀ ਕੰਮਕਾਜ ਤੋਂ ਜਾਣੂ ਹੋਵੋ, ਤਾਂ ਜੋ ਤੁਹਾਡਾ ਧਿਆਨ ਸੜਕ 'ਤੇ ਰਹਿ ਸਕੇ।

## ਸਮਾਯੋਜਨ

ਜਦੋਂ ਵੀ ਤੁਸੀਂ ਕਿਸੇ ਗੱਡੀ ਵਿੱਚ ਬੈਠੋਗੇ, ਤਾਂ ਤੁਹਾਨੂੰ ਆਪਣੀ ਸੁਰੱਖਿਆ, ਕੰਟਰੋਲ ਅਤੇ ਅਰਾਮ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਮਾਯੋਜਨ ਕਰਨ ਦੀ ਲੋੜ ਹੋਵੇਗੀ। ਸਟੀਅਰਿੰਗ ਵ੍ਹੀਲ, ਸੀਟ ਅਤੇ ਸ਼ੀਸ਼ਿਆਂ ਨੂੰ ਇਸ ਤਰ੍ਹਾਂ ਸਮਾਯੋਜਿਤ ਕਰੋ ਕਿ ਤੁਹਾਡੀ ਵਿਜ਼ਿਬਿਲਟੀ (ਸਾਰੇ ਪਾਸੇ ਦੇਖਣ ਦੀ ਯੋਗਤਾ) ਵਧੀਆ ਹੋਵੇ। ਪੈਡਲਾਂ ਅਤੇ ਉਪਕਰਣਾਂ ਤੱਕ ਤੁਹਾਡੀ ਪਹੁੰਚ ਸੌਖੀ ਹੋਣੀ ਚਾਹੀਦੀ ਹੈ।

## ਵਾਹਨ ਸੁਰੱਖਿਆ ਤਕਨਾਲੋਜੀ

ਵਾਹਨ ਉਦਯੋਗ ਵਿੱਚ ਨਵੀਨਤਾ ਅਤੇ ਤਰੱਕੀ ਨਾਲ ਅਜਿਹੇ ਸੁਰੱਖਿਆ ਸਿਸਟਮਾਂ ਦਾ ਵਿਕਾਸ ਹੋ ਸਕਿਆ ਹੈ ਜੋ ਇਨਸਾਨੀ ਗਲਤੀ ਅਤੇ ਅਸੁਰੱਖਿਅਤ ਵਿਵਹਾਰ ਦੇ ਨਕਾਰਾਤਮਕ ਨਤੀਜਿਆਂ ਨੂੰ ਘੱਟ ਕਰਨ ਵਿੱਚ ਮਦਦ ਕਰਦੇ ਹਨ। VST (Vehicle Safety Technology, [ਵਾਹਨ ਸੁਰੱਖਿਆ ਤਕਨਾਲੋਜੀ]) ਅਤੇ ADAS (Advanced Driver Assistance Systems, [ਐਡਵਾਂਸਡ ਡਰਾਈਵਰ ਅਸਿਸਟੈਂਸ ਸਿਸਟਮਜ਼]) ਦੁਰਘਟਨਾਵਾਂ ਨੂੰ ਵਾਪਰਮ ਤੋਂ ਰੋਕਣ ਦੀ ਕੋਸ਼ਿਸ਼ ਕਰਦਿਆਂ ਉਨ੍ਹਾਂ ਦੇ ਅਸਰ ਨੂੰ ਘਟਾਉਂਦੇ ਹਨ। ਇਹ ਤੁਹਾਨੂੰ ਪਹਿਲਾਂ ਤੋਂ ਹੀ ਜਾਂ ਵਾਧੂ ਚੇਤਾਵਨੀਆਂ ਦੇ ਸਕਦੇ ਹਨ ਜਿਸ ਨਾਲ ਤੁਹਾਡੀ ਜਵਾਬੀ ਕਾਰਵਾਈ ਦੇ ਸਮੇਂ ਵਿੱਚ ਸੁਧਾਰ ਹੁੰਦਾ ਹੈ। ਇਨ੍ਹਾਂ ਦਾ ਮਕਸਦ ਤੁਹਾਡੀਆਂ ਪਹਿਲਾਂ ਤੋਂ ਹੀ ਵਧੀਆ ਡਰਾਈਵਿੰਗ ਸੰਬੰਧੀ ਆਦਤਾਂ ਵਿੱਚ ਸਹਾਇਤਾ ਕਰਨਾ ਹੁੰਦਾ ਹੈ, ਨਾ ਕਿ ਉਨ੍ਹਾਂ ਦੀ ਥਾਂ ਲੈਣਾ। ਆਪਣੀ ਗੱਡੀ ਨੂੰ ਚਲਾਉਣ ਲਈ ਪੂਰੀ ਜ਼ਿੰਮੇਵਾਰੀ ਅਜੇ ਵੀ ਤੁਹਾਡੀ ਹੁੰਦੀ ਹੈ।

ਇੱਥੋਂ ਤੱਕ ਕਿ VST ਅਤੇ ADAS ਦੇ ਨਾਲ ਵੀ, ਤੁਹਾਨੂੰ ਜੋਖ਼ਮ ਪ੍ਰਤੀ ਆਪਣੀ ਜਾਗਰੂਕਤਾ ਦੇ ਹੁਨਰਾਂ ਅਤੇ ਸੜਕ ਦੇ ਨਿਯਮਾਂ ਬਾਰੇ ਜਾਣਕਾਰੀ ਨੂੰ ਵਰਤਣ ਦੀ ਲੋੜ ਹੁੰਦੀ ਹੈ ਕਿਉਂਕਿ ਇਨ੍ਹਾਂ ਸਿਸਟਮਾਂ ਦੀਆਂ ਵੀ ਆਪਣੀਆਂ ਸੀਮਾਵਾਂ ਹਨ। ਉਦਾਹਰਣ ਲਈ, ਜੇ ਤੁਹਾਡੇ ਬਲਾਇੰਡ ਸਪੌਟ ਵਿੱਚ ਕੋਈ ਗੱਡੀ ਹੈ ਤਾਂ ਇਹ ਸਿਸਟਮ ਤੁਹਾਨੂੰ ਚੁਕੰਨੇ ਕਰ ਸਕਦੇ ਹਨ; ਹਾਲਾਂਕਿ, ਇਹ ਇਸ ਗੱਲ ਦਾ ਪਤਾ ਨਹੀਂ ਲਗਾ ਸਕਦੇ ਕਿ ਕੀ ਦੋ ਲੇਨਾਂ ਦੇ ਅੱਗੇ ਕੋਈ ਗੱਡੀ ਹੈ ਜੋ ਲੇਨ ਵਿੱਚ ਰਲਣ (ਮਰਜ ਕਰਨ) ਦੀ ਤਿਆਰੀ ਕਰ ਰਹੀ ਹੈ। ਇਸ ਤੋਂ ਇਲਾਵਾ, ਤੁਹਾਡੀ ਗੱਡੀ ਦੀਆਂ ਡਿਟੈਕਸ਼ਨ ਤਕਨਾਲੋਜੀਆਂ ਸ਼ਾਇਦ ਤੁਹਾਡੀ ਗੱਡੀ ਦੇ ਨੇੜੇ ਲੋਕਾਂ ਦੇ ਤੁਰਦੇ ਹੋਣ, ਲੁੜ੍ਹਕਣ, ਜਾਂ ਸਵਾਰੀ ਕਰਦੇ ਹੋਣ ਦੀ ਮੌਜੂਦਗੀ ਦੀ ਪਛਾਣ ਨਾ ਕਰ ਸਕਣ। ਰਾਜ ਦੇ ਕਾਨੂੰਨ ਮੁਤਾਬਕ ਯੀਲਡ ਯਾਨੀ ਰਾਹ ਦੇਣਾ ਤੁਹਾਡੀ ਜ਼ਿੰਮੇਵਾਰੀ ਹੈ। ਇਸ ਤੋਂ ਇਲਾਵਾ, ਸੈਂਸਰ ਗੰਦੇ ਹੋ ਸਕਦੇ ਹਨ ਜਾਂ ਸੜਕ 'ਤੇ ਲੱਗੇ ਨਿਸ਼ਾਨ ਫਿੱਕੇ ਪੈ ਸਕਦੇ ਹਨ, ਜਿਸ ਨਾਲ ਤਕਨਾਲੋਜੀ ਲਈ ਸਹੀ ਢੰਗ ਨਾਲ ਕੰਮ ਕਰਨਾ ਔਖਾ ਹੋ ਸਕਦਾ ਹੈ।

ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਜੋ ਵੀ ਗੱਡੀ ਚਲਾਉਂਦੇ ਹੋ, ਉਸ ਦੀਆਂ ਵਿਸ਼ੇਸ਼ਤਾਵਾਂ ਅਤੇ ਤਕਨਾਲੋਜੀ ਨਾਲ ਜਾਣੂ ਹੋਵੋ। ਉਨ੍ਹਾਂ ਨੂੰ ਚਾਲੂ ਰੱਖੋ ਬਸ਼ਰਤੇ ਮੌਸਮੀ ਸਥਿਤੀਆਂ ਇੰਨੀਆਂ ਖਰਾਬ ਹੋਣ ਕਿ ਨੋਟੀਫ਼ਿਕੇਸ਼ਨਾਂ ਧਿਆਨ ਭਟਕਾਉਣ ਲੱਗ ਜਾਣ। ਇਹ ਪੱਕਾ ਕਰੋ ਕਿ ਤੁਸੀਂ ਇਨ੍ਹਾਂ ਵਿਸ਼ੇਸ਼ਤਾਵਾਂ ਦਾ ਇਸਤੇਮਾਲ ਅਸਰਦਾਰ ਤਰੀਕੇ ਨਾਲ ਕਰਦੇ ਹੋ। ਆਪਣੀ ਗੱਡੀ ਵਿੱਚ ਮੌਜੂਦ ਸੁਰੱਖਿਆ ਤਕਨਾਲੋਜੀਆਂ ਬਾਰੇ ਹੋਰ ਜ਼ਿਆਦਾ ਜਾਣਨ ਲਈ, ਆਪਣੀ ਗੱਡੀ ਦੇ ਮੈਨੂਅਲ ਨੂੰ ਪੜ੍ਹੋ, ਕਿਸੇ ਕਾਰ ਡੀਲਰਸ਼ਿਪ ਨੂੰ ਪੁੱਛੋ, ਜਾਂ mycardoeswhat.org 'ਤੇ ਜਾਓ।

VST ਅਤੇ ADAS ਦੇ ਕੁਝ ਮੁੱਖ ਹਿੱਸੇ ਅਤੇ ਵਿਸ਼ੇਸ਼ਤਾਵਾਂ ਇਸ ਤਰ੍ਹਾਂ ਹਨ:

1. **ਟੱਕਰ ਤੋਂ ਬਚਾਉਣ ਵਾਲਾ ਸਿਸਟਮ।** ਰੁਕਾਵਟਾਂ ਦਾ ਪਤਾ ਲਗਾਉਂਦਾ ਹੈ ਅਤੇ ਟੱਕਰਾਂ ਰੋਕਣ ਲਈ ਚੇਤਾਵਨੀਆਂ ਦਿੰਦਾ ਹੈ। ਇਨ੍ਹਾਂ ਵਿੱਚ AEB (automatic emergency braking, [ਆਟੋਮੈਟਿਕ ਐਮਰਜੈਂਸੀ ਬ੍ਰੇਕਿੰਗ]), ਅੱਗੇ ਵੱਲ ਟੱਕਰ ਦੀ ਚੇਤਾਵਨੀ (forward collision warning), ਅਤੇ ਲੇਨ ਤੋਂ ਬਾਹਰ ਨਿਕਲਣ ਦੀ ਚੇਤਾਵਨੀ (lane departure warning) ਵਰਗੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ।
2. **ACC (Adaptive cruise control, ਅਡੈਪਟਿਵ ਕਰੂਜ਼ ਕੰਟਰੋਲ)** ਨਿਰਧਾਰਤ ਕੀਤੀ ਗਈ ਸਪੀਡ ਨੂੰ ਬਣਾਈ ਰੱਖਦਾ ਹੈ ਪਰ ਅੱਗੇ ਵਾਲੀ ਗੱਡੀ ਦੀ ਦੂਰੀ 'ਤੇ ਨਿਰਭਰ ਕਰਦਿਆਂ ਇਸਨੂੰ ਸਮਾਯੋਜਿਤ ਕਰਦਾ ਹੈ, ਤਾਂ ਜੋ ਪਿੱਛੇ ਚੱਲਣ ਦੀ ਸੁਰੱਖਿਅਤ ਦੂਰੀ ਨੂੰ ਯਕੀਨੀ ਬਣਾਇਆ ਜਾ ਸਕੇ। ACC ਲੰਬੀ ਡ੍ਰਾਈਵ ਦੌਰਾਨ ਸਪੀਡ ਨੂੰ ਲਗਾਤਾਰ ਘਟਾਉਣ-ਵਧਾਉਣ ਦੀ ਲੋੜ ਨੂੰ ਘਟਾ ਕੇ ਅਰਾਮ ਵਧਾਉਂਦਾ ਹੈ।
3. **ਲੇਨ ਅੰਦਰ ਰਹਿਣ ਵਿੱਚ ਸਹਾਇਤਾ।** ਲੇਨ ਦੇ ਨਿਸ਼ਾਨਾਂ 'ਤੇ ਨਜ਼ਰ ਰੱਖਦਾ ਹੈ ਅਤੇ ਜੇ ਗੱਡੀ ਆਪਣੀ ਲੇਨ ਤੋਂ ਬਾਹਰ ਨਿਕਲ ਜਾਂਦੀ ਹੈ ਤਾਂ ਸਟੀਅਰਿੰਗ ਇਨਪੁਟ ਜਾਂ ਚੇਤਾਵਨੀ ਦਿੰਦਾ ਹੈ। ਇਹ ਵਿਸ਼ੇਸ਼ਤਾ ਅਣਜਾਣੇ ਵਿੱਚ ਲੇਨ ਤੋਂ ਬਾਹਰ ਨਿਕਲ ਜਾਣ ਨੂੰ ਰੋਕਦੇ ਹੋਏ ਸੁਰੱਖਿਆ ਨੂੰ ਵੀ ਵਧਾਉਂਦੀ ਹੈ।
4. **ਬਲਾਇੰਡ ਸਪੌਟ ਡਿਟੈਕਸ਼ਨ।** ਗੱਡੀ ਦੇ ਬਲਾਇੰਡ ਸਪੌਟਾਂ 'ਤੇ ਨਜ਼ਰ ਰੱਖਣ ਵਾਸਤੇ ਸੈਂਸਰਾਂ ਦਾ ਇਸਤੇਮਾਲ ਕਰਦਾ ਹੈ ਅਤੇ ਜੇ ਨਾਲ ਲੱਗਦੀ ਲੇਨ ਵਿੱਚ ਕੋਈ ਗੱਡੀ ਹੈ ਤਾਂ ਡਰਾਈਵਰ ਨੂੰ ਚੁਕੰਨਾ ਕਰਦਾ ਹੈ। ਇਸ ਵਿਸ਼ੇਸ਼ਤਾ ਦਾ ਮਕਸਦ ਵੀ ਲੇਨ ਬਦਲਣ ਦੌਰਾਨ ਟੱਕਰਾਂ ਹੋਣ ਦੇ ਜੋਖ਼ਮ ਨੂੰ ਘਟਾਉਣਾ ਹੁੰਦਾ ਹੈ।
5. **ਪਾਰਕਿੰਗ ਵਿੱਚ ਸਹਾਇਤਾ।** ਦੇਖਣ ਅਤੇ/ਜਾਂ ਸੁਣਨ ਸੰਬੰਧੀ ਮਾਰਗਦਰਸ਼ਨ ਪ੍ਰਦਾਨ ਕਰਕੇ ਪਾਰਕਿੰਗ ਵਿੱਚ ਮਦਦ ਲਈ ਸੈਂਸਰਾਂ ਅਤੇ ਕੈਮਰਿਆਂ ਦਾ ਇਸਤੇਮਾਲ ਕਰਦੀ ਹੈ। ਇਸ ਵਿੱਚ ਆਟੋਮੈਟਿਕ ਪੈਰਲਲ ਪਾਰਕਿੰਗ ਵਰਗੀਆਂ ਵਿਸ਼ੇਸ਼ਤਾਵਾਂ ਸ਼ਾਮਲ ਹੋ ਸਕਦੀਆਂ ਹਨ।
6. **ਟ੍ਰੈਫਿਕ ਚਿੰਨ੍ਹਾਂ ਦੀ ਪਛਾਣ।** ਟ੍ਰੈਫਿਕ ਚਿੰਨ੍ਹਾਂ ਦੀ ਪਛਾਣ ਅਤੇ ਵਿਆਖਿਆ ਕਰਨ ਲਈ ਕੈਮਰਿਆਂ ਦੀ ਵਰਤੋਂ ਕਰਦੀ ਹੈ, ਡਰਾਈਵਰ ਨੂੰ ਸੰਬੰਧਿਤ ਜਾਣਕਾਰੀ ਡਿਸਪਲੇ ਕਰਦੀ ਹੈ। ਇਹ ਵਿਸ਼ੇਸ਼ਤਾ ਸਪੀਡ ਦੀਆਂ ਸੀਮਾਵਾਂ ਅਤੇ ਸੜਕ ਸੰਬੰਧੀ ਹੋਰ ਨਿਯਮਾਂ ਪ੍ਰਤੀ ਜਾਗਰੂਕਤਾ ਬਣਾਈ ਰੱਖਣ ਵਿੱਚ ਸਹਾਇਤਾ ਕਰਦੀ ਹੈ।
7. **ਡਰਾਈਵਰ ਨਿਗਰਾਨੀ ਸਿਸਟਮ।** ਡਰਾਈਵਰ ਦੇ ਵਿਵਹਾਰ 'ਤੇ ਨਜ਼ਰ ਰੱਖਦਾ ਹੈ ਅਤੇ ਜੇ ਸੁਸਤੀ ਜਾਂ ਧਿਆਨ ਭਟਕਣ ਦਾ ਇਸ਼ਾਰਾ ਮਿਲਦਾ ਹੈ ਤਾਂ ਉਸਨੂੰ ਚੁਕੰਨਾ ਕਰਦਾ ਹੈ। ਇਹ ਵਿਸ਼ੇਸ਼ਤਾ ਡਰਾਈਵਰ ਦੀ ਸਾਵਧਾਨੀ ਨੂੰ ਵਧਾ ਕੇ ਸੁਰੱਖਿਆ ਵਧਾਉਂਦੀ ਹੈ।
8. **ਕ੍ਰਾਸ ਟ੍ਰੈਫਿਕ ਅਲਰਟ।** ਡਰਾਈਵਰਾਂ ਨੂੰ ਸਾਈਡ ਤੋਂ ਆਉਣ ਵਾਲੇ ਟ੍ਰੈਫਿਕ ਬਾਰੇ ਚੇਤਾਵਨੀ ਦਿੰਦਾ ਹੈ, ਜਿਵੇਂ ਪਾਰਕਿੰਗ ਵਾਲੀ ਥਾਂ ਤੋਂ ਬੈਕ ਕਰਨ ਵੇਲੇ। ਇਹ ਵਿਸ਼ੇਸ਼ਤਾ ਦਿਖਾਈ ਦੇਣ ਦੀ ਸੀਮਤ ਯੋਗਤਾ (ਵਿਜ਼ਿਬਿਲਟੀ) ਵਾਲੀਆਂ ਸਥਿਤੀਆਂ ਵਿੱਚ ਟੱਕਰਾਂ ਹੋਣ ਦੇ ਜੋਖ਼ਮ ਨੂੰ ਘਟਾਉਂਦੀ ਹੇ।

9. **ਆਟੋਮੈਟਿਕ ਹਾਈ ਬੀਮ ਕੰਟਰੋਲ।** ਸਾਹਮਣਿਓਂ ਆਉਣ ਵਾਲੇ ਟ੍ਰੈਫਿਕ ਅਤੇ ਆਲੇ-ਦੁਆਲੇ ਦੀਆਂ ਸਥਿਤੀਆਂ ਦੇ ਅਧਾਰ 'ਤੇ ਹੈੱਡਲਾਈਟ ਦੀ ਚਮਕ ਨੂੰ ਘਟਾਉਂਦਾ-ਵਧਾਉਂਦਾ ਹੈ। ਇਹ ਵਿਸ਼ੇਸ਼ਤਾ ਦੂਜੇ ਡਰਾਈਵਰਾਂ ਨੂੰ ਕੋਈ ਅਸੁਵਿਧਾ ਪਹੁੰਚਾਏ ਬਗੈਰ ਦਿੱਸਣਯੋਗਤਾ ਨੂੰ ਵਧਾਉਂਦੀ ਹੈ।
10. **ਟੱਕਰ ਘਟਾਉਣ ਵਾਲੇ ਸਿਸਟਮ।** ਜੇ ਟੱਕਰ ਤੋਂ ਬਚਿਆ ਨਾ ਜਾ ਸਕਦਾ ਹੋਵੇ ਤਾਂ ਇਸਦੇ ਅਸਰ ਨੂੰ ਘਟਾਉਂਦਾ ਹੈ। ਇਹ ਕੰਪੋਨੈਂਟ ਸਿਰਫ਼ ਟੱਕਰ ਤੋਂ ਬਚਾਉਣ ਤੋਂ ਵੀ ਵੱਧ ਕੇ ਕੰਮ ਕਰਦਾ ਹੈ ਅਤੇ ਇਸ ਵਿੱਚ ਪ੍ਰੀ-ਕ੍ਰੈਸ਼ ਸੀਟ ਬੈਲਟ ਟੈਂਸ਼ਨਿੰਗ ਅਤੇ ਟੱਕਰ-ਮਗਰੋਂ ਬ੍ਰੇਕ ਲਗਾਉਣ ਵਰਗੀਆਂ ਵਿਸ਼ੇਸ਼ਤਾਵਾਂ ਸ਼ਾਮਲ ਹੋ ਸਕਦੀਆਂ ਹਨ।

ਤਕਨਾਲੋਜੀ ਤੁਹਾਡੀ ਸਹਾਇਤਾ ਕਰ ਸਕਦੀ ਹੈ, ਪਰ ਇਹ ਪੂਰੇ ਫੋਕਸ ਨਾਲ ਕੀਤੀ ਡਰਾਈਵਿੰਗ ਦੀ ਜਗ੍ਹਾ ਨਹੀਂ ਲੈਂਦੀ। ਤੁਸੀਂ ਜਿਹੜੀ ਵੀ ਗੱਡੀ ਚਲਾਉਂਦੇ ਹੋ ਉਸ ਦੀਆਂ VST ਅਤੇ ADAS ਵਿਸ਼ੇਸ਼ਤਾਵਾਂ ਤੋਂ ਜਾਣੂ ਹੋਣਾ ਜ਼ਰੂਰੀ ਹੈ, ਪਰ ਇਸਦੇ ਬਾਅਦ ਵੀ ਤੁਹਾਨੂੰ ਆਪਣੀ ਸਮਝਦਾਰੀ ਭਰੀਆਂ ਡਰਾਈਵਿੰਗ ਆਦਤਾਂ 'ਤੇ ਭਰੋਸਾ ਕਰਨ ਦੇ ਯੋਗ ਹੋਣਾ ਜ਼ਰੂਰੀ ਹੈ।



## 2.5 | ਗੱਡੀ ਦੀ ਸਾਂਭ-ਸੰਭਾਲ

ਇਹ ਪੱਕਾ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਹਾਡੀ ਗੱਡੀ ਡ੍ਰਾਈਵ ਕਰਨ ਲਈ ਸੁਰੱਖਿਅਤ ਹੈ। ਕਿਸੇ ਨਿੱਕੀ ਜਿਹੀ ਸਮੱਸਿਆ ਨੂੰ ਵੱਡਾ ਰੂਪ ਲੈ ਲੈਣ (ਵਧੇਰੇ ਮਹਿੰਗਾ, ਵਧੇਰੇ ਖਤਰਨਾਕ) ਵਿੱਚ ਦੇਰ ਨਹੀਂ ਲੱਗਦੀ, ਇਸ ਕਰਕੇ ਆਪਣੀ ਗੱਡੀ ਦੀਆਂ ਚੇਤਾਵਨੀਆਂ ਵੱਲ ਧਿਆਨ ਦਿਓ। ਆਪਣੀ ਗੱਡੀ ਲਈ ਮਾਲਕ ਦੇ ਮੈਨੂਅਲ ਦੀ ਸਲਾਹ ਲਓ ਕਿ ਉਸ ਵਿੱਚ ਰੁਟੀਨ ਸਾਂਭ-ਸੰਭਾਲ ਲਈ ਕੀ ਸੁਝਾਅ ਦਿੱਤੇ ਗਏ ਹਨ ਅਤੇ ਜੇ ਤੁਹਾਡੀਆਂ ਇੰਡੀਕੇਟਰ ਲਾਈਟਾਂ ਜੱਗ ਜਾਂਦੀਆਂ ਹਨ ਤਾਂ ਕਦਮ ਚੁੱਕੋ।

## ਟਾਇਰ

| | |
|---|---|
| **ਟਾਇਰ ਟ੍ਰੈੱਡ (ਟਾਇਰ ਦਾ ਉੱਪਰਲਾ ਹਿੱਸਾ)** | ਘਸੇ ਹੋਏ ਟਾਇਰ ਫਿਸਲਣ ਅਤੇ ਤਿਲਕਣ ਦਾ ਕਾਰਨ ਬਣ ਸਕਦੇ ਹਨ, ਖਾਸ ਕਰਕੇ ਜੇ ਸੜਕ ਗਿੱਲੀ ਹੋਵੇ। ਟਾਇਰ ਟ੍ਰੈੱਡ ਦਾ ਅਕਾਰ 2/32 ਇੰਚ ਤੋਂ ਘੱਟ ਨਹੀਂ ਹੋਣਾ ਚਾਹੀਦਾ। |
| **ਟਾਇਰ ਦਾ ਪ੍ਰੈਸ਼ਰ** | ਟਾਇਰ ਦਾ ਘੱਟ ਪ੍ਰੈਸ਼ਰ ਤੁਹਾਡੀ ਕਾਰ ਦੀ ਹੈਂਡਲਿੰਗ ਅਤੇ ਸਪੀਡ ਨੂੰ ਪ੍ਰਭਾਵਤ ਕਰ ਸਕਦਾ ਹੈ।<br><br>ਤੁਹਾਡੇ ਟਾਇਰਾਂ ਲਈ ਹਵਾ ਦਾ ਸਹੀ ਦਬਾਅ ਡਰਾਈਵਰ ਸਾਈਡ ਵਾਲੇ ਦਰਵਾਜ਼ੇ ਦੇ ਕਿਨਾਰੇ 'ਤੇ ਟਾਇਰ ਅਤੇ ਲੋਡਿੰਗ ਜਾਣਕਾਰੀ (Tire and Loading Information) ਲੇਬਲ 'ਤੇ ਜਾਂ ਤੁਹਾਡੇ ਮਾਲਕ ਦੇ ਮੈਨੂਅਲ ਵਿੱਚ ਮਿਲ ਸਕਦਾ ਹੈ। |

## ਕੱਚ ਦੀਆਂ ਸਤਹਾਂ

- ਵਿੰਡਸ਼ੀਲਡ ਅਤੇ ਖਿੜਕੀਆਂ ਨੂੰ — ਅੰਦਰੋਂ ਅਤੇ ਬਾਹਰੋਂ ਸਾਫ਼ ਰੱਖੋ।
- ਆਪਣੇ ਖਿੜਕੀ ਧੋਣ ਵਾਲੇ ਤਰਲ ਪਦਾਰਥ ਨੂੰ ਭਰਿਆ ਰੱਖੋ।
- ਗੱਡੀ ਚਲਾਉਣ ਤੋਂ ਪਹਿਲਾਂ ਸਾਰੀਆਂ ਖਿੜਕੀਆਂ ਤੋਂ ਸਨੋ, ਬਰਫ਼, ਜਾਂ ਕੋਹਰੇ (ਫ਼੍ਰੌਸਟ) ਨੂੰ ਪੂਰੀ ਤਰ੍ਹਾਂ ਸਾਫ਼ ਕਰ ਲਓ।
- ਆਪਣੇ ਸ਼ੀਸ਼ੇ 'ਤੇ ਚੀਜ਼ਾਂ ਨਾ ਲਟਕਾਓ ਜਾਂ ਆਪਣੀਆਂ ਖਿੜਕੀਆਂ ਉੱਪਰ ਅਜਿਹੇ ਡੈਕਲ (ਸਟਿੱਕਰ) ਜਾਂ ਚੀਜ਼ਾਂ ਨਾਲ ਘੜਮੱਸ ਨਾ ਪਾਓ ਜੋ ਤੁਹਾਡੀ ਨਜ਼ਰ ਵਿੱਚ ਰੁਕਾਵਟ ਪਾਉਂਦੀਆਂ ਹੋਣ।
- ਵਾਈਪਰ ਬਦਲਣ ਵਾਸਤੇ ਆਪਣੀ ਗੱਡੀ ਦੇ ਨਿਰਮਾਤਾ ਦੀਆਂ ਸਿਫ਼ਾਰਿਸ਼ਾਂ ਦੀ ਪਾਲਣਾ ਕਰੋ।




## ਹੈੱਡਲਾਈਟਾਂ

Washington ਦੇ ਕਾਨੂੰਨ ਮੁਤਾਬਕ ਤੁਹਾਡੇ ਲਈ ਸੂਰਜ ਡੁੱਬਣ ਤੋਂ ਅੱਧੇ ਘੰਟੇ ਬਾਅਦ ਤੋਂ ਲੈ ਕੇ ਸੂਰਜ ਚੜ੍ਹਨ ਤੋਂ ਅੱਧਾ ਘੰਟਾ ਪਹਿਲਾਂ ਤੱਕ ਆਪਣੀ ਗੱਡੀ ਦੀਆਂ ਹੈੱਡਲਾਈਟਾਂ ਜਗਾਉਣੀਆਂ ਜ਼ਰੂਰੀ ਹਨ। ਹਾਲਾਂਕਿ, ਆਪਣੀ ਗੱਡੀ ਦੀਆਂ ਹੈੱਡਲਾਈਟਾਂ ਨੂੰ ਚਾਲੂ ਕਰਨਾ ਇਨ੍ਹਾਂ ਤਰੀਕਿਆਂ ਨਾਲ ਯਾਦ ਰੱਖਣਾ ਅਸਾਨ ਹੋ ਸਕਦਾ ਹੈ:

- ਹਰ ਸਮੇਂ ਚਾਲੂ।
- ਹਨੇਰਾ ਹੋਣ 'ਤੇ।
- ਜਦੋਂ ਬਾਰਸ਼, ਬਰਫ਼, ਧੁੰਦ ਪੈ ਰਹੀ ਹੋਵੇ, ਜਾਂ ਜਦੋਂ ਧੂੰਆਂ ਹੋਵੇ।

**ਹੈੱਡਲਾਈਟਾਂ ਤੁਹਾਨੂੰ ਦੇਖਣ ਵਿੱਚ ਮਦਦ ਕਰਦੀਆਂ ਹਨ, ਪਰ ਇਹ ਤੁਹਾਨੂੰ ਦੇਖਣ ਵਿੱਚ ਲੋਕਾਂ ਦੀ ਵੀ ਮਦਦ ਕਰਦੀਆਂ ਹਨ!**

ਕੁਝ ਗੱਡੀਆਂ ਵਿੱਚ ਦਿਨ ਵੇਲੇ ਚੱਲਣ ਵਾਲੀਆਂ ਲਾਈਟਾਂ ਹੁੰਦੀਆਂ ਹਨ ਜੋ ਕਾਰ ਸਟਾਰਟ ਕਰਦਿਆਂ ਹੀ ਜਗ ਜਾਂਦੀਆਂ ਹਨ। ਹਾਲਾਂਕਿ, ਦਿਨ ਵੇਲੇ ਜਗਣ ਵਾਲੀਆਂ ਲਾਈਟਾਂ, ਹੈੱਡਲਾਈਟਾਂ ਜਿੰਨੀਆਂ ਚਮਕੀਲੀਆਂ ਨਹੀਂ ਹੁੰਦੀਆਂ ਅਤੇ ਇਹ ਤੁਹਾਡੀਆਂ ਟੇਲ-ਲਾਈਟਾਂ ਨੂੰ ਐਕਟਿਵੇਟ ਨਹੀਂ ਕਰਦੀਆਂ ਹਨ।

ਇਹ ਪੱਕਾ ਕਰੋ ਕਿ ਸਾਰੀਆਂ ਲਾਈਟਾਂ ਸਾਫ਼-ਸੁਥਰੀਆਂ, ਚਮਕਦਾਰ, ਸਹੀ ਦਿਸ਼ਾ ਵੱਲ ਮੂੰਹ ਕਰਦੀਆਂ ਹੋਣ, ਅਤੇ ਸਹੀ ਢੰਗ ਨਾਲ ਕੰਮ ਕਰਦੀਆਂ ਹੋਣ। ਜੇ ਤੁਹਾਡੇ ਡੈਸ਼ਬੋਰਡ 'ਤੇ "ਲੈਂਪ ਬੰਦ (lamp out)" ਦਾ ਚਿੰਨ੍ਹ ਦਿਖਾਈ ਦਿੰਦਾ ਹੈ, ਤਾਂ ਮਤਲਬ ਬਲਬ ਬਦਲਣ ਦਾ ਸਮਾਂ ਆ ਗਿਆ ਹੈ।

ਤੁਸੀਂ ਖੁੱਲ੍ਹੀਆਂ ਸੜਕਾਂ ਉੱਪਰ ਆਪਣੀਆਂ ਹਾਈ ਬੀਮਾਂ ਦੀ ਵਰਤੋਂ ਕਰ ਸਕਦੇ ਹੋ ਜਿੱਥੇ ਸਟ੍ਰੀਟ ਲਾਈਟਾਂ ਨਹੀਂ ਹੁੰਦੀਆਂ, ਪਰ ਰੈਗੂਲਰ ਹੈੱਡਲਾਈਟਾਂ ਨੂੰ ਹੇਠਾਂ ਦੱਸੀਆਂ ਸਥਿਤੀਆਂ ਵਿੱਚ ਵਾਪਸ ਜਗਾਉਣਾ ਯਾਦ ਰੱਖੋ ਜਦੋਂ ਤੁਸੀਂ:

- ਸਾਹਮਣਿਓਂ ਆ ਰਹੀ ਗੱਡੀ ਦੇ ਸਾਹਮਣੇ 500 ਫੁੱਟ 'ਤੇ ਹੋਵੋ।
- ਜਦੋਂ ਪਿੱਛੇ ਹੋਵੋ ਤਾਂ 300 ਫੁੱਟ ਦੀ ਦੂਰੀ 'ਤੇ ਹੋਵੋ।

## ਬ੍ਰੇਕ ਲਾਈਟਾਂ

ਬ੍ਰੇਕ ਲਾਈਟਾਂ ਤੁਹਾਡੇ ਪਿੱਛੇ ਵਾਲੇ ਵਿਅਕਤੀ ਨੂੰ ਸਪੀਡ ਹੌਲੀ ਕਰਨ ਅਤੇ ਰੁਕਣ ਦੀ ਤਿਆਰੀ ਕਰਨ ਲਈ ਦੱਸਦੀਆਂ ਹਨ। ਤੁਹਾਡੀਆਂ ਬ੍ਰੇਕ ਲਾਈਟਾਂ ਲਾਲ ਹੁੰਦੀਆਂ ਹਨ ਅਤੇ ਇਹ 100 ਫੁੱਟ ਦੀ ਦੂਰੀ ਤੋਂ ਸਾਫ਼ ਦਿਖਾਈ ਦੇਣੀਆਂ ਲਾਜ਼ਮੀ ਹਨ।

ਜੇ ਤੁਹਾਡੀਆਂ ਬ੍ਰੇਕ ਲਾਈਟਾਂ ਕੰਮ ਨਹੀਂ ਕਰਦੀਆਂ ਹਨ, ਤਾਂ ਹੱਥ ਨਾਲ ਇਸ਼ਾਰਿਆਂ ਦੀ ਵਰਤੋਂ ਕਰੋ। ਆਪਣੀ ਖੱਬੀ ਬਾਂਹ ਡਰਾਈਵਰ ਵਾਲੇ ਪਾਸੇ ਦੀ ਖਿੜਕੀ ਤੋਂ ਬਾਹਰ ਕੱਢੋ, ਅਤੇ ਆਪਣੀਆਂ ਉਂਗਲਾਂ ਨਾਲ ਜ਼ਮੀਨ ਵੱਲ ਇਸ਼ਾਰਾ ਕਰੋ। ਇਸ ਨਾਲ ਤੁਹਾਡੇ ਪਿੱਛੇ ਵਾਲੇ ਵਾਹਨ ਨੂੰ ਸਪੀਡ ਹੌਲੀ ਕਰਨ ਅਤੇ ਰੁਕਣ ਦੀ ਤਿਆਰੀ ਕਰਨ ਲਈ ਇਸ਼ਾਰਾ ਮਿਲੇਗਾ।

## ਮੋੜ ਦੇ ਸਿਗਨਲ

ਦਿਸ਼ਾ ਬਦਲਣ ਤੋਂ ਪਹਿਲਾਂ ਹਮੇਸ਼ਾ ਇਸ਼ਾਰਾ ਦੇਣ ਦੀ ਆਦਤ ਪਾਓ, ਉਦੋਂ ਵੀ ਜਦੋਂ ਤੁਹਾਨੂੰ ਆਲੇ-ਦੁਆਲੇ ਕੋਈ ਹੋਰ ਦਿਖਾਈ ਨਾ ਦੇ ਰਿਹਾ ਹੋਵੇ।

- ਮੁੜਨਾ ਸ਼ੁਰੂ ਕਰਨ ਤੋਂ 100 ਫੁੱਟ ਪਹਿਲਾਂ ਸਿਗਨਲ ਦੇ ਦਿਓ।
- ਇਹ ਪੱਕਾ ਕਰੋ ਕਿ ਮੁੜਨ ਤੋਂ ਬਾਅਦ ਤੁਹਾਡੇ ਸਿਗਨਲ ਨੇ ਝਪਕਣਾ (ਬਲਿੰਕ ਕਰਨਾ) ਬੰਦ ਕਰ ਦਿੱਤਾ ਹੈ।



## ਹੱਥ ਨਾਲ ਇਸ਼ਾਰੇ

ਜੇ ਇੱਕ ਜਾਂ ਦੋਵੇਂ ਸਿਗਨਲ ਕੰਮ ਨਹੀਂ ਕਰ ਰਹੇ ਹਨ, ਤਾਂ ਹੱਥ ਦੇ ਇਸ਼ਾਰਿਆਂ ਨਾਲ ਦੂਜੇ ਡਰਾਈਵਰਾਂ ਨੂੰ ਦੱਸੋ ਕਿ ਤੁਸੀਂ ਕੀ ਕਰ ਰਹੇ ਹੋ।

**ਰੁਕੋ**

ਡਰਾਈਵਰ ਵਾਲੇ ਪਾਸੇ ਦੀ ਖਿੜਕੀ ਤੋਂ ਆਪਣੀ ਖੱਬੀ ਬਾਂਹ ਬਾਹਰ ਕੱਢੋ। ਆਪਣੀ ਉਂਗਲਾਂ ਨਾਲ ਜ਼ਮੀਨ ਵੱਲ ਇਸ਼ਾਰਾ ਕਰੋ। ਇਸ ਨਾਲ ਤੁਹਾਡੇ ਪਿੱਛੇ ਵਾਲੇ ਵਿਅਕਤੀ ਨੂੰ ਸਪੀਡ ਹੌਲੀ ਕਰਨ ਅਤੇ ਰੁਕਣ ਦੀ ਤਿਆਰੀ ਕਰਨ ਲਈ ਇਸ਼ਾਰਾ ਮਿਲੇਗਾ।

**ਖੱਬਾ ਮੋੜ**

ਖਿੜਕੀ ਤੋਂ ਆਪਣੀ ਖੱਬੀ ਬਾਂਹ ਬਾਹਰ ਕੱਢੋ। ਆਪਣੀਆਂ ਉਂਗਲਾਂ ਨਾਲ ਸਿੱਧਾ ਖੱਬੇ ਪਾਸੇ ਵੱਲ ਇਸ਼ਾਰਾ ਕਰੋ।

**ਸੱਜਾ ਮੋੜ**

ਖਿੜਕੀ ਤੋਂ ਆਪਣੀ ਖੱਬੀ ਬਾਂਹ ਬਾਹਰ ਕੱਢੋ। ਆਪਣੀ ਬਾਂਹ ਨੂੰ ਇਸ ਤਰ੍ਹਾਂ ਮੋੜੋ ਕਿ ਤੁਹਾਡੀਆਂ ਉਂਗਲਾਂ ਅਸਮਾਨ ਵੱਲ ਇਸ਼ਾਰਾ ਕਰਨ।

## ਖਤਰੇ ਦੀ ਚੇਤਾਵਨੀ ਵਾਲੀਆਂ ਲਾਈਟਾਂ

ਜੇ ਤੁਹਾਡੀ ਕਾਰ ਖਰਾਬ ਹੋ ਜਾਂਦੀ ਹੈ ਜਾਂ ਤੁਹਾਨੂੰ ਐਮਰਜੈਂਸੀ ਵਿੱਚ ਰੁਕਣ ਦੀ ਲੋੜ ਪੈਂਦੀ ਹੈ, ਤਾਂ ਆਪਣੀਆਂ ਫ਼ਲੈਸ਼ ਕਰਦੀਆਂ ਖਤਰੇ ਵਾਲੀਆਂ ਲਾਈਟਾਂ ਜਗਾਓ। ਇਸ ਨਾਲ ਦੂਜੇ ਡਰਾਈਵਰ ਤੁਹਾਡੀ ਸਥਿਤੀ ਬਾਰੇ ਚੌਕਸ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਤੁਹਾਡੇ ਆਲੇ-ਦੁਆਲੇ ਤੋਂ ਸੁਰੱਖਿਅਤ ਢੰਗ ਨਾਲ ਨਿਕਲਣ ਦਾ ਮੌਕਾ ਮਿਲ ਜਾਂਦਾ ਹੈ।

## ਡਰਾਈਵਰ ਦੀ ਸੀਟ

- ਆਪਣੀ ਸੀਟ ਨੂੰ ਇਸ ਤਰ੍ਹਾਂ ਸਮਾਯੋਜਿਤ ਕਰੋ ਕਿ ਤੁਹਾਨੂੰ ਵਿੰਡਸ਼ੀਲਡ ਤੋਂ ਸਾਫ਼-ਸਾਫ਼ ਦਿਖਾਈ ਦੇ ਸਕੇ ਅਤੇ ਤੁਸੀਂ ਪੈਡਲਾਂ ਤੱਕ ਅਸਾਨੀ ਨਾਲ ਪਹੁੰਚ ਸਕੋ।
- ਆਪਣੀ ਸੀਟ ਦਾ ਪਿਛਲਾ ਪਾਸਾ ਇਸ ਤਰ੍ਹਾਂ ਸਮਾਯੋਜਿਤ ਕਰੋ ਕਿ ਤੁਸੀਂ ਅਰਾਮ ਨਾਲ ਸਿੱਧੇ ਬੈਠ ਸਕੋ। ਏਅਰਬੈਗ ਲਈ ਜਗ੍ਹਾ ਬਣਾਉਣ ਵਾਸਤੇ ਤੁਹਾਡੀ ਛਾਤੀ ਸਟੀਅਰਿੰਗ ਵ੍ਹੀਲ ਤੋਂ ਘੱਟ ਤੋਂ ਘੱਟ 10 ਇੰਚ ਦੂਰ ਹੋਣੀ ਚਾਹੀਦੀ ਹੈ।
- ਸਟੀਅਰਿੰਗ ਵ੍ਹੀਲ ਨੂੰ ਇਸ ਤਰ੍ਹਾਂ ਸਮਾਯੋਜਿਤ ਕਰੋ ਕਿ ਤੁਸੀਂ ਆਪਣੀ ਕੂਹਣੀ ਨੂੰ ਹਲਕਾ ਜਿਹਾ ਮੋੜ ਕੇ ਵ੍ਹੀਲ 'ਤੇ ਪਕੜ ਬਣਾ ਸਕੋ।
- ਆਪਣੇ ਆਪ ਨੂੰ ਗਰਦਨ ਵਿੱਚ ਝਟਕੇ ਤੋਂ ਬਚਾਉਣ ਲਈ ਇਹ ਪੱਕਾ ਕਰੋ ਕਿ ਹੈੱਡਰੈਸਟ ਤੁਹਾਡੇ ਕੰਨਾਂ ਦੇ ਨਾਲ ਇਕਸਾਰ ਹੈ।

ਜਦ ਵੀ ਤੁਸੀਂ ਕਿਸੇ ਹੋਰ ਦੇ ਗੱਡੀ ਚਲਾਉਣ ਤੋਂ ਬਾਅਦ ਗੱਡੀ ਨੂੰ ਚਲਾਉਣ ਲੱਗਦੇ ਹੋ, ਤਾਂ ਇਸ ਢੰਗ ਨਾਲ ਸਮਾਯੋਜਨ ਕਰੋ ਜੋ ਤੁਹਾਨੂੰ ਅਰਾਮਦੇਹ ਅਤੇ ਸੁਰੱਖਿਅਤ ਰੱਖਣ।

## ਸੀਟ ਬੈਲਟਾਂ ਅਤੇ ਯਾਤਰੀ ਸੁਰੱਖਿਆ

ਸਹੀ ਢੰਗ ਨਾਲ ਸੀਟ ਬੈਲਟ ਨੂੰ ਬੰਨ੍ਹਣਾ ਖੁਦ ਦੀ ਸੁਰੱਖਿਆ ਕਰਨ ਦਾ ਸਭ ਤੋਂ ਕਾਰਗਰ ਤਰੀਕਾ ਹੈ। ਸੀਟ ਬੈਲਟ ਲਗਾਉਣ ਨਾਲ ਕਿਸੇ ਦੁਰਘਟਨਾ ਵਿੱਚ ਘਾਤਕ ਸੱਟ ਲੱਗਣ ਦਾ ਜੋਖ਼ਮ ਬਹੁਤ ਹੱਦ ਤੱਕ ਘੱਟ ਜਾਂਦਾ ਹੈ। ਹਮੇਸ਼ਾ ਆਪਣੀ ਸੀਟ ਬੈਲਟ ਬੰਨ੍ਹੋ ਅਤੇ ਇਹ ਪੱਕਾ ਕਰੋ ਕਿ ਸਾਰੇ ਯਾਤਰੀ ਸੀਟ ਬੈਲਟ, ਬੱਚਿਆਂ ਦੀ ਸੁਰੱਖਿਆ ਵਾਲੀਆਂ ਬੈਲਟਾਂ, ਜਾਂ ਬੂਸਟਰ ਸੀਟਾਂ ਦਾ ਸਹੀ ਢੰਗ ਨਾਲ ਇਸਤੇਮਾਲ ਕਰ ਰਹੇ ਹਨ।



## ਇਸ ਨੂੰ ਕਲਿੱਕ ਕਰੋ!



ਤੁਹਾਡੀ ਸੀਟ ਬੈਲਟ ਤੁਹਾਡੀ ਛਾਤੀ ਦੇ ਵਿਚਕਾਰੋਂ ਲੰਘਣੀ ਚਾਹੀਦੀ ਹੈ। ਇਸਨੂੰ ਕਦੇ ਵੀ ਆਪਣੀ ਪਿੱਠ ਦੇ ਪਿੱਛੇ ਜਾਂ ਆਪਣੀ ਬਾਂਹ ਦੇ ਹੇਠਾਂ ਨਾ ਰੱਖੋ। ਮੋਢੇ ਦੀ ਬੈਲਟ ਮੋਢੇ ਅਤੇ ਛਾਤੀ 'ਤੇ ਕੱਸ ਕੇ ਫਿੱਟ ਹੋਣੀ ਚਾਹੀਦੀ ਹੈ, ਅਤੇ ਗਰਦਨ ਜਾਂ ਚਿਹਰੇ ਦੇ ਉੱਪਰੋਂ ਨਹੀਂ ਜਾਣੀ ਚਾਹੀਦੀ। ਲੈਪ ਬੈਲਟ ਪੇਟ ਦੇ ਹੇਠਾਂ, ਕੁੱਲ੍ਹਿਆਂ ਤੋਂ ਸੁਰੱਖਿਅਤ ਢੰਗ ਨਾਲ ਕੱਸ ਕੇ ਬੰਨ੍ਹੀ ਹੋਣੀ ਚਾਹੀਦੀ ਹੈ।

ਚਲਦੀ ਹੋਈ ਗੱਡੀ ਵਿੱਚ ਹਰ ਵਿਅਕਤੀ ਨੂੰ ਸੀਟ ਬੈਲਟ ਲਗਾਉਣੀ ਲਾਜ਼ਮੀ ਹੈ ਜਾਂ ਬੱਚੇ ਨੂੰ ਕੱਸ ਕੇ ਸੁਰੱਖਿਅਤ ਕਰਨ ਵਾਲੀ ਡਿਵਾਈਸ ਵਿੱਚ ਸੁਰੱਖਿਅਤ ਢੰਗ ਨਾਲ ਬੰਨ੍ਹਿਆ ਹੋਣਾ ਲਾਜ਼ਮੀ ਹੈ।

**ਸੀਟ ਬੈਲਟ ਲਗਾਏ ਬਗੈਰ ਜਾਂ ਬੱਚੇ ਨੂੰ ਕੱਸ ਕੇ ਸੁਰੱਖਿਅਤ ਕਰਨ ਵਾਲੀ ਡਿਵਾਈਸ ਵਰਤੇ ਬਗੈਰ ਗੱਡੀ ਚਲਾਉਣਾ ਜਾਂ ਉਸ ਵਿੱਚ ਸਵਾਰੀ ਕਰਨਾ ਗੈਰ-ਕਾਨੂੰਨੀ ਹੈ। RCW (Revised Code of Washington, ਵਾਸ਼ਿੰਗਟਨ ਦਾ ਸੋਧਿਆ ਹੋਇਆ ਕੋਡ) 46.61.687 ਅਤੇ RCW 46.61.688**

ਇਹ ਜ਼ਰੂਰ ਪੱਕਾ ਕਰ ਲਓ ਕਿ ਤੁਹਾਡੀ ਸੀਟ ਬੈਲਟ ਮੁੜੀ ਹੋਈ ਨਾ ਹੋਵੇ, ਲੈਪ ਬੈਲਟ ਤੁਹਾਡੇ ਉੱਪਰਲੇ ਪੱਟ 'ਤੇ ਹੋਵੇ, ਅਤੇ ਕ੍ਰਾਸ-ਬਾਡੀ ਸਟ੍ਰੈਪ ਤੁਹਾਡੇ ਮੋਢੇ ਦੇ ਵਿਚਕਾਰ ਹੋਵੇ। ਤੁਹਾਡੇ ਗੋਡੇ ਸੀਟ ਦੇ ਕਿਨਾਰੇ 'ਤੇ ਮੁੜੇ ਹੋਣੇ ਚਾਹੀਦੇ ਹਨ, ਤੁਹਾਡੇ ਪੈਰ ਫਰਸ਼ ਨੂੰ ਛੂਹਣੇ ਚਾਹੀਦੇ ਹਨ, ਅਤੇ ਤੁਹਾਡਾ ਹੈੱਡਰੇਸਟ ਤੁਹਾਡੇ ਕੰਨਾਂ ਦੇ ਨਾਲ ਇਕਸਾਰ ਹੋਣਾ ਚਾਹੀਦਾ ਹੈ।

## ਬੱਚਿਆਂ ਦੀਆਂ ਸੀਟਾਂ



ਜਦ ਵੀ ਤੁਸੀਂ (ਜਾਂ ਹੋਰ ਲੋਕ) ਬੱਚੇ ਨਾਲ ਯਾਤਰਾ ਕਰਦੇ ਹੋ ਤਾਂ ਮੁਸਾਫ਼ਰ ਬੱਚਿਆਂ ਦੀ ਉਮਰ ਅਤੇ ਕੱਦ ਅਨੁਸਾਰ ਸਹੀ ਸੀਟ ਦੀ ਵਰਤੋਂ ਕਰਦੇ ਹੋਏ ਉਨ੍ਹਾਂ ਦੀ ਰੱਖਿਆ ਕਰੋ।

ਚਾਈਲਡ ਰੈਸਟ੍ਰੇਂਟ ਸਿਸਟਮ ਲਈ ਸੰਘੀ ਮੋਟਰ ਵਾਹਨ ਸੁਰੱਖਿਆ ਮਿਆਰਾਂ (Federal Motor Vehicle Safety Standards) ਦੀ ਪਾਲਣਾ ਕਰਨੀ ਜ਼ਰੂਰੀ ਹੈ ਅਤੇ ਇਹ ਗੱਡੀ ਅਤੇ ਚਾਈਲਡ ਰੈਸਟ੍ਰੇਂਟ ਸਿਸਟਮ ਦੇ ਨਿਰਮਾਤਾ ਦੀਆਂ ਹਿਦਾਇਤਾਂ ਮੁਤਾਬਕ ਗੱਡੀ ਵਿੱਚ ਮਜ਼ਬੂਤੀ ਨਾਲ ਲੱਗੀਆਂ ਹੋਣੀਆਂ ਲਾਜ਼ਮੀ ਹਨ।

ਤੁਸੀਂ ਕਿਸੇ ਪ੍ਰਮਾਣਤ ਚਾਈਲਡ ਪੈਸੰਜਰ ਸੁਰੱਖਿਆ ਤਕਨੀਸ਼ੀਅਨ ਤੋਂ ਆਪਣੇ ਚਾਈਲਡ ਰੈਸਟ੍ਰੇਂਟ ਸਿਸਟਮ ਨੂੰ ਇੰਸਟਾਲ ਕਰਵਾ ਸਕਦੇ ਹੋ।

ਹੋਰ ਜਾਣਕਾਰੀ ਅਤੇ ਸੁਰੱਖਿਆ ਜਾਂਚ ਲਈ ਲੋਕੇਸ਼ਨਾਂ wacarseats.com 'ਤੇ ਲੱਭੋ।

ਬੱਚੇ ਨੂੰ ਸੁਰੱਖਿਆ ਬੈਲਟ ਦੇ ਹਰ ਪੜਾਅ ਵਿੱਚ ਉਦੋਂ ਤੱਕ ਰਹਿਣਾ ਚਾਹੀਦਾ ਹੈ ਜਦੋਂ ਤੱਕ ਕਿ ਸੀਟ ਸਭ ਤੋਂ ਵਧੀਆ ਸੁਰੱਖਿਆ ਮੁਹੱਈਆ ਕਰਦੀ ਹੈ।



**ਪਿੱਛੇ ਵੱਲ ਮੂੰਹ ਵਾਲੀ**

**2 ਸਾਲ ਤੱਕ ਦੇ ਬੱਚਿਆਂ ਨੂੰ ਪਿੱਛੇ ਵੱਲ ਮੂੰਹ ਵਾਲੀ ਕਾਰ ਸੀਟ 'ਤੇ ਸਫ਼ਰ ਕਰਨਾ ਲਾਜ਼ਮੀ ਹੈ।**

**ਉਮਰ: ਜਨਮ - 2 ਸਾਲ**



### ਅੱਗੇ ਵੱਲ ਮੂੰਹ ਵਾਲੀ

**2 ਤੋਂ 4 ਸਾਲ ਦੀ ਉਮਰ ਦੇ ਬੱਚਿਆਂ ਨੂੰ ਕਾਰ ਸੀਟ 'ਤੇ ਪਿੱਛੇ ਜਾਂ ਅੱਗੇ ਵੱਲ ਮੂੰਹ ਵਾਲੀ ਹਾਰਨੈੱਸ ਵਾਲੀ ਕਾਰ ਸੀਟ 'ਤੇ ਸਫ਼ਰ ਕਰਨਾ ਲਾਜ਼ਮੀ ਹੈ।**

**ਉਮਰ: 2 ਤੋਂ 4 ਸਾਲ**



### ਬੂਸਟਰ

**4 ਸਾਲ ਅਤੇ ਇਸਤੋਂ ਵੱਧ ਉਮਰ ਦੇ ਬੱਚਿਆਂ ਨੂੰ ਉਦੋਂ ਤੱਕ ਕਾਰ ਜਾਂ ਬੂਸਟਰ ਸੀਟ 'ਤੇ ਸਫ਼ਰ ਕਰਨਾ ਲਾਜ਼ਮੀ ਹੈ ਜਦੋਂ ਤੱਕ ਕਿ ਗੱਡੀ ਦੀ ਲੈਪ ਅਤੇ ਮੋਢੇ ਵਾਲੀ ਸੀਟ ਬੈਲਟ ਉਸਦੇ ਸਹੀ ਤਰੀਕੇ ਨਾਲ ਫਿੱਟ ਨਾ ਹੁੰਦੀ ਹੋਵੇ– ਆਮ ਤੌਰ 'ਤੇ, 8 ਤੋਂ 12 ਸਾਲ ਦੀ ਉਮਰ ਦੇ ਵਿਚਕਾਰ।**

**ਉਮਰ ਅਤੇ ਕੱਦ: 4 ਸਾਲ ਤੋਂ 4'9"**



### ਸੀਟ ਬੈਲਟ

**ਸੀਟ ਬੈਲਟ ਲਗਾਉਣ ਦੇ ਕਾਬਲ ਉਮਰ ਅਤੇ ਕੱਦ ਦੇ ਸਾਰੇ ਯਾਤਰੀਆਂ ਨੂੰ ਸਹੀ ਢੰਗ ਨਾਲ ਫਿੱਟ ਹੋਣ ਵਾਲੀ ਬੈਲਟ ਹੀ ਪਹਿਨਣੀ ਲਾਜ਼ਮੀ ਹੈ।**

**ਕੱਦ: 4'9" ਤੋਂ ਵੱਧ**

## ਏਅਰਬੈਗ

ਦੁਰਘਟਨਾ ਦੀ ਸਥਿਤੀ ਵਿੱਚ ਤੁਹਾਨੂੰ ਸੁਰੱਖਿਅਤ ਰੱਖਣ ਲਈ ਏਅਰਬੈਗ ਅਤੇ ਸੀਟ ਬੈਲਟ ਇਕੱਠੇ ਕੰਮ ਕਰਦੇ ਹਨ। ਜੇ ਤੁਸੀਂ ਏਅਰਬੈਗ ਖੁੱਲ੍ਹਣ ਵੇਲੇ ਆਪਣੀ ਸੀਟ ਬੈਲਟ ਨਹੀਂ ਪਹਿਨੀ ਹੋਈ ਹੈ, ਤਾਂ ਤੁਹਾਨੂੰ ਗੰਭੀਰ ਸੱਟ ਲੱਗਣ ਜਾਂ ਮੌਤ ਹੋਣ ਦਾ ਖਤਰਾ ਹੁੰਦਾ ਹੈ। ਏਅਰਬੈਗਾਂ ਕਰਕੇ ਹੀ 13 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕਦੇ ਵੀ ਅਗਲੀ ਸੀਟ 'ਤੇ ਸਫ਼ਰ ਨਹੀਂ ਕਰਨਾ ਚਾਹੀਦਾ ਹੈ। ਜੇ ਏਅਰਬੈਗ ਖੁੱਲ੍ਹ ਜਾਵੇ ਤਾਂ ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਸਕਦੇ ਹਨ ਜਾਂ ਉਨ੍ਹਾਂ ਦੀ ਮੌਤ ਹੋ ਸਕਦੀ ਹੈ।

## 2.7 | ਸਟੀਅਰਿੰਗ




ਆਪਣੇ ਹੱਥਾਂ ਨੂੰ ਸਟੀਅਰਿੰਗ ਵ੍ਹੀਲ ਦੇ ਬਾਹਰ, ਇਸਦੇ ਉੱਪਰਲੇ ਅੱਧੇ ਹਿੱਸੇ 'ਤੇ ਰੱਖੋ। ਇਸ ਨਾਲ ਤੁਹਾਨੂੰ ਇਸਦਾ ਸਭ ਤੋਂ ਵਧੀਆ ਕੰਟਰੋਲ ਰਹੇਗਾ।




ਸੋਚ ਕੇ ਦੇਖੋ ਕਿ ਸਟੀਅਰਿੰਗ ਵ੍ਹੀਲ ਇੱਕ ਘੜੀ ਹੈ। ਹਰ ਘੰਟਾ ਤੁਹਾਡੇ ਲਈ ਵ੍ਹੀਲ ਨੂੰ ਫੜਨ ਵਾਸਤੇ ਇੱਕ ਸਥਾਨ ਦਰਸਾਉਂਦਾ ਹੈ। ਉੱਤੇ ਦਿੱਤੀ ਤਸਵੀਰ ਵਿੱਚ, ਡਰਾਈਵਰ ਦੇ ਹੱਥ 9:00 ਅਤੇ 3:00 ਵਜੇ ਵਾਲੀ ਜਗ੍ਹਾ 'ਤੇ ਹਨ।

ਘੁਮਾਉਣ ਦੇ ਤਿੰਨ ਅਜਿਹੇ ਤਰੀਕੇ ਹਨ ਜੋ ਬਿਨਾਂ ਰੁਕਾਵਟ, ਨਿਰੰਤਰ ਸਟੀਅਰਿੰਗ ਕੰਟਰੋਲ ਕਰ ਸਕਦੇ ਹਨ।

## ਹੈਂਡ-ਟੂ-ਹੈਂਡ ਸਟੀਅਰਿੰਗ (ਖਿੱਚੋ/ਧੱਕੋ)



ਇਸ ਤਰੀਕੇ ਦਾ ਇਸਤੇਮਾਲ ਕਰਦੇ ਸਮੇਂ, ਤੁਹਾਡੇ ਹੱਥ 9 ਅਤੇ 3 'ਤੇ ਜਾਂ ਫਿਰ 10 ਅਤੇ 2 'ਤੇ ਹੋਣੇ ਚਾਹੀਦੇ ਹਨ।



ਜਦੋਂ ਤੁਸੀਂ ਮੁੜੋ ਤਾਂ ਆਪਣੇ ਹੱਥਾਂ ਨੂੰ ਇਸ ਸਥਿਤੀ ਵਿੱਚ ਰੱਖੋ। ਇਸ ਤਸਵੀਰ ਵਿੱਚ, ਡਰਾਈਵਰ ਆਪਣੇ ਖੱਬੇ ਹੱਥ ਨਾਲ ਖਿੱਚ ਰਿਹਾ ਹੈ, ਅਤੇ ਆਪਣੇ ਸੱਜੇ ਹੱਥ ਨਾਲ ਧੱਕ ਰਿਹਾ ਹੈ।



ਕਿਉਂਕਿ ਤੁਹਾਡੇ ਹੱਥ ਕਦੇ ਵੀ ਸਟੀਅਰਿੰਗ ਵ੍ਹੀਲ ਦੇ ਉੱਪਰੋਂ ਨਹੀਂ ਲੰਘਦੇ ਹਨ, ਇਸ ਕਰਕੇ ਏਅਰ ਬੈਗ ਦੇ ਖੁੱਲ੍ਹਣ 'ਤੇ ਚਿਹਰੇ, ਹੱਥਾਂ ਜਾਂ ਬਾਹਾਂ ਨੂੰ ਸੱਟ ਲੱਗਣ ਦੀ ਸੰਭਾਵਨਾ ਘੱਟ ਹੁੰਦੀ ਹੈ।



ਤੁਹਾਡੇ ਹੱਥ ਕਦੇ ਵੀ ਵ੍ਹੀਲ ਤੋਂ ਹਟਦੇ ਨਹੀਂ ਹਨ ਅਤੇ ਹਰ ਹੱਥ ਆਪੋ-ਆਪਣੇ ਪਾਸੇ ਰਹਿੰਦਾ ਹੈ। ਇੱਕ ਹੱਥ ਵ੍ਹੀਲ 'ਤੇ ਪਕੜ ਬਣਾਉਂਦਾ ਅਤੇ ਸਟੀਅਰ ਕਰਦਾ ਹੈ। ਦੂਜਾ ਹੱਥ ਸਲਾਈਡ ਕਰਦਾ ਅਤੇ ਸਟੀਅਰ ਕਰਨ ਵਾਲੇ ਹੱਥ ਦੀ ਉਲਟ ਦਿਸ਼ਾ ਵੱਲ ਰਹਿੰਦਾ ਹੈ।



ਹੈਂਡ-ਟੂ-ਹੈਂਡ ਤਕਨੀਕ ਦੋਵੇਂ ਹੱਥਾਂ ਨੂੰ ਵ੍ਹੀਲ 'ਤੇ ਰੱਖਦੀ ਹੈ, ਜਿਸ ਨਾਲ ਤੁਸੀਂ ਫੌਰਨ ਲੋੜੀਂਦੀਆਂ ਤਬਦੀਲੀਆਂ ਕਰ ਸਕਦੇ ਹੋ, ਅਤੇ ਆਪਣੀਆਂ ਬਾਂਹਵਾਂ ਨੂੰ ਏਅਰਬੈਗ ਵਾਲੇ ਖੇਤਰ ਤੋਂ ਦੂਰ ਰੱਖ ਸਕਦੇ ਹੋ।

## ਹੈਂਡ-ਓਵਰ-ਹੈਂਡ ਸਟੀਅਰਿੰਗ



ਘੱਟ ਸਪੀਡ 'ਤੇ ਮੋੜਦੇ ਸਮੇਂ, ਦਿੱਸਣਯੋਗਤਾ (ਵਿਜ਼ਿਬਿਲਟੀ) ਸੀਮਤ ਹੋਣ 'ਤੇ, ਕਿਸੇ ਚੌਰਾਹੇ 'ਤੇ, ਗੱਡੀ ਨੂੰ ਪਾਰਕ ਕਰਦੇ ਸਮੇਂ, ਜਾਂ ਫਿਸਲਣ ਤੋਂ ਸੰਭਲਦੇ ਸਮੇਂ ਸਟੀਅਰਿੰਗ ਦੇ ਇਸ ਤਰੀਕੇ ਦਾ ਇਸਤੇਮਾਲ ਕਰੋ।



ਇਸ ਤਰੀਕੇ ਦਾ ਇਸਤੇਮਾਲ ਕਰਦੇ ਸਮੇਂ, ਤੁਹਾਡੇ ਹੱਥ 9 ਅਤੇ 3 'ਤੇ ਜਾਂ ਫਿਰ 10 ਅਤੇ 2 'ਤੇ ਸ਼ੁਰੂ ਹੋਣੇ ਚਾਹੀਦੇ ਹਨ।



ਮੋੜਦੇ ਸਮੇਂ, ਸਟੀਅਰਿੰਗ ਵ੍ਹੀਲ ਨੂੰ ਫੜਨ ਲਈ ਇੱਕ ਬਾਂਹ ਨੂੰ ਦੂਜੀ ਦੇ ਪਾਰ ਲਿਜਾਓ, ਅਤੇ ਲੋੜ ਅਨੁਸਾਰ ਵ੍ਹੀਲ ਨੂੰ ਖਿੱਚੋ।



ਹੇਠਾਂ ਵਾਲੇ ਹੱਥ ਨੂੰ ਛੱਡ ਦਿਓ ਤਾਂ ਜੋ ਤੁਸੀਂ ਇਸਨੂੰ ਵ੍ਹੀਲ 'ਤੇ ਦੁਬਾਰਾ ਰੱਖ ਸਕੋ।



ਮੋੜ ਨੂੰ ਬਗੈਰ ਅਟਕੇ ਪੂਰਾ ਕਰਦੇ ਹੋਏ ਸਟੀਅਰਿੰਗ ਵ੍ਹੀਲ ਨੂੰ ਸਿੱਧਾ ਕਰੋ।



### ਇੱਕ-ਹੱਥ ਨਾਲ ਸਟੀਅਰਿੰਗ

ਗੱਡੀ ਨੂੰ ਪਿੱਛੇ ਕਰਦੇ ਸਮੇਂ ਜਾਂ ਉਨ੍ਹਾਂ ਕੰਟਰੋਲਾਂ (ਵਾਈਪਰ, ਫਲੈਸ਼ਰ, ਲਾਈਟਾਂ, ਵਗੈਰਾ) ਨੂੰ ਵਰਤਦੇ ਸਮੇਂ ਇੱਕ-ਹੱਥ ਵਾਲੀ ਸਟੀਅਰਿੰਗ ਦੀ ਵਰਤੋਂ ਕਰੋ ਜਿਨ੍ਹਾਂ ਲਈ ਤੁਹਾਨੂੰ ਸਟੀਅਰਿੰਗ ਵ੍ਹੀਲ ਰਾਹੀਂ ਪਹੁੰਚਣ ਦੀ ਲੋੜ ਹੁੰਦੀ ਹੈ।

ਗੱਡੀ ਦੇ ਸੰਤੁਲਨ ਅਤੇ ਰਿਵਰਸ ਕਰਨ 'ਤੇ ਸਟੀਅਰਿੰਗ ਦੇ ਪੂਰੇ ਕੰਟਰੋਲ ਵਿੱਚ ਹੋਣ ਲਈ ਸਟੀਅਰਿੰਗ ਵ੍ਹੀਲ 'ਤੇ ਇੱਕ ਹੱਥ ਰੱਖਣਾ ਬਹੁਤ ਮਹੱਤਵਪੂਰਨ ਹੁੰਦਾ ਹੈ।

12 ਵਾਲੀ ਸਥਿਤੀ ਦੀ ਸਲਾਹ ਸਿਰਫ਼ ਉਦੋਂ ਦਿੱਤੀ ਜਾਂਦੀ ਹੈ ਜਦੋਂ ਗੱਡੀ ਬੈਕ (ਪਿੱਛੇ) ਕਰ ਰਹੇ ਹੋਵੋ। ਇਸ ਸਥਿਤੀ ਵਿੱਚ, ਤੁਹਾਡੇ ਪਿੱਛੇ ਵਾਲੇ ਰਾਹ ਨੂੰ ਦੇਖਣ ਲਈ ਆਪਣੇ ਸਰੀਰ ਨੂੰ ਪਿੱਛੇ ਵੱਲ ਘੁਮਾਓ।

## 2.8 | ਬ੍ਰੇਕ ਲਗਾਉਣਾ

ਗੱਡੀ ਦਾ ਵਧੀਆ ਸੰਚਾਲਨ ਤੁਸੀਂ ਇਸ ਕਾਬਲੀਅਤ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਹਰ ਵੇਲੇ ਸਪੀਡ ਅਤੇ ਜਗ੍ਹਾ ਨੂੰ ਕਿੰਨੇ ਸਟੀਕ ਅਤੇ ਸੁਚਾਰੂ ਢੰਗ ਨਾਲ ਸਾਂਭਦੇ ਹੋ।

### ਬ੍ਰੇਕ 'ਤੇ ਦਬਾਅ

ਤੁਹਾਨੂੰ ਬ੍ਰੇਕ 'ਤੇ ਕਿੰਨਾ ਦਬਾਅ ਪਾਉਣ ਦੀ ਲੋੜ ਹੈ, ਇਹ ਨਿਰਧਾਰਤ ਕਰਨਾ ਇੱਕ ਮਹੱਤਵਪੂਰਨ ਹੁਨਰ ਹੈ। ਜਿਉਂ-ਜਿਉਂ ਤੁਸੀਂ ਪ੍ਰੈਕਟਿਸ ਕਰੋਗੇ ਅਤੇ ਤੁਸੀਂ ਜੋ ਗੱਡੀ ਚਲਾਉਂਦੇ ਹੋ ਉਸ ਨਾਲ ਵਧੇਰੇ ਜਾਣੂ ਹੁੰਦੇ ਜਾਓਗੇ, ਇਹ ਹੋਰ ਵਿਕਸਿਤ ਹੁੰਦਾ ਜਾਵੇਗਾ। ਬ੍ਰੇਕ ਲਗਾਉਣ ਦੇ ਚਾਰ ਪੱਧਰ ਹੁੰਦੇ ਹਨ:

1. ਹਲਕੀ
2. ਦਰਮਿਆਨੀ
3. ਜ਼ੋਰ ਨਾਲ
4. ਐਮਰਜੈਂਸੀ

ਆਦਰਸ਼ ਰੂਪ ਵਿੱਚ, ਤੁਹਾਨੂੰ ਸਿਰਫ਼ ਹਲਕੀ ਅਤੇ ਦਰਮਿਆਨੀ ਬ੍ਰੇਕ ਲਗਾਉਣ ਦੀ ਲੋੜ ਪਵੇਗੀ, ਪਰ ਜੇ ਤੁਹਾਨੂੰ ਲੋੜ ਪਵੇ ਤਾਂ ਤੁਸੀਂ ਕਦੀ ਵੀ ਜ਼ੋਰਦਾਰ ਜਾਂ ਐਮਰਜੈਂਸੀ ਬ੍ਰੇਕਿੰਗ ਦੀ ਵਰਤੋਂ ਕਰ ਸਕਦੇ ਹੋ। ਬ੍ਰੇਕ ਲਗਾਉਣ ਦੀ ਤਕਨੀਕ ਵਜੋਂ, ਮੰਨ ਲਓ ਕਿ ਤੁਹਾਡੀ ਗੋਦੀ ਵਿੱਚ ਪਾਣੀ ਦਾ ਇੱਕ ਕੱਪ ਹੈ, ਤੁਸੀਂ ਨਹੀਂ ਚਾਹੁੰਦੇ ਹੋ ਕਿ ਇਸ ਤੋਂ ਪਾਣੀ ਛਲਕੇ।

ਆਪਣੇ ਪਿੱਛੇ ਬੈਠਾਂ ਲੋਕਾਂ ਨੂੰ ਵੀ ਧਿਆਨ ਵਿੱਚ ਰੱਖੋ। ਬਿਨਾਂ ਲੋੜ ਜ਼ੋਰ ਨਾਲ ਜਾਂ ਐਮਰਜੈਂਸੀ ਬ੍ਰੇਕ ਲਗਾਉਣਾ ਤੁਹਾਡੇ ਪਿੱਛੇ ਬੈਠੇ ਉਨ੍ਹਾਂ ਲੋਕਾਂ ਨੂੰ ਹੈਰਾਨ ਕਰ ਸਕਦਾ ਹੈ ਜੋ ਇੱਕ ਸ਼ਾਂਤ ਨਿਰਵਿਘਨ ਢੰਗ ਨਾਲ ਰੁਕਣ ਦੀ ਉਮੀਦ ਕਰ ਰਹੇ ਸਨ।

### ਐਂਟੀ-ਲੌਕ ਬ੍ਰੇਕਿੰਗ ਸਿਸਟਮ

ABS (Antilock Brake System, ਵਾਹਨ ਦਾ ਐਂਟੀਲੌਕ ਬ੍ਰੇਕ ਸਿਸਟਮ) ਐਮਰਜੈਂਸੀ ਬ੍ਰੇਕ ਲਗਾਉਣ ਦੀ ਸਥਿਤੀ ਵਿੱਚ ਡਰਾਈਵਰਾਂ ਨੂੰ ਸਟੀਅਰ ਕਰਨ ਦੀ ਸਹੂਲਤ ਦੇ ਕੇ ਇੱਕ ਮਹੱਤਵਪੂਰਨ ਸੁਰੱਖਿਆ ਫਾਇਦਾ ਪ੍ਰਦਾਨ ਕਰਦਾ ਹੈ। ABS ਤੁਹਾਡੀ ਰੁਕਣ ਦੀ ਦੂਰੀ ਨੂੰ ਘਟਾਉਂਦਾ ਨਹੀਂ ਹੈ, ਪਰ ਇਸ ਨਾਲ ਤੁਸੀਂ ਜ਼ਿਆਦਾ ਵਧੀਆ ਢੰਗ ਨਾਲ ਸਟੀਅਰਿੰਗ ਕੰਟਰੋਲ ਰੱਖ ਸਕੋਗੇ। ਬ੍ਰੇਕ ਲੱਗੀ ਹੋਣ 'ਤੇ, ਤੁਹਾਨੂੰ ਆਪਣੀ ਗੱਡੀ ਥੋੜ੍ਹੀ ਹਿਲਦੀ ਹੋਈ ਮਹਿਸੂਸ ਹੋ ਸਕਦੀ ਹੈ।

ਜ਼ੋਰ ਨਾਲ ਜਾਂ ਐਮਰਜੈਂਸੀ ਬ੍ਰੇਕ ਲਗਾਉਣ ਦੀ ਪ੍ਰੈਕਟਿਸ ਕਿਸੇ ਵੱਡੀ, ਖੁੱਲ੍ਹੀ ਅਤੇ ਪੱਕੀ ਜਗ੍ਹਾ 'ਤੇ ਕਰੋ। ਬ੍ਰੇਕਾਂ ਨੂੰ ਜ਼ੋਰ ਨਾਲ ਦਬਾਓ, ਅਤੇ ਮਹਿਸੂਸ ਕਰੋ ਕਿ ABS ਪਹੀਆਂ ਨੂੰ ਲੌਕ ਹੋਣ ਤੋਂ ਰੋਕ ਰਿਹਾ ਹੈ।

## 2.9 | ਸਪੀਡ ਵਧਾਉਣਾ

ਸੁਚਾਰੂ ਢੰਗ ਨਾਲ ਗੱਡੀ ਚਲਾਉਣ ਲਈ, ਤੁਹਾਨੂੰ ਐਕਸਲਰੇਸ਼ਨ (ਸਪੀਡ ਵਧਾਉਣ) ਦੇ ਵੱਖ-ਵੱਖ ਪੱਧਰਾਂ ਤੋਂ ਜਾਣੂ ਅਤੇ ਸਹਿਜ ਹੋਣਾ ਪਵੇਗਾ। ਕਈ ਵਾਰ ਅਜਿਹਾ ਹੋ ਸਕਦਾ ਹੈ ਕਿ ਤੁਸੀਂ ਰੁਕ-ਰੁਕ ਕੇ ਚੱਲ ਰਹੇ ਟ੍ਰੈਫਿਕ ਵਿੱਚ ਫਸੇ ਹੋਵੋ ਜਿੱਥੇ ਤੁਹਾਨੂੰ ਸਿਰਫ਼ ਬ੍ਰੇਕ ਪੈਡਲ ਨੂੰ ਛੱਡਣ ਜਿੰਨੀ ਹੀ ਐਕਸਲਰੇਸ਼ਨ ਦੀ ਲੋੜ ਹੋਵੇ। ਕਈ ਵਾਰ ਅਜਿਹਾ ਵੀ ਹੋ ਸਕਦਾ ਹੈ ਕਿ ਤੁਹਾਨੂੰ ਕਿਸੇ ਖਤਰੇ ਤੋਂ ਬਚਣ ਲਈ ਕਾਹਲੀ ਨਾਲ ਐਸਕਲਰੇਟ ਕਰਨ ਭਾਵ ਸਪੀਡ ਵਧਾਉਣ ਦੀ ਲੋੜ ਪਵੇ। ਤੁਹਾਡੀ ਐਕਸਲਰੇਟ ਕਰਨ (ਸਪੀਡ ਵਧਾਉਣ) ਦੀ ਤਕਨੀਕ ਬ੍ਰੇਕ ਲਗਾਉਣ ਵਾਂਗ ਹੋਣੀ ਚਾਹੀਦੀ ਹੈ — ਸੋਚ ਕੇ ਦੇਖੋ ਕਿ ਤੁਹਾਡੀ ਗੋਦੀ ਵਿੱਚ ਪਾਣੀ ਦਾ ਕੱਪ ਪਿਆ ਹੈ, ਅਤੇ ਇਸ ਤਰ੍ਹਾਂ ਐਕਸਲਰੇਟ ਕਰੋ ਕਿ ਪਾਣੀ ਨਾ ਛਲਕੇ।



ਜਦੋਂ ਤੁਹਾਡੀ ਗੱਡੀ ਚੱਲਣਾ ਸ਼ੁਰੂ ਕਰਦੀ ਹੈ ਤਾਂ ਸੁਭਾਵਕ ਜਿਹੀ ਗੱਲ ਹੈ ਕਿ ਉਸਦਾ ਸੰਤੁਲਨ ਥੋੜ੍ਹਾ ਜਿਹਾ ਵਿਗੜਦਾ ਹੈ। ਆਪਣੀ ਗੱਡੀ ਦੀ ਸਥਿਰਤਾ ਬਣਾਈ ਰੱਖਣ ਵਾਸਤੇ, ਭਾਰ ਨੂੰ ਸਾਰੇ ਟਾਇਰਾਂ 'ਤੇ ਇਕਸਾਰ ਸੰਤੁਲਤ ਕਰਕੇ ਰੱਖੋ। ਬਕਾਇਦਾ ਸਾਂਭ-ਸੰਭਾਲ, ਟਾਇਰਾਂ ਵਿੱਚ ਸਹੀ ਪ੍ਰੈਸ਼ਰ, ਅਤੇ ਅਲਾਈਨਮੈਂਟ ਦੀ ਜਾਂਚ ਕਰਨ ਨਾਲ ਤੁਹਾਨੂੰ ਇਹ ਕਰਨ ਵਿੱਚ ਮਦਦ ਮਿਲੇਗੀ।



## ਪਿੱਚ

ਆਪਣੇ ਹੱਥ ਨੂੰ ਮੇਜ਼ 'ਤੇ ਸਿੱਧਾ ਰੱਖੋ। ਆਪਣੀਆਂ ਉਂਗਲਾਂ ਚੁੱਕੋ ਅਤੇ ਆਪਣੇ ਗੁੱਟ 'ਤੇ ਵਧੇ ਹੋਏ ਦਬਾਅ ਨੂੰ ਮਹਿਸੂਸ ਕਰੋ। ਹੁਣ ਆਪਣੀਆਂ ਉਂਗਲਾਂ ਨੂੰ ਮੇਜ਼ 'ਤੇ ਰੱਖੋ ਅਤੇ ਆਪਣੇ ਗੁੱਟ ਨੂੰ ਉੱਪਰ ਚੁੱਕੋ। ਇਸ ਅੱਗੇ ਅਤੇ ਪਿੱਛੇ ਦੇ ਮੋਸ਼ਨ ਨੂੰ ਪਿੱਚ ਕਹਿੰਦੇ ਹਨ (ਇੱਥੇ ਤੀਰਾਂ ਨਾਲ ਦਿਖਾਇਆ ਗਿਆ ਹੈ)।

ਜਦੋਂ ਤੁਸੀਂ ਸਪੀਡ ਵਧਾਉਂਦੇ ਹੋ, ਤਾਂ ਗੱਡੀ ਦਾ ਭਾਰ ਪਿੱਛੇ ਵੱਲ ਨੂੰ ਚਲਾ ਜਾਂਦਾ ਹੈ ਅਤੇ ਗੱਡੀ ਦੇ ਪਿਛਲੇ ਹਿੱਸੇ 'ਤੇ ਦਬਾਅ ਵੱਧ ਜਾਂਦਾ ਹੈ। ਜੇ ਤੁਸੀਂ ਅਚਾਨਕ ਰੁਕ ਜਾਂਦੇ ਹੋ, ਤਾਂ ਭਾਰ ਅੱਗੇ ਵੱਲ ਨੂੰ ਆ ਜਾਂਦਾ ਹੈ, ਜਿਸ ਨਾਲ ਗੱਡੀ ਦੇ ਮੂਹਰਲੇ ਹਿੱਸੇ 'ਤੇ ਦਬਾਅ ਵਧਦਾ ਹੈ।



## ਰੋਲ (ਪਲਟਣਾ)

ਆਪਣੇ ਹੱਥ ਨੂੰ ਮੇਜ਼ 'ਤੇ ਸਿੱਧਾ ਰੱਖੋ। ਆਪਣੇ ਹੱਥ ਨੂੰ ਇਸ ਤਰੀਕੇ ਨਾਲ ਘੁਮਾਓ ਕਿ ਤੁਹਾਡੀ ਛੋਟੀ ਉਂਗਲੀ ਮੇਜ਼ ਨਾਲ ਚਿਪਕੀ ਰਹੇ, ਪਰ ਤੁਹਾਡਾ ਅੰਗੂਠਾ ਅਸਮਾਨ ਵੱਲ ਹੋਵੇ। ਹੁਣ ਇਸ ਤੋਂ ਉਲਟਾ ਕਰੋ ਤਾਂ ਜੋ ਤੁਹਾਡਾ ਅੰਗੂਠਾ ਮੇਜ਼ 'ਤੇ ਹੋਵੇ। ਗੱਡੀ ਦੇ ਇਸ ਇੱਕ ਪਾਸੇ ਤੋਂ ਦੂਜੇ ਪਾਸੇ ਦੇ ਮੋਸ਼ਨ ਨੂੰ ਰੋਲ ਕਿਹਾ ਜਾਂਦਾ ਹੈ (ਉੱਪਰ ਤੀਰਾਂ ਨਾਲ ਦਿਖਾਇਆ ਗਿਆ ਹੈ)।

ਜਦੋਂ ਤੁਸੀਂ ਖੱਬੇ ਵੱਲ ਨੂੰ ਮੁੜਦੇ ਹੋ, ਤਾਂ ਸੈਂਟ੍ਰੀਫ਼ਿਊਗਲ ਬਲ ਭਾਰ ਨੂੰ ਤੁਹਾਡੀ ਗੱਡੀ ਦੇ ਬਾਹਰੀ ਜਾਂ ਸੱਜੇ ਪਾਸੇ ਹੇਠਾਂ ਵੱਲ ਨੂੰ ਤਬਦੀਲ ਕਰ ਦਿੰਦਾ ਹੈ। ਗੱਡੀ ਦਾ ਢਾਂਚਾ ਇੱਕ ਪਾਸੇ ਵੱਲ ਨੂੰ ਲੁੜ੍ਹਕ ਜਾਂਦਾ ਹੈ।



## ਯਾੱਅ (ਵਿਚਲਣ)

ਆਪਣੇ ਹੱਥ ਨੂੰ ਮੇਜ਼ ਉੱਪਰ ਸਿੱਧਾ ਰੱਖੋ। ਆਪਣੀਆਂ ਉਂਗਲਾਂ ਨੂੰ ਖੱਬੇ ਪਾਸੇ ਵੱਲ ਲੈ ਜਾਓ ਅਤੇ ਆਪਣੇ ਗੁੱਟ ਨੂੰ ਸੱਜੇ ਪਾਸੇ ਵੱਲ ਨੂੰ ਜਾਣ ਦਿਓ। ਹੁਣ ਇਸਨੂੰ ਅੱਗੇ-ਪਿੱਛੇ ਹਿਲਾਓ ਜਿਵੇਂ ਕਿ ਤੁਸੀਂ ਮੇਜ਼ ਵੱਲ ਹੱਥ ਹਿਲਾ ਰਹੇ ਹੋਵੋ। ਇਸਨੂੰ ਯਾੱਅ ਕਹਿੰਦੇ ਹਨ (ਉੱਪਰ ਤੀਰਾਂ ਨਾਲ ਦਿਖਾਇਆ ਗਿਆ ਹੈ)

ਜਦੋਂ ਤੁਸੀਂ ਸਟੀਅਰਿੰਗ ਵ੍ਹੀਲ ਨੂੰ ਬੜੀ ਤੇਜ਼ੀ ਨਾਲ ਇੱਕ ਤੋਂ ਦੂਜੇ ਪਾਸੇ ਵੱਲ ਨੂੰ ਘੁਮਾਉਂਦੇ ਹੋ, ਤਾਂ ਤੁਹਾਡੀ ਕਾਰ ਦਾ ਅਗਲਾ ਅਤੇ ਪਿਛਲਾ ਹਿੱਸਾ ਪੂਰੀ ਤਰ੍ਹਾਂ ਇੱਕ ਲਾਈਨ ਵਿੱਚ ਨਹੀਂ ਰਹਿੰਦੇ ਹਨ। ਅਗਲੇ ਪਹੀਏ ਉਸ ਦਿਸ਼ਾ ਵਿੱਚ ਮੁੜਦੇ ਹਨ ਜਿੱਧਰ ਤੁਸੀਂ ਸਟੀਅਰਿੰਗ ਕਰ ਰਹੇ ਹੁੰਦੇ ਹੋ, ਜਦਕਿ ਪਿਛਲੇ ਪਹੀਏ ਥੋੜ੍ਹਾ ਜਿਹਾ ਖਿਸਕ ਸਕਦੇ ਹਨ, ਜਿਸ ਨਾਲ ਇੱਕ ਟੇਢੀ-ਮੇਢੀ ਚਾਲ ਬਣ ਜਾਂਦੀ ਹੈ।

## 2.11 | ਗੱਡੀ ਦੇ ਰੈਫ਼ਰੈਂਸ ਪੁਆਇੰਟ

ਰੈਫ਼ਰੈਂਸ ਪੁਆਇੰਟ ਇਸ ਗੱਲ 'ਤੇ ਨਿਰਭਰ ਕਰਦੇ ਹਨ ਕਿ ਤੁਸੀਂ ਕਿਹੜੀ ਗੱਡੀ ਚਲਾ ਰਹੇ ਹੋ ਅਤੇ ਤੁਸੀਂ ਕਿਹੋ ਜਿਹੀ ਸੜਕ 'ਤੇ ਯਾਤਰਾ ਕਰ ਰਹੇ ਹੋ। ਆਪਣੀ ਗੱਡੀ ਦੇ ਰੈਫ਼ਰੈਂਸ ਪੁਆਇੰਟਾਂ ਬਾਰੇ ਜਾਣਕਾਰੀ ਹੋਣ ਨਾਲ ਤੁਹਾਨੂੰ ਗੱਡੀ ਖੜ੍ਹੀ ਕਰਨ, ਮੋੜਨ, ਪਿੱਛੇ ਕਰਨ, ਅਤੇ ਰੋਕਣ ਸਮੇਂ ਦੂਰੀ ਦਾ ਅੰਦਾਜ਼ਾ ਲਗਾਉਣ ਵਿੱਚ ਮਦਦ ਮਿਲੇਗੀ।

**ਗੱਡੀ ਦੇ ਰੈਫ਼ਰੈਂਸ ਪੁਆਇੰਟਾਂ ਦੀਆਂ ਉਦਾਹਰਣਾਂ**

- ਖੱਬੀ ਹੈੱਡਲਾਈਟ
- ਹੁੱਡ ਦਾ ਸੈਂਟਰ
- ਸਾਈਡ ਵਿਊ ਮਿਰਰ
- ਪਿਛਲਾ ਬੰਪਰ




ਕਿਸੇ ਚੌਰਾਹੇ 'ਤੇ, ਜਦੋਂ ਸਟਾਪ (ਰੁਕੋ) ਲਾਈਨ ਤੁਹਾਡੇ ਸਾਈਡ ਮਿਰਰ ਦੇ ਹੇਠਾਂ ਹੋਵੇ ਤਾਂ ਉਦੋਂ ਰੁਕਣ ਦਾ ਮਤਲਬ ਹੈ ਕਿ ਤੁਸੀਂ ਲਾਈਨ ਤੋਂ ਤਕਰੀਬਨ 3 ਤੋਂ 6 ਇੰਚ ਦੂਰ ਹੋ। ਇਹ ਰੈਫ਼ਰੈਂਸ ਪੁਆਇੰਟ ਤੁਹਾਡੀ ਗੱਡੀ ਦੇ ਮੂਹਰਲੇ ਸਿਰੇ ਦੀ ਸਥਿਤੀ ਦਾ ਪਤਾ ਲਗਾਉਣ ਵਿੱਚ ਤੁਹਾਡੀ ਮਦਦ ਕਰੇਗਾ।




ਆਪਣੀ ਲੇਨ ਦੀ ਸਥਿਤੀ ਦਾ ਪਤਾ ਲਗਾਉਣ ਲਈ, ਚੈੱਕ ਕਰੋ ਕਿ ਤੁਹਾਡੇ ਹੁੱਡ ਦਾ ਸੈਂਟਰ ਲੇਨ ਦੇ ਨਿਸ਼ਾਨਾਂ ਦੇ ਨਾਲ ਇਕਸਾਰ ਹੈ ਜਾਂ ਨਹੀਂ। ਜੇ ਇਹ ਇਕਸਾਰ ਹਨ, ਤਾਂ ਤੁਸੀਂ ਲੇਨ ਦੇ ਕਿਨਾਰੇ ਤੋਂ ਤਕਰੀਬਨ 3 ਤੋਂ 6 ਇੰਚ ਦੂਰ ਹੋ।

## 2.12 | ਤੁਹਾਡੇ ਬਲਾਇੰਡ ਜ਼ੋਨਸ

ਬਲਾਇੰਡ ਜ਼ੋਨਸ ਤੁਹਾਡੀ ਗੱਡੀ ਦੇ ਆਲੇ-ਦੁਆਲੇ ਉਹ ਖੇਤਰ ਹੁੰਦੇ ਹਨ ਜਿਨ੍ਹਾਂ ਨੂੰ ਤੁਸੀਂ ਡਰਾਈਵਰ ਦੀ ਸੀਟ ਤੋਂ ਨਹੀਂ ਦੇਖ ਸਕਦੇ ਹੋ। ਇਹ ਖੇਤਰ ਖਤਰਨਾਕ ਹੁੰਦੇ ਹਨ ਕਿਉਂਕਿ ਇਨ੍ਹਾਂ ਵਿੱਚ ਕੋਈ ਹੋਰ ਗੱਡੀਆਂ, ਮੋਟਰਸਾਈਕਲ ਸਵਾਰ, ਜਾਂ ਸਾਈਕਲ ਸਵਾਰ ਪੂਰੀ ਤਰ੍ਹਾਂ ਲੁਕੇ ਹੋ ਸਕਦੇ ਹਨ। ਆਪਣੇ ਬਲਾਇੰਡ ਜ਼ੋਨਾਂ ਵਿੱਚ ਮੌਜੂਦ ਹਰ ਚੀਜ਼ ਤੋਂ ਜਾਣੂ ਹੋਣਾ ਤੁਹਾਡੀ ਜ਼ਿੰਮੇਵਾਰੀ ਹੈ।

ਆਪਣੇ ਬਲਾਇੰਡ ਜ਼ੋਨ ਨੂੰ ਘਟਾਉਣ ਦਾ ਇੱਕ ਤਰੀਕਾ ਹੈ ਆਪਣੇ ਸ਼ੀਸ਼ਿਆਂ ਨੂੰ ਸਮਾਯੋਜਿਤ ਕਰਨਾ।

1. ਆਪਣੇ ਰੀਅਰ-ਵਿਊ ਮਿਰਰ (ਪਿੱਛੇ ਦੇਖਣ ਵਾਲੇ ਸ਼ੀਸ਼ੇ) ਨੂੰ ਇਸ ਤਰੀਕੇ ਨਾਲ ਸਮਾਯੋਜਿਤ ਕਰੋ ਕਿ ਤੁਸੀਂ ਬਿਨਾਂ ਕਿਸੇ ਖਿਚਾਅ ਦੇ ਪਿਛਲੀ ਖਿੜਕੀ ਤੋਂ ਬਾਹਰ ਦੇਖ ਸਕੋ।
2. ਆਪਣੇ ਬਲਾਇੰਡ ਖੇਤਰਾਂ ਨੂੰ ਘੱਟ ਤੋਂ ਘੱਟ ਕਰਨ ਵਾਸਤੇ ਆਪਣੇ ਸਾਈਡ ਮਿਰਰਾਂ ਨੂੰ ਸਮਾਯੋਜਿਤ ਕਰਨ ਦੇ ਇੱਕ-ਦੋ ਤਰੀਕੇ ਹਨ: ਰਵਾਇਤੀ ਜਾਂ ਉੱਨਤ। ਇਨ੍ਹਾਂ ਵਿੱਚੋਂ ਕਿਸੇ ਵੀ ਤਰੀਕੇ ਨਾਲ, ਤੁਹਾਨੂੰ ਆਪਣੀ ਗੱਡੀ ਦੇ ਆਲੇ-ਦੁਆਲੇ ਦੀ ਜਗ੍ਹਾ ਦੀ ਪੂਰੀ ਵਿਜ਼ੁਅਲ ਖੋਜ ਕਰਨੀ ਪਵੇਗੀ। ਆਪਣਾ ਸਿਰ, ਗਰਦਨ, ਅਤੇ ਸਰੀਰ ਇਸ ਤਰ੍ਹਾਂ ਹਿਲਾਓ ਕਿ ਦੋਵੇਂ ਅੱਖਾਂ ਇਹ ਦੇਖ ਸਕਣ ਕਿ ਕੀ ਤੁਹਾਡੇ ਬਲਾਇੰਡ ਜ਼ੋਨ ਖਾਲੀ ਹਨ ਜਾਂ ਨਹੀਂ। ਨੋਟ: ਦੇਖਣ ਲਈ ਆਪਣੇ ਸਿਰ ਨੂੰ ਘੁਮਾਉਂਦੇ ਸਮੇਂ, ਸਟੀਅਰਿੰਗ ਵ੍ਹੀਲ ਨੂੰ ਸਿੱਧਾ ਰੱਖੋ।
3. ਕੁਝ ਵਾਹਨ ਸੁਰੱਖਿਆ ਤਕਨਾਲੋਜੀ ਸਿਸਟਮਾਂ ਵਿੱਚ ਅਜਿਹੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਜੋ ਤੁਹਾਡੇ ਬਲਾਇੰਡ ਜ਼ੋਨ ਵਿੱਚ ਕਿਸੇ ਦੇ ਹੋਣ 'ਤੇ ਤੁਹਾਨੂੰ ਚੁਕੰਨਾ ਕਰ ਦਿੰਦੀਆਂ ਹਨ। ਇਹ ਸਹਾਇਤਾ ਮਦਦਗਾਰ ਹੁੰਦੀ ਹੈ, ਪਰ ਇਹੀ ਆਦਤ ਬਣਾਓ ਕਿ ਤੁਸੀਂ ਆਪ ਆਪਣੀਆਂ ਅੱਖਾਂ ਨਾਲ ਦੇਖਦੇ ਹੋਏ ਇਸਨੂੰ ਚੈੱਕ ਕਰਦੇ ਹੋ।

## 2.13 | ਦੂਜੀਆਂ ਗੱਡੀਆਂ ਦੇ ਬਲਾਇੰਡ ਜ਼ੋਨਸ

ਆਪਣੇ ਆਲੇ-ਦੁਆਲੇ ਪ੍ਰਤੀ ਜਾਗਰੂਕ ਰਹਿਣ ਵਾਸਤੇ, ਬਕਾਇਦਾ ਇਹ ਚੈੱਕ ਕਰਦੇ ਰਹੋ:

**1.** ਤੁਹਾਡੇ ਸਾਹਮਣੇ ਵਾਲਾ ਖੇਤਰ

**2.** ਤੁਹਾਡਾ ਰੀਅਰ-ਵਿਊ ਮਿਰਰ

**3+4.** ਤੁਹਾਡੇ ਸਾਈਡ ਮਿਰਰ

**5+6.** ਆਪਣੇ ਮੋਢੇ ਦੇ ਉੱਪਰੋਂ




### ਨਿਰੀਖਣ ਵਾਲੇ ਸਕੈਨ

ਤੁਹਾਨੂੰ ਦੂਜੀਆਂ ਗੱਡੀਆਂ ਦੇ ਬਲਾਇੰਡ ਸਪੌਟਾਂ ਬਾਰੇ ਵੀ ਚੌਕਸ ਰਹਿਣਾ ਪਵੇਗਾ। ਉਨ੍ਹਾਂ ਤੋਂ ਦੂਰ ਰਹਿਣ ਦੀ ਪੂਰੀ ਕੋਸ਼ਿਸ਼ ਕਰੋ। ਤੁਸੀਂ ਸਪੀਡ ਨੂੰ ਵਧਾ ਜਾਂ ਘਟਾ ਸਕਦੇ ਹੋ ਤਾਂ ਜੋ ਡਰਾਈਵਰ ਤੁਹਾਨੂੰ ਸਪਸ਼ਟ ਰੂਪ ਵਿੱਚ ਦੇਖ ਸਕੇ।

ਬੱਸਾਂ, ਮੋਟਰ ਹੋਮ ਅਤੇ ਵਪਾਰਕ ਮੋਟਰ ਗੱਡੀਆਂ ਵਰਗੀਆਂ ਵੱਡੀਆਂ ਗੱਡੀਆਂ ਵੱਲ ਖਾਸ ਧਿਆਨ ਦਿਓ। ਉਨ੍ਹਾਂ ਦੇ ਬਲਾਇੰਡ ਜ਼ੋਨ ਜ਼ਿਆਦਾ ਵੱਡੇ ਹੁੰਦੇ ਹਨ, ਜਿਨ੍ਹਾਂ ਨੂੰ ਕਈ ਵਾਰ "ਨੋ ਜ਼ੋਨ" (ਕੋਈ ਜ਼ੋਨ ਨਹੀਂ) ਹੀ ਕਿਹਾ ਜਾਂਦਾ ਹੈ। ਅਜਿਹਾ ਇਸ ਕਰਕੇ ਹੈ ਕਿਉਂਕਿ ਉਸ ਜ਼ੋਨ ਵਿੱਚ ਕੋਈ ਵੀ ਗੱਡੀ ਨਹੀਂ ਚੱਲਦੀ ਹੋਣੀ ਚਾਹੀਦੀ।

ਵੱਡੀਆਂ ਗੱਡੀਆਂ ਦੇ ਆਲੇ-ਦੁਆਲੇ ਸਫ਼ਰ ਕਰਦੇ ਸਮੇਂ ਸਾਵਧਾਨ ਅਤੇ ਸੁਚੇਤ ਰਹੋ। ਯਾਦ ਰੱਖੋ: ਜੇ ਤੁਸੀਂ ਉਨ੍ਹਾਂ ਦੇ ਸ਼ੀਸ਼ੇ ਨਹੀਂ ਦੇਖ ਪਾ ਰਹੇ ਹੋ, ਤਾਂ ਉਹ ਡਰਾਈਵਰ ਵੀ ਤੁਹਾਨੂੰ ਨਹੀਂ ਦੇਖ ਸਕਦਾ ਹੈ।




**ਅਨੁਕੂਲ ਬਣਾਓ**

ਜਿੰਨਾ ਹੋ ਸਕੇ ਆਪਣੇ ਬਲਾਇੰਡ ਜ਼ੋਨਸ ਨੂੰ ਖਤਮ ਕਰਨ ਲਈ ਆਪਣੇ ਸ਼ੀਸ਼ਿਆਂ ਨੂੰ ਸਮਾਯੋਜਿਤ ਕਰੋ। ਜਦੋਂ ਵੀ ਤੁਸੀਂ ਗੱਡੀ ਚਲਾਓ ਤਾਂ ਆਪਣੇ ਸ਼ੀਸ਼ੇ ਦੁਬਾਰਾ ਚੈੱਕ ਕਰੋ।

**ਚੁਕੰਨੇ ਰਹੋ**

ਤੁਹਾਨੂੰ ਆਪਣੇ ਆਸੇ-ਪਾਸੇ ਹੋ ਰਹੀ ਹਰ ਹਰਕਤ ਤੋਂ ਜਾਣੂ ਹੋਣਾ ਚਾਹੀਦਾ ਹੈ। ਆਪਣੀ ਡਰਾਈਵਿੰਗ ਸਥਿਤੀ ਵਿੱਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਵਾਸਤੇ ਲਗਾਤਾਰ ਆਪਣੇ ਸ਼ੀਸ਼ਿਆਂ ਵਿੱਚ ਚੈੱਕ ਕਰਦੇ ਰਹੋ।

## 2.14 | ਚਲਣ ਤੋਂ ਪਹਿਲਾਂ

ਜਦੋਂ ਤੁਸੀਂ ਗੱਡੀ ਚਲਾਉਣ ਲਈ ਤਿਆਰ ਹੋ ਰਹੇ ਹੋਵੋ, ਤਾਂ ਇਹ ਕੰਮ ਕਰਨਾ ਇੱਕ ਚੰਗੀ ਰੁਟੀਨ ਹੋਵੇਗੀ:

1. **ਆਪਣੀ ਗੱਡੀ ਦੇ ਬਾਹਰ ਵਾਲੇ ਪਾਸੇ ਜਾਂਚ ਕਰੋ।** ਕੀ ਟਾਇਰਾਂ ਵਿੱਚ ਕੋਈ ਬਾਹਰ ਦੀ ਚੀਜ਼ ਦਿੱਸਦੀ ਹੈ, ਕੀ ਉਸ ਜਗ੍ਹਾ 'ਤੇ ਕੋਈ ਟੁੱਟਿਆ ਹੋਇਆ ਕੱਚ ਹੈ, ਜਾਂ ਗੱਡੀ ਦੇ ਹੇਠਾਂ ਤਰਲ ਪਦਾਰਥ ਲੀਕ ਹੋ ਰਿਹਾ ਹੈ? ਕੀ ਕੋਈ ਹੋਰ ਤਰ੍ਹਾਂ ਦੀਆਂ ਰੁਕਾਵਟਾਂ, ਬੱਚੇ, ਪਾਲਤੂ ਜਾਨਵਰ, ਜਾਂ ਮੌਸਮ ਸੰਬੰਧੀ ਰੁਕਾਵਟਾਂ ਮੌਜੂਦ ਹਨ?
2. **ਆਪਣੀ ਗੱਡੀ ਦੇ ਅੰਦਰ ਦੀ ਜਾਂਚ ਕਰੋ।** ਕੀ ਉਪਕਰਣ ਪੈਨਲ 'ਤੇ ਕੋਈ ਵੀ ਚੇਤਾਵਨੀਆਂ ਹਨ? ਕੀ ਸਾਰੀਆਂ ਖਿੜਕੀਆਂ ਰੁਕਾਵਟਾਂ ਤੋਂ ਮੁਕਤ ਹਨ? ਕੀ ਖੁੱਲ੍ਹੀਆਂ ਚੀਜ਼ਾਂ ਸੁਰੱਖਿਅਤ ਢੰਗ ਨਾਲ ਕੱਸੀਆਂ ਹੋਈਆਂ ਹਨ?
3. **ਸਾਰੀਆਂ ਅੰਦਰੂਨੀ ਸਮਾਯੋਜਨ ਚੈੱਕ ਕਰੋ।** ਕੀ ਤੁਹਾਡੇ ਸ਼ੀਸ਼ੇ ਸੈੱਟ ਕੀਤੇ ਹੋਏ ਹਨ? ਕੀ ਸੀਟ ਅਤੇ ਸਟੀਅਰਿੰਗ ਵ੍ਹੀਲ ਸਹੀ ਜਗ੍ਹਾ 'ਤੇ ਹਨ? ਕੀ ਤੁਹਾਡੀ ਸੀਟ ਬੈਲਟ ਲਗੀ ਹੋਈ ਹੈ? ਕੀ ਤੁਹਾਡਾ ਫ਼ੋਨ ਸਾਇਲੈਂਟ ਕਰਕੇ ਦੂਰ ਰੱਖਿਆ ਹੋਇਆ ਹੈ?
4. **ਆਪਣੇ ਆਪ ਨੂੰ ਚੁਕੰਨਾ ਕਰੋ।** ਕੀ ਤੁਸੀਂ ਸਿਹਤਮੰਦ ਅਤੇ ਸ਼ਾਂਤ ਮਨ ਮਹਿਸੂਸ ਕਰ ਰਹੇ ਹੋ? ਕੀ ਤੁਸੀਂ ਆਪਣਾ ਧਿਆਨ ਡਰਾਈਵਿੰਗ 'ਤੇ ਫੋਕਸ ਕਰਨ ਲਈ ਤਿਆਰ ਹੋ? ਕੀ ਤੁਹਾਡੀਆਂ ਭਾਵਨਾਵਾਂ ਕਾਬੂ ਵਿੱਚ ਹਨ ਤਾਂ ਜੋ ਤੁਸੀਂ ਗੱਡੀ ਚਲਾਉਂਦੇ ਸਮੇਂ ਸਮਝਦਾਰੀ ਭਰੇ ਫੈਸਲੇ ਕਰ ਸਕੋ?

# ਪਾਠ 3

## ਡਰਾਈਵਰ



## 3.0 | ਤੁਸੀਂ ਡਰਾਈਵਰ ਦੀ ਸੀਟ 'ਤੇ

ਇੱਕ ਡਰਾਈਵਰ ਦੇ ਤੌਰ ਤੇ, ਤੁਸੀਂ ਇੱਕ ਅਜਿਹੇ ਭਾਈਚਾਰੇ ਦਾ ਹਿੱਸਾ ਹੋ ਜਿਸ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਗੱਡੀਆਂ, ਸੜਕਾਂ ਅਤੇ ਲੋਕ ਸ਼ਾਮਲ ਹੁੰਦੇ ਹਨ। ਇਸ ਭਾਈਚਾਰੇ ਦੀ ਇਕਸਾਰਤਾ ਡਰਾਈਵਰਾਂ ਦੁਆਰਾ ਆਪਣੇ ਚਾਰ-ਚੁਫ਼ੇਰੇ ਨਾਲ ਅਤੇ ਇੱਕ ਦੂਜੇ ਨਾਲ ਸੁਰੱਖਿਅਤ ਤੌਰ ਤੇ ਅਤੇ ਜ਼ਿੰਮੇਵਾਰੀ ਨਾਲ ਪਰਸਪਰ ਸੰਪਰਕ ਕਰਨ 'ਤੇ ਨਿਰਭਰ ਕਰਦੀ ਹੈ। ਅਜਿਹੇ ਬਹੁਤ ਸਾਰੇ ਨਿੱਜੀ ਕਾਰਕ ਹਨ ਜੋ ਤੁਹਾਡੀ ਡਰਾਈਵਿੰਗ 'ਤੇ ਪ੍ਰਭਾਵ ਪਾਉਂਦੇ ਹਨ, ਪਰ ਬਹੁਤੇਰੇ ਲੋਕਾਂ ਦਾ ਇੱਕੋ ਹੀ ਟੀਚਾ ਹੁੰਦਾ ਹੈ: ਜਿੱਥੇ ਉਹ ਜਾ ਰਹੇ ਹਨ ਉੱਥੇ ਸੁਰੱਖਿਅਤ ਢੰਗ ਨਾਲ ਪਹੁੰਚਣਾ।

**ਇੱਕ ਚੰਗਾ ਡਰਾਈਵਰ ਬਣਨ ਵਾਸਤੇ, ਇਹ ਜ਼ਰੂਰੀ ਹੈ ਕਿ ਤੁਸੀਂ:**

1. ਆਪਣੇ ਪ੍ਰਤੀ, ਹੋਰਨਾਂ ਦੇ ਪ੍ਰਤੀ ਅਤੇ ਭਾਈਚਾਰੇ 'ਤੇ ਪੈਣ ਵਾਲੇ ਆਪਣੇ ਪ੍ਰਭਾਵ ਪ੍ਰਤੀ ਸੁਚੇਤ ਰਹੋ।
2. ਸੜਕ 'ਤੇ ਲਾਗੂ ਹੋਣ ਵਾਲੇ ਨਿਯਮਾਂ ਲਈ ਜ਼ਿੰਮੇਵਾਰ ਬਣੋ।
3. ਇਸ ਗੱਲ੍ਹ ਤੋਂ ਜਾਣੂ ਰਹੋ ਕਿ ਤੁਹਾਡੀ ਗੱਡੀ ਕਿਵੇਂ ਕੰਮ ਕਰਦੀ ਹੈ ਅਤੇ ਕਿੰਨੀ ਜਗ੍ਹਾ ਲੈਂਦੀ ਹੈ।
4. ਧੀਰਜਵਾਨ ਅਤੇ ਸੰਜੀਦਾ ਰਹੋ।

ਇੱਕ ਡਰਾਈਵਰ ਵਜੋਂ ਤੁਹਾਡੀ ਲੰਬੇ ਸਮੇਂ ਦੀ ਸਫਲਤਾ ਉਨ੍ਹਾਂ ਆਦਤਾਂ 'ਤੇ ਨਿਰਭਰ ਕਰੇਗੀ ਜੋ ਤੁਸੀਂ ਡਰਾਈਵਿੰਗ ਸਿੱਖਣ ਵੇਲੇ ਬਣਾਈਆਂ ਹੋਣਗੀਆਂ। ਜਦੋਂ ਤੁਸੀਂ ਅਭਿਆਸ ਕਰਦੇ ਹੋ ਤਾਂ ਉਦੇਸ਼ਪੂਰਨ ਰਹੋ। ਸਿਆਣੀਆਂ ਤੇ ਸੁਰੱਖਿਅਤ ਆਦਤਾਂ ਵਿਕਸਿਤ ਕਰੋ, ਜਿਵੇਂ ਕਿ ਆਪਣੀਆਂ ਬਲਾਇੰਡ ਜ਼ੋਨਾਂ ਨੂੰ ਹਮੇਸ਼ਾ ਆਪਣੇ ਮੋਢੇ ਦੇ ਉੱਪਰੋਂ ਚੈੱਕ ਕਰਨਾ, ਅੱਗੇ ਚਲ ਕੇ ਇਹ ਆਪਣੇ ਆਪ ਹੀ ਇੱਕ ਆਦਤ ਬਣ ਜਾਵੇਗਾ। ਇਸ ਨਾਲ ਤੁਸੀਂ ਗੱਡੀ ਚਲਾਉਣ ਵੇਲੇ ਲਗਾਤਾਰ ਬਦਲਦੀਆਂ ਹੋਇਆਂ ਸਥਿਤੀਆਂ 'ਤੇ ਵਧੇਰੇ ਧਿਆਨ ਲਗਾ ਸਕੋਗੇ। ਸ਼ੁਰੂ ਵਿੱਚ ਇਹ ਥੋੜ੍ਹਾ ਮੁਸ਼ਕਿਲ ਲੱਗ ਸਕਦਾ ਹੈ, ਪਰ ਜਿਵੇਂ-ਜਿਵੇਂ ਗੱਡੀ ਚਲਾਉਣ ਦਾ ਤਜਰਬਾ ਵਧਦਾ ਜਾਵੇਗਾ, ਤੁਸੀਂ ਓਨੇ ਹੀ ਜ਼ਿਆਦਾ ਵਧੀਆ ਡਰਾਈਵਰ ਬਣਦੇ ਜਾਵੋਗੇ।

### ਸਿਹਤ

ਗੱਡੀ ਚਲਾਉਣ ਲਈ ਤੁਹਾਡਾ ਸਰੀਰਕ ਅਤੇ ਮਾਨਸਿਕ ਤੌਰ ਤੇ ਤੰਦਰੁਸਤ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ।

ਰੋਜ਼ਮਰ੍ਹਾ ਦੀਆਂ ਤਣਾਅਪੂਰਨ ਗੱਲਾਂ ਨਾਲ ਤੁਹਾਡੀ ਸਿਹਤ 'ਤੇ ਅਸਾਨੀ ਨਾਲ ਅਸਰ ਪੈ ਸਕਦਾ ਹੈ। ਬਹੁਤ ਜ਼ਿਆਦਾ ਜ਼ੁਕਾਮ ਹੋਣ ਨਾਲ ਤੁਹਾਡੀ ਮਾਨਸਿਕ ਪ੍ਰਕਿਰਿਆ ਹੌਲੀ ਹੋ ਸਕਦੀ ਹੈ ਅਤੇ ਸਰੀਰ ਵਿੱਚ ਦਰਦ ਹੋ ਸਕਦਾ ਹੈ। ਸਿਰਦਰਦ ਜਾਂ ਤੁਹਾਡੇ ਮੋਢਿਆਂ ਵਿੱਚ ਤਣਾਅ ਨਾਲ ਗੱਡੀ ਨੂੰ ਸਾਂਭਣ ਦੀ ਤੁਹਾਡੀ ਸਮਰੱਥਾ ਘੱਟ ਸਕਦੀ ਹੈ। ਤਣਾਅ ਕਰਕੇ ਗੱਡੀ ਚਲਾਉਣ ਵੇਲੇ ਸਮਝਦਾਰੀ ਨਾਲ ਫੈਸਲੇ ਲੈਣ ਦੀ ਤੁਹਾਡੀ ਕਾਬਲੀਅਤ 'ਤੇ ਵੀ ਅਸਰ ਪੈ ਸਕਦਾ ਹੈ। ਬਹੁਤ ਸਾਰੀਆਂ ਸਿਹਤ ਸਮੱਸਿਆਵਾਂ ਕਰਕੇ ਤੁਹਾਡੀ ਡਰਾਈਵਿੰਗ 'ਤੇ ਅਸਰ ਪੈ ਸਕਦਾ ਹੈ। ਜੇ ਤੁਸੀਂ ਅਜਿਹੀਆਂ ਸਿਹਤ ਸਮੱਸਿਆਵਾਂ ਬਾਰੇ ਫਿਕਰਮੰਦ ਹੋ ਜੋ ਤੁਹਾਡੀ ਗੱਡੀ ਚਲਾਉਣ ਦੀ ਕਾਬਲੀਅਤ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ ਤਾਂ ਆਪਣੇ ਡਾਕਟਰ ਨਾਲ ਗੱਲ ਕਰੋ।

ਇੰਜਣ ਨੂੰ ਚਾਲੂ ਕਰਨ ਤੋਂ ਪਹਿਲਾਂ, ਇੱਕ ਪਲ ਆਪਣੇ ਆਪ ਨਾਲ ਜ਼ਰੂਰ ਬਿਤਾਓ। ਕੀ ਤੁਸੀਂ ਇੰਨੇ ਸਿਹਤਮੰਦ ਹੋ ਜਿਸ ਨਾਲ ਸਮਝਦਾਰੀ ਨਾਲ ਫੈਸਲੇ ਲੈਣ, ਆਪਣੇ ਉੱਤੇ ਕੰਟਰੋਲ ਰੱਖਣ, ਅਤੇ ਸਥਿਤੀ ਬਾਰੇ ਜਾਗਰੂਕ ਰਹਿਣ ਵਿੱਚ ਮਦਦ ਮਿਲਦੀ ਹੈ? ਕੁਝ ਡੂੰਘੇ ਸਾਹ ਲਓ ਅਤੇ ਗੱਡੀ ਚਲਾਉਣ 'ਤੇ ਧਿਆਨ ਕੇਂਦਰਿਤ ਕਰੋ। ਜੇ ਤੁਸੀਂ ਠੀਕ ਮਹਿਸੂਸ ਨਹੀਂ ਕਰ ਰਹੇ ਹੋ ਪਰ ਤੁਹਾਨੂੰ ਕਿਧਰੇ ਜਾਣ ਦੀ ਲੋੜ ਹੈ, ਤਾਂ ਕਿਰਪਾ ਕਰਕੇ ਕਿਸੇ ਹੋਰ ਨੂੰ ਗੱਡੀ ਚਲਾਉਣ ਦਿਓ।

## ਸਰੀਰਕ ਸਿਹਤ

ਤੁਹਾਡੀ ਸਰੀਰਕ ਸਿਹਤ ਸਭ ਤੋਂ ਪਹਿਲਾਂ ਆਉਂਦੀ ਹੈ। ਇਸਦਾ ਸਿੱਧਾ ਅਸਰ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਡਰਾਈਵਰ ਬਣਨ ਦੀ ਤੁਹਾਡੀ ਕਾਬਲੀਅਤ 'ਤੇ ਪੈਂਦਾ ਹੈ। ਇਸ ਤੋਂ ਪਹਿਲਾਂ ਕਿ ਤੁਸੀਂ ਗੱਡੀ ਚਲਾਉਣ ਲਈ ਡਰਾਈਵਿੰਗ ਸੀਟ 'ਤੇ ਬੈਠੋ, ਇਹ ਪੱਕਾ ਕਰ ਲਓ ਕਿ ਤੁਹਾਡੀ ਸਿਹਤ ਠੀਕ ਹੈ ਅਤੇ **ਤੁਸੀਂ ਸ਼ਰਾਬ ਜਾਂ ਹੋਰ ਨਸ਼ੀਲੀਆਂ ਦਵਾਈਆਂ ਕਾਰਨ ਪ੍ਰਭਾਵਿਤ ਨਹੀਂ ਹੋ।**

## ਨਜ਼ਰ

ਸੁਰੱਖਿਅਤ ਢੰਗ ਨਾਲ ਗੱਡੀ ਚਲਾਉਣ ਵਾਸਤੇ ਵਧੀਆ ਨਜ਼ਰ ਹੋਣਾ ਇੰਨਾ ਜ਼ਰੂਰੀ ਹੈ ਕਿ ਕਾਨੂੰਨ ਮੁਤਾਬਕ ਡਰਾਈਵਰ ਲਾਇਸੈਂਸ ਪ੍ਰਾਪਤ ਕਰਨ ਤੋਂ ਪਹਿਲਾਂ ਤੁਹਾਡੇ ਲਈ ਨਜ਼ਰ ਦਾ ਟੈਸਟ ਪਾਸ ਕਰਨਾ ਜ਼ਰੂਰੀ ਹੁੰਦਾ ਹੈ। ਜੇ ਤੁਹਾਨੂੰ ਸਾਫ਼-ਸਾਫ਼ ਦਿਖਾਈ ਨਹੀਂ ਦਿੰਦਾ ਹੈ, ਤਾਂ ਤੁਹਾਨੂੰ ਟ੍ਰੈਫਿਕ ਦੇ ਖ਼ਤਰਿਆਂ ਦੀ ਪਛਾਣ ਕਰਨ ਅਤੇ ਸਮੱਸਿਆਵਾਂ ਬਾਰੇ ਪ੍ਰਤੀਕਿਰਿਆ ਕਰਨ ਵਿੱਚ ਮੁਸ਼ਕਲ ਆਏਗੀ। ਸੁਰੱਖਿਅਤ ਢੰਗ ਨਾਲ ਗੱਡੀ ਚਲਾਉਣ ਵਾਸਤੇ ਚੰਗੀ ਤਰ੍ਹਾਂ ਦਿਖਾਈ ਦੇਣਾ ਬਹੁਤ ਜ਼ਰੂਰੀ ਹੈ।

**ਜੇ ਤੁਹਾਨੂੰ ਸੁਧਾਰਾਤਮਕ ਲੈਂਸ ਪਾਉਣ ਦੀ ਲੋੜ ਹੈ ਤਾਂ:**

- ਗੱਡੀ ਚਲਾਉਣ ਵੇਲੇ ਹਮੇਸ਼ਾ ਇਨ੍ਹਾਂ ਨੂੰ ਪਹਿਨੋ।
- ਰਾਤ ਵੇਲੇ ਗੂੜ੍ਹੇ ਜਾਂ ਰੰਗਦਾਰ ਸੁਧਾਰਾਤਮਕ ਲੈਂਸਾਂ ਦਾ ਇਸਤੇਮਾਲ ਕਰਨ ਤੋਂ ਬਚੋ।

**ਨਜ਼ਰ ਸੰਬੰਧੀ ਮਹੱਤਵਪੂਰਨ ਪਹਿਲੂ ਇਹ ਹਨ:**

- **ਪੈਰੀਫੇਰਲ (ਅਸਿੱਧੀ) ਨਜ਼ਰ।** ਤੁਸੀਂ ਆਪਣੀ ਅੱਖ ਦੇ ਕੋਨੇ ਤੋਂ ਗੱਡੀਆਂ ਅਤੇ ਹੋਰਨਾਂ ਸੰਭਾਵੀ ਸਮੱਸਿਆਵਾਂ ਨੂੰ ਦੇਖ ਸਕਦੇ ਹੋ ਭਾਵੇਂ ਤੁਸੀਂ ਅਜੇ ਵੀ ਸਾਮ੍ਹਣੇ ਵੱਲ ਦੇਖ ਰਹੇ ਹੁੰਦੇ ਹੋ।
- **ਦੂਰੀ ਅਤੇ ਸਪੀਡ ਦਾ ਅੰਦਾਜ਼ਾ ਲਗਾਉਣਾ।** ਚੰਗੀ ਤਰ੍ਹਾਂ ਦੇਖਣ ਦੇ ਯੋਗ ਹੋਣ ਨਾਲ ਤੁਹਾਨੂੰ ਇਹ ਨਿਰਧਾਰਤ ਕਰਨ ਵਿੱਚ ਮਦਦ ਮਿਲਦੀ ਹੈ ਕਿ ਤੁਸੀਂ ਦੂਜੀਆਂ ਗੱਡੀਆਂ, ਪੈਦਲ ਚੱਲਣ ਵਾਲਿਆਂ, ਅਤੇ ਹੋਰਾਂ ਖ਼ਤਰਿਆਂ ਤੋਂ ਕਿੰਨੀ ਕੁ ਦੂਰ ਹੋ।

## ਰਾਤ ਵੇਲੇ ਦੇਖਣਾ

ਹਨੇਰੇ ਵਿੱਚ ਗੱਡੀ ਚਲਾਉਣ ਵੇਲੇ, ਕੁਝ ਡਰਾਈਵਰਾਂ ਨੂੰ ਸਾਹਮਣਿਓਂ ਆਉਂਦੀਆਂ ਹੈੱਡਲਾਈਟਾਂ ਦੀ ਚਮਕ ਤੋਂ ਪਰੇਸ਼ਾਨੀ ਹੁੰਦੀ ਹੈ। ਜੇ ਤੁਹਾਨੂੰ ਰਾਤੀਂ ਦੇਖਣ ਵਿੱਚ ਮੁਸ਼ਕਲ ਆਉਂਦੀ ਹੈ, ਤਾਂ ਲੋੜ ਤੋਂ ਵੱਧ ਗੱਡੀ ਨਾ ਚਲਾਓ, ਅਤੇ ਗੱਡੀ ਚਲਾਉਣ ਵੇਲੇ ਬਹੁਤ ਸਾਵਧਾਨੀ ਵਰਤੋ।

- ਇਹ ਪੱਕਾ ਕਰੋ ਕਿ ਤੁਹਾਡੀਆਂ ਹੈੱਡਲਾਈਟਾਂ ਚਾਲੂ ਹਨ।
- ਸੜਕ ਦੇ ਸੱਜੇ ਕਿਨਾਰੇ 'ਤੇ ਨਜ਼ਰ ਰੱਖਦੇ ਹੋਏ ਅਤੇ ਇਸਨੂੰ ਸਟੀਅਰਿੰਗ ਗਾਈਡ ਦੇ ਰੂਪ ਵਿੱਚ ਵਰਤਦਿਆਂ ਹੋਇਆਂ ਸਾਹਮਣਿਓਂ ਆਉਂਦੀਆਂ ਹੈੱਡਲਾਈਟਾਂ ਦੀ ਚਮਕ ਤੋਂ ਬਚੋ।
- ਇਹ ਪੱਕਾ ਕਰੋ ਕਿ ਹੈੱਡਲਾਈਟਾਂ ਸਹੀ ਦਿਸ਼ਾ ਵਿੱਚ ਰੋਸ਼ਨੀ ਪਾ ਰਹੀਆਂ ਹਨ। ਗਲਤ ਦਿਸ਼ਾ ਵਿੱਚ ਰੋਸ਼ਨੀ ਪਾ ਰਹੀਆਂ ਹੈੱਡਲਾਈਟਾਂ ਨਾਲ ਦੂਜੇ ਡਰਾਈਵਰਾਂ ਨੂੰ ਦੇਖਣ ਵਿੱਚ ਮੁਸ਼ਕਲ ਹੋ ਸਕਦੀ ਹੈ ਅਤੇ ਤੁਹਾਡੀ ਵੀ ਸੜਕ ਨੂੰ ਦੇਖਣ ਦੀ ਯੋਗਤਾ ਘੱਟ ਜਾਵੇਗੀ।
- ਆਪਣੀ ਗੱਡੀ ਦੀ ਸਪੀਡ ਨੂੰ ਘਟਾਓ ਅਤੇ ਕਿਸੇ ਗੱਡੀ ਪਿੱਛੇ ਚੱਲਣ ਦੀ ਆਪਣੀ ਦੂਰੀ ਨੂੰ ਵਧਾਓ। ਤੁਹਾਨੂੰ ਆਪਣੇ ਹੈਡਲਾਈਟਾਂ ਦੁਆਰਾ ਬਣਾਈ ਗਈ ਰੌਸ਼ਨੀ ਵਿੱਚ ਰੁਕਣ ਯੋਗ ਹੋਣਾ ਚਾਹੀਦਾ ਹੈ।

## ਸੁਣਨਾ

ਹੌਰਨਾਂ, ਸਾਇਰਨਾਂ, ਜਾਂ ਚੀਖ਼ਦੇ ਹੋਏ ਟਾਇਰਾਂ ਦੀਆਂ ਅਵਾਜ਼ਾਂ ਨਾਲ ਤੁਹਾਨੂੰ ਦਿਸ਼ਾ ਮਿਲ ਸਕਦੀ ਹੈ ਜਾਂ ਖ਼ਤਰੇ ਦੀ ਚੇਤਾਵਨੀ ਮਿਲ ਸਕਦੀ ਹੈ। ਅੱਖਾਂ ਦੀ ਨਜ਼ਰ ਵਾਂਗ ਹੀ, ਸੁਣਨ ਸੰਬੰਧੀ ਸਮੱਸਿਆਵਾਂ ਵੀ ਹੌਲੀ-ਹੌਲੀ ਵੱਧ ਸਕਦੀਆਂ ਹਨ, ਇਸ ਕਰਕੇ ਉਨ੍ਹਾਂ ਦਾ ਪਤਾ ਲਗਾਉਣਾ ਅਕਸਰ ਮੁਸ਼ਕਲ ਹੁੰਦਾ ਹੈ। ਜੋ ਡਰਾਈਵਰ ਬੋਲ਼ੇ ਹਨ ਜਾਂ ਉੱਚਾ ਸੁਣਦੇ ਹਨ, ਉਹ ਅਕਸਰ ਆਪਣੀ ਨਜ਼ਰ 'ਤੇ ਵਧੇਰੇ ਭਰੋਸਾ ਕਰਨਾ ਸਿੱਖ ਕੇ ਅਤੇ ਹੋਰ ਜ਼ਿਆਦਾ ਚੁਕੰਨੇ ਰਹਿ ਕੇ ਤਾਲਮੇਲ ਬਿਠਾ ਸਕਦੇ ਹਨ।

ਈਅਰਬਡਸ, ਈਅਰਫ਼ੋਨ, ਹੈੱਡਫ਼ੋਨ, ਜਾਂ ਅਜਿਹੇ ਹੈੱਡਸੈੱਟ ਪਹਿਨ ਕੇ ਗੱਡੀ ਚਲਾਉਣਾ ਕਾਨੂੰਨ ਦੇ ਖਿਲਾਫ਼ ਹੈ ਜੋ ਅਵਾਜ਼ ਪ੍ਰਸਾਰਿਤ ਕਰਦੇ ਹਨ ਜਾਂ ਆਲੇ-ਦੁਆਲੇ ਦੇ ਸ਼ੋਰ ਨੂੰ ਘੱਟ ਕਰਦੇ ਹਨ।

ਜੇ ਹੈਂਡਸ-ਫ੍ਰੀ ਡਿਵਾਈਸ ਵਾਸ਼ਿੰਗਟਨ ਪ੍ਰਬੰਧਕੀ ਕੋਡ (Washington Administrative Code) ਕਾਨੂੰਨ 204-10-045 ਦੀ ਅਨੁਪਾਲਣਾ ਕਰਦੇ ਹੋਣ ਤਾਂ ਤੁਸੀਂ ਇੱਕ ਕੰਨ ਵਿੱਚ ਇਸਦਾ ਇਸਤੇਮਾਲ ਕਰ ਸਕਦੇ ਹੋ।

**ਯਾਦ ਰੱਖੋ:** ਜੇ ਤੁਹਾਡੇ ਕੋਲ ਇੱਕ ਹਿਦਾਇਤੀ ਪਰਮਿਟ ਜਾਂ ਇੰਟਰਮੀਡੀਏਟ ਲਾਇਸੈਂਸ ਹੈ, ਤਾਂ ਤੁਸੀਂ ਗੱਡੀ ਚਲਾਉਣ ਵੇਲੇ ਸੈੱਲ ਫ਼ੋਨ ਜਾਂ ਕਿਸੇ ਮੋਬਾਈਲ ਇਲੈਕਟ੍ਰਾਨਿਕ ਡਿਵਾਈਸ ਦੀ ਵਰਤੋਂ ਨਹੀਂ ਕਰ ਸਕਦੇ ਹੋ, ਭਾਵੇਂ ਉਹ ਹੈਂਡਸ-ਫ੍ਰੀ ਹੀ ਕਿਉਂ ਨਾ ਹੋਵੇ।

ਘਰ ਪਹੁੰਚ ਗਏ!

ਮੈਂ ਵੀ! ❤❤❤

ਉਹੀ। ਰਾਤ ਬਹੁਤ ਵਧੀਆ ਲੰਘੀ।

## ਸੁਰੱਖਿਅਤ ਘਰ ਪਹੁੰਚੋ। ਬਾਹਰ ਜਾਣ ਤੋਂ ਪਹਿਲਾਂ ਬਿਨਾਂ ਨਸ਼ੇ ਵਾਲੀ ਰਾਈਡ ਦੀ ਯੋਜਨਾ ਬਣਾਓ।

TOGETHER
WE GET
THERE

## 3.1 | ਨਸ਼ੇ ਹੇਠਾਂ ਡਰਾਈਵਿੰਗ

ਨਸ਼ੇ ਹੇਠਾਂ ਡਰਾਈਵਿੰਗ ਉਦੋਂ ਹੁੰਦੀ ਹੈ ਜਦੋਂ ਕਿਸੇ ਵੀ ਚੀਜ਼ ਕਰਕੇ ਤੁਹਾਡੇ ਲਈ ਠੀਕ ਢੰਗ ਨਾਲ ਸੋਚਣਾ, ਛੇਤੀ ਜਵਾਬੀ ਕਾਰਵਾਈ ਕਰਨਾ, ਜਾਂ ਆਪਣੀ ਕਾਰ ਨੂੰ ਕੰਟਰੋਲ ਕਰਨਾ ਮੁਸ਼ਕਲ ਹੋ ਜਾਂਦਾ ਹੈ। ਇਸ ਵਿੱਚ ਸ਼ਰਾਬ, ਨਸ਼ੀਲੀਆਂ ਦਵਾਈਆਂ ਵਰਗੀਆਂ ਚੀਜ਼ਾਂ ਜਾਂ ਥੱਕੇ ਹੋਣਾ ਸ਼ਾਮਲ ਹੁੰਦਾ ਹੈ। ਇਹ ਸਾਰੀਆਂ ਚੀਜ਼ਾਂ ਤੁਹਾਨੂੰ, ਤੁਹਾਡੇ ਯਾਤਰੀਆਂ ਨੂੰ, ਅਤੇ ਸੜਕ 'ਤੇ ਮੌਜੂਦ ਹੋਰਾਂ ਲੋਕਾਂ ਨੂੰ ਖ਼ਤਰੇ ਵਿੱਚ ਪਾ ਸਕਦੀਆਂ ਹਨ।

ਸ਼ਰਾਬ ਜਾਂ ਨਸ਼ੀਲੀਆਂ ਦਵਾਈਆਂ ਦੇ ਅਸਰ ਹੇਠ ਕੀਤੀ ਗਈ ਡਰਾਈਵਿੰਗ ਲਈ ਸਜ਼ਾ ਬਹੁਤ ਸਖ਼ਤ ਹੁੰਦੀ ਹੈ: ਮਹਿੰਗੇ ਜੁਰਮਾਨੇ, ਉੱਚੀਆਂ ਬੀਮਾ ਦਰਾਂ, ਲਾਇਸੈਂਸ ਦੀ ਮੁਅੱਤਲੀ ਜਾਂ ਇਸਨੂੰ ਵਾਪਸ ਲੈ ਲਿਆ ਜਾਣਾ, ਅਤੇ ਇੱਥੋਂ ਤੱਕ ਕਿ ਜੇਲ੍ਹ ਦੀ ਸਜ਼ਾ ਵੀ।

ਇੱਥੋਂ ਤੱਕ ਕਿ ਕੋਈ ਤਜਰਬੇਕਾਰ ਡਰਾਈਵਰ ਵੀ ਸ਼ਰਾਬ ਪੀਣ ਜਾਂ ਨਸ਼ੀਲੀਆਂ ਦਵਾਈਆਂ ਲੈਣ ਤੋਂ ਬਾਅਦ ਸੁਰੱਖਿਅਤ ਢੰਗ ਨਾਲ ਗੱਡੀ ਨਹੀਂ ਚਲਾ ਸਕਦਾ ਹੈ। ਨਸ਼ੇ ਦੇ ਅਸਰ ਹੇਠ ਕਦੇ ਵੀ ਗੱਡੀ ਨਾ ਚਲਾਉਣ ਦਾ ਫੈਸਲਾ ਲੈਣ ਨਾਲ: ਤੁਹਾਡੀ ਅਤੇ ਹੋਰ ਲੋਕਾਂ ਦੀ ਜਾਨ ਬਚੇਗੀ।

### ਸ਼ਰਾਬ ਅਤੇ ਗੱਡੀ ਚਲਾਉਣਾ

ਸ਼ਰਾਬ ਉਹ ਸਭ ਤੋਂ ਆਮ ਨਸ਼ੀਲੀ ਦਵਾਈ ਹੈ ਜੋ ਨਸ਼ੇ ਵਿੱਚ ਡਰਾਈਵਿੰਗ ਦੀਆਂ ਹਾਦਸਿਆਂ ਵਿੱਚ ਸ਼ਾਮਲ ਹੁੰਦੀ ਹੈ। ਦੂਜਿਆਂ ਦੀ ਨਸ਼ੇ ਵਿੱਚ ਡਰਾਈਵਿੰਗ ਵਾਲੇ ਵਿਵਹਾਰ ਤੋਂ ਚੁਕੰਨੇ ਰਹੋ ਅਤੇ ਉਨ੍ਹਾਂ ਨੂੰ ਕਾਫ਼ੀ ਥਾਂ ਦਿਓ।

**ਸ਼ਰਾਬ ਇਨ੍ਹਾਂ ਕਾਰਨਾਂ ਕਰਕੇ ਡਰਾਈਵਰਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ:**

- ਸਰੀਰ ਵਿੱਚ ਢਿੱਲਾਪਣ ਅਤੇ ਸੁਸਤੀ ਮਹਿਸੂਸ ਹੋਣਾ।
- ਧੁੰਦਲੀ ਨਜ਼ਰ ਜਾਂ ਸੀਮਤ ਨਜ਼ਰ।
- ਪ੍ਰਤੀਕਿਰਿਆ ਦੇਣ ਦੇ ਸਮੇਂ, ਧਿਆਨ ਦੇਣ, ਅਤੇ ਆਲੇ-ਦੁਆਲੇ ਨੂੰ ਸਕੈਨ ਕਰਨ ਦੀ ਯੋਗਤਾ ਵਿੱਚ ਕਮੀ।
- ਇਹ ਸਮਝਣ ਵਿੱਚ ਮੁਸ਼ਕਲ ਹੋਣਾ ਕਿ ਕੀ ਹੋ ਰਿਹਾ ਹੈ।
- ਇੱਕੋ ਸਮੇਂ ਬਹੁਤ ਸਾਰੇ ਕੰਮ ਕਰਨ ਵਿੱਚ ਮੁਸ਼ਕਲ ਹੋਣਾ, ਜਿਵੇਂ ਕਿ ਇੱਕ ਲੇਨ ਵਿੱਚ ਬਣੇ ਰਹਿਣਾ ਅਤੇ ਹੋਰ ਟ੍ਰੈਫਿਕ ਤੋਂ ਬਚਣਾ।
- ਸੜਕ ਦੇ ਲਾਗੂ ਹੋਣ ਵਾਲੇ ਨਿਯਮਾਂ ਦੀ ਪਾਲਣਾ ਕਰਨ ਵਿੱਚ ਅਸਮਰੱਥ ਹੋਣਾ।
- ਬਹੁਤ ਜ਼ਿਆਦਾ ਆਤਮਵਿਸ਼ਵਾਸੀ ਹੋਣਾ, ਜਿਸ ਕਰਕੇ ਗੱਡੀ ਚਲਾਉਣ ਦਾ ਵਿਵਹਾਰ ਖ਼ਤਰੇ ਭਰਿਆ ਹੋ ਸਕਦਾ ਹੈ।

**ਕਿਰਪਾ ਕਰਕੇ:**

- ਜੇ ਤੁਸੀਂ ਨਸ਼ੀਲੇ ਪਦਾਰਥਾਂ ਦਾ ਸੇਵਨ ਕੀਤਾ ਹੈ ਤਾਂ ਕੋਈ ਵੀ ਗੱਡੀ ਨਾ ਚਲਾਓ।
- ਕਿਸੇ ਅਜਿਹੇ ਡਰਾਈਵਰ ਨਾਲ ਯਾਤਰਾ ਨਾ ਕਰੋ ਜਿਸਨੇ ਕਿਸੇ ਵੀ ਤਰ੍ਹਾਂ ਦੇ ਜਾਂ ਕਿੰਨੀ ਵੀ ਮਾਤਰਾ ਵਿੱਚ ਨਸ਼ੀਲੇ ਪਦਾਰਥਾਂ ਦਾ ਸੇਵਨ ਕੀਤਾ ਹੋਇਆ ਹੈ।
- ਜੇ ਦੋਸਤਾਂ ਜਾਂ ਪਰਿਵਾਰ ਨੇ ਸ਼ਰਾਬ ਦਾ ਸੇਵਨ ਕੀਤਾ ਹੋਇਆ ਹੈ ਜਾਂ ਨਸ਼ੀਲੇ ਪਦਾਰਥਾਂ ਦਾ ਸੇਵਨ ਕਰ ਰਹੇ ਹਨ, ਤਾਂ ਉਨ੍ਹਾਂ ਨੂੰ ਗੱਡੀ ਨਾ ਚਲਾਉਣ ਦਿਓ।
- ਬਿਨਾਂ ਕਿਸੇ ਨਸ਼ੇ ਹੇਠਾਂ ਡਰਾਈਵਿੰਗ ਕਰਨ ਦੀ ਯੋਜਨਾ ਬਣਾਓ।

## ਕੈਨੇਬਿਸ (ਗਾਂਜਾ) ਅਤੇ ਡਰਾਈਵਿੰਗ

ਮੈਰੂਆਨਾ, THC (Tetrahydrocannabinol, ਟੈਟਰਾ ਹਾਈਡਰੋ ਕੈਨੇਬਿਨੋਲ), ਅਤੇ ਕੈਨੇਬਿਸ ਦੇ ਹੋਰ ਉਤਪਾਦਾਂ (ਖਾਣ ਯੋਗ, ਪੈਚ, ਵੇਪ, ਟਿੰਕਚਰ, ਅਤੇ ਚਮੜੀ ਉੱਪਰ ਲਾਏ ਜਾਣ ਵਾਲੇ) ਦੀ ਮਨੋਰੰਜਨ ਲਈ ਵਰਤੋਂ 21 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਕਾਨੂੰਨੀ ਹੈ, ਪਰ ਕਿਸੇ ਵੀ ਤਰ੍ਹਾਂ ਦੀ ਕੈਨੇਬਿਸ ਦਾ ਸੇਵਨ ਕਰਨ ਮਗਰੋਂ ਗੱਡੀ ਚਲਾਉਣਾ ਹਰ ਉਮਰ ਲਈ ਗੈਰ-ਕਨੂੰਨੀ ਹੈ।

**ਗੱਡੀ ਚਲਾਉਣ ਵਾਸਤੇ ਕੈਨੇਬਿਸ ਦਾ ਕਿੰਨੀ ਵੀ ਮਾਤਰਾ ਵਿੱਚ ਸੇਵਨ ਸੁਰੱਖਿਅਤ ਨਹੀਂ ਹੁੰਦਾ।**

ਖੋਜ ਤੋਂ ਪਤਾ ਲੱਗਦਾ ਹੈ ਕਿ ਕੈਨੇਬਿਸ ਕਈ ਤਰੀਕਿਆਂ ਨਾਲ ਡਰਾਈਵਰਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ:

- ਧਿਆਨ, ਪ੍ਰਤੀਕਿਰਿਆ ਦੇਣ ਦੇ ਸਮੇਂ ਅਤੇ ਤਾਲਮੇਲ ਵਿੱਚ ਕਮੀ
- ਗੱਡੀ ਤੇ ਕਾਬੂ ਰੱਖਣ ਦੀ ਸਮਰੱਥਾ ਵਿੱਚ ਕਮੀ
- ਪ੍ਰਤੀਕਿਰਿਆ ਕਰਨ ਦੇ ਸਮੇਂ ਵਿੱਚ ਦੇਰੀ
- ਫਾਸਲਿਆਂ ਦਾ ਅੰਦਾਜ਼ਾ ਲਗਾਉਣ ਵਿੱਚ ਅਸਮਰੱਥਤਾ
- ਨੀਂਦਰ ਵਿੱਚ ਵਾਧਾ
- ਮਾਸਪੇਸ਼ੀਆਂ ਦੇ ਤਾਲਮੇਲ ਵਿੱਚ ਕਮੀ
- ਮਾਨਸਿਕ ਅਤੇ ਸਰੀਰਕ ਕਾਰਜਾਂ ਵਿੱਚ ਰੁਕਾਵਟ

## ਕਿਸੇ ਨਸ਼ੀਲੇ ਪਦਾਰਥ ਦੇ ਅਸਰ ਹੇਠ ਹੋਣ ਦੇ ਇੱਕ ਤੋਂ ਵੱਧ ਤਰੀਕੇ ਹੋ ਸਕਦੇ ਹਨ।

ਨਸ਼ੇ ਵਿੱਚ ਡਰਾਈਵਿੰਗ ਆਮ ਤੌਰ 'ਤੇ ਸ਼ਰਾਬ, ਕੈਨੇਬਿਸ, ਜਾਂ ਗੈਰਕਾਨੂੰਨੀ ਨਸ਼ੀਲੀਆਂ ਦਵਾਈਆਂ ਦੇ ਸੇਵਨ ਨਾਲ ਜੁੜੀ ਹੁੰਦੀ ਹੈ। ਹਾਲਾਂਕਿ, ਬਹੁਤ ਸਾਰੀਆਂ ਕਾਨੂੰਨੀ ਤੌਰ 'ਤੇ ਪ੍ਰਾਪਤ ਕੀਤੀਆਂ ਜਾਂਦੀਆਂ ਅਤੇ ਆਮ ਤੌਰ 'ਤੇ ਵਰਤੀਆਂ ਜਾਂਦੀਆਂ ਓਵਰ-ਦ-ਕਾਊਂਟਰ (ਬਗੈਰ ਡਾਕਟਰੀ ਪਰਚੀ ਦੇ) ਅਤੇ ਪ੍ਰਿਸਕ੍ਰਿਪਸ਼ਨ (ਡਾਕਟਰੀ ਪਰਚੀ ਵਾਲੀਆਂ) ਦਵਾਈਆਂ, ਇਨ੍ਹਾਂ ਦੀ ਵਰਤੋਂ ਕਰਨ ਵਾਲੇ ਉਪਭੋਗੀ ਦੀ ਸੁਰੱਖਿਅਤ ਤਰੀਕੇ ਨਾਲ ਗੱਡੀ ਚਲਾਉਣ ਦੀ ਸਮਰੱਥਾ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।

- ਸਿਰਫ਼ ਇਸ ਕਰਕੇ ਕਿ ਕੋਈ ਦਵਾਈ ਜਾਇਜ਼ ਹੈ, ਇਸਦਾ ਮਤਲਬ ਇਹ ਨਹੀਂ ਹੁੰਦਾ ਕਿ ਇਸਨੂੰ ਗੱਡੀ ਚਲਾਉਣ ਸਮੇਂ ਵਰਤਣਾ ਸੁਰੱਖਿਅਤ ਹੁੰਦਾ ਹੈ।
- ਨਸ਼ੇ ਵਿੱਚ ਡਰਾਈਵਿੰਗ ਇੱਕ ਅਪਰਾਧੀ ਵਰਤਾਓ ਹੈ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਕੋਈ ਦਵਾਈ ਡਾਕਟਰ ਦੁਆਰਾ ਲਿਖੀ ਹੋਈ ਹੈ, ਕਾਉਂਟਰ ਤੋਂ ਬਗੈਰ ਡਾਕਟਰੀ ਪਰਚੇ ਦੇ ਲਈ ਗਈ ਹੈ, ਪ੍ਰਚੂਨ ਤੋਂ ਖਰੀਦੀ ਗਈ ਹੈ, ਜਾਂ ਇਸਨੂੰ ਗੈਰਕਾਨੂੰਨੀ ਦਵਾਈ ਮੰਨਿਆ ਜਾਂਦਾ ਹੈ।

ਸਿਰਦਰਦ, ਜ਼ੁਕਾਮ, ਜਾਂ ਐਲਰਜੀ ਵਾਸਤੇ ਕਾਉਂਟਰ ਤੋਂ ਲਈਆਂ ਜਾਣ ਵਾਲੀਆਂ ਦਵਾਈਆਂ ਨਾਲ ਵਿਅਕਤੀ ਨੂੰ ਨੀਂਦ ਆ ਸਕਦੀ ਹੈ, ਜਿਸ ਨਾਲ ਤੁਹਾਡੀ ਡਰਾਈਵਿੰਗ 'ਤੇ ਅਸਰ ਪੈ ਸਕਦਾ ਹੈ। ਸ਼ਰਾਬ ਵਾਂਗ ਹੀ, ਪ੍ਰਿਸਕ੍ਰਿਪਸ਼ਨ ਵਾਲੀਆਂ ਦਵਾਈਆਂ ਨਾਲ ਤੁਹਾਡੀ ਜਵਾਬੀ ਪ੍ਰਤੀਕਿਰਿਆ (ਰਿਫ਼ਲੈਕਸਾਂ), ਫੈਸਲੇ ਲੈਣ, ਨਜ਼ਰ ਅਤੇ ਚੁਕੰਨੇਪਣ 'ਤੇ ਅਸਰ ਪੈ ਸਕਦਾ ਹੈ।

ਜੇ ਤੁਸੀਂ ਹੁਣੇ-ਹੁਣੇ ਪ੍ਰਿਸਕ੍ਰਿਪਸ਼ਨ ਵਾਲੀਆਂ ਦਵਾਈਆਂ ਨੂੰ ਲੈਣਾ ਸ਼ੁਰੂ ਕੀਤਾ ਹੈ, ਕੋਈ ਨਵੀਂ ਪ੍ਰਿਸਕ੍ਰਿਪਸ਼ਨ ਦਵਾਈ ਲੈਣੀ ਸ਼ੁਰੂ ਕੀਤੀ ਹੈ, ਜਾਂ ਮੌਜੂਦਾ ਦਵਾਈ ਦੀ ਹੋਰ ਜ਼ਿਆਦਾ ਖੁਰਾਕ ਲੈਣੀ ਸ਼ੁਰੂ ਕੀਤੀ ਹੈ ਤਾਂ ਗੱਡੀ ਨਾ ਚਲਾਓ। ਉਦੋਂ ਤੱਕ ਉਡੀਕ ਕਰੋ ਜਦੋਂ ਤੱਕ ਤੁਹਾਨੂੰ ਪਤਾ ਨਾ ਲੱਗ ਜਾਵੇ ਕਿ ਇਸਦਾ ਤੁਹਾਡੇ ਫੈਸਲੇ ਲੈਣੇ, ਤਾਲਮੇਲ ਕਰਨ ਅਤੇ ਪ੍ਰਤੀਕਿਰਿਆ ਦੇਣ ਦੇ ਸਮੇਂ 'ਤੇ ਕੀ ਅਸਰ ਪੈਂਦਾ ਹੈ। ਆਪਣੇ ਡਾਕਟਰ ਜਾਂ ਫਾਰਮਾਸਿਸਟ ਨਾਲ ਗੱਲ ਕਰੋ। ਗੱਡੀ ਚਲਾਉਣ ਤੋਂ ਪਹਿਲਾਂ ਚੇਤਾਵਨੀ ਦੇ ਸਾਰੇ ਲੇਬਲਾਂ ਨੂੰ ਪੜ੍ਹੋ। "ਭਾਰੀ ਮਸ਼ੀਨਰੀ ਚਲਾਉਣ" ਖਿਲਾਫ਼ ਚੇਤਾਵਨੀਆਂ ਵਿੱਚ ਗੱਡੀ ਚਲਾਉਣਾ ਵੀ ਸ਼ਾਮਲ ਹੁੰਦਾ ਹੈ।

ਹੋ ਸਕਦਾ ਹੈ ਕਿ ਕੁਝ ਦਵਾਈਆਂ ਦਾ ਆਪਣੇ ਆਪ ਵਿੱਚ ਤੁਹਾਡੇ 'ਤੇ ਕੋਈ ਅਸਰ ਨਾ ਪਵੇ, ਪਰ ਜੇ ਇਨ੍ਹਾਂ ਨੂੰ ਕਿਸੇ ਦੂਜੀ ਦਵਾਈ ਨਾਲ ਮਿਲਾ ਕੇ ਜਾਂ ਸ਼ਰਾਬ ਦੇ ਨਾਲ ਲਿਆ ਜਾਂਦਾ ਹੈ, ਤਾਂ ਇਹ ਗੰਭੀਰ ਨੁਕਸਾਨ ਹੋਣ ਦਾ ਕਾਰਨ ਬਣ ਸਕਦੀਆਂ ਹਨ। ਬਹੁਤੇਰੀਆਂ ਦਵਾਈਆਂ ਸ਼ਰਾਬ ਦੇ ਅਸਰ ਨੂੰ ਕਈ ਗੁਣਾ ਵਧਾ ਦਿੰਦੀਆਂ ਹਨ ਜਾਂ ਉਨ੍ਹਾਂ ਦੇ ਹੋਰ ਮਾੜੇ ਪ੍ਰਭਾਵ ਹੁੰਦੇ ਹਨ। ਇਸ ਤੋਂ ਪਹਿਲਾਂ ਕਿ ਤੁਸੀਂ ਸ਼ਰਾਬ ਪੀਓ ਅਤੇ ਉਸੇ ਸਮੇਂ ਕੋਈ ਦਵਾਈ ਵੀ ਲਓ, ਦਵਾਈ ਦੇ ਲੇਬਲ 'ਤੇ ਦਿੱਤੀਆਂ ਚੇਤਾਵਨੀਆਂ ਨੂੰ ਪੜ੍ਹੋ ਜਾਂ ਆਪਣੇ ਫਾਰਮਾਸਿਸਟ ਨਾਲ ਗੱਲ ਕਰੋ।

## ਇੱਕ ਤੋਂ ਵੱਧ ਦਵਾਈਆਂ ਦਾ ਇਸਤੇਮਾਲ ਕਰਨਾ ਅਤੇ ਡਰਾਈਵਿੰਗ ਕਰਨਾ

ਇੱਕ ਤੋਂ ਵੱਧ ਦਵਾਈਆਂ ਦੇ ਇਸਤੇਮਾਲ ਦਾ ਮਤਲਬ ਹੈ ਇੱਕ ਤੋਂ ਵੱਧ ਕਿਸਮ ਦੀਆਂ ਦਵਾਈਆਂ ਨੂੰ ਮਿਲਾਉਣਾ ਜਾਂ ਇਕੱਠੇ ਲੈਣਾ। ਸ਼ਰਾਬ, ਕੈਨੇਬਿਸ ਜਾਂ ਹੋਰ ਨਸ਼ੀਲੀਆਂ ਦਵਾਈਆਂ ਨੂੰ ਮਿਲਾਉਣ ਨਾਲ ਕਿਸੇ ਵੀ ਇਕੱਲੇ ਨਸ਼ੀਲੇ ਪਦਾਰਥ ਦੇ ਪ੍ਰਭਾਵ ਨਾਲੋਂ ਕਿਤੇ ਵੱਧ ਅਸਰ ਹੋ ਸਕਦੇ ਹਨ। ਇਸ ਵਿੱਚ ਸ਼ਰਾਬ, ਕੈਨੇਬਿਸ, ਗੈਰਕਾਨੂੰਨੀ ਨਸ਼ੀਲੇ ਪਦਾਰਥ, ਪ੍ਰਿਸਕ੍ਰਿਪਸ਼ਨ ਵਾਲੀਆਂ ਦਵਾਈਆਂ, ਓਵਰ-ਦ-ਕਾਊਂਟਰ ਮਿਲਣ ਵਾਲੀਆਂ ਦਵਾਈਆਂ, ਅਤੇ ਗੈਰ-ਨਿਯੰਤ੍ਰਿਤ ਦਵਾਈਆਂ ਅਤੇ ਇਨਹੇਲੈਂਟ (ਸਾਹ ਰਾਹੀਂ ਅੰਦਰ ਖਿੱਚਣ ਵਾਲੀਆਂ ਦਵਾਈਆਂ) ਵਰਗੇ ਪਦਾਰਥ ਸ਼ਾਮਲ ਹੋ ਸਕਦੇ ਹਨ। ਘਾਤਕ ਦੁਰਘਟਨਾਵਾਂ ਵਿੱਚ ਸ਼ਾਮਲ ਸਭ ਤੋਂ ਵੱਧ ਆਮ ਕਾਰਨ, ਇੱਕ ਤੋਂ ਵੱਧ ਦਵਾਈਆਂ ਦਾ ਇਸਤੇਮਾਲ ਕਰਨਾ ਹੈ।

ਇੱਕ ਤੋਂ ਵੱਧ ਦਵਾਈਆਂ ਦੇ ਇਸਤੇਮਾਲ ਦਾ ਅਸਰ ਹਰ ਵਿਅਕਤੀ 'ਤੇ ਵੱਖੋ-ਵੱਖਰਾ ਹੁੰਦਾ ਹੈ ਅਤੇ ਇਹ ਦਵਾਈ ਦੀ ਮਾਤਰਾ, ਇਸਦਾ ਇਸਤੇਮਾਲ ਕਿੰਨੀ ਵਾਰ ਕੀਤਾ ਗਿਆ ਹੈ, ਅਤੇ ਇਸਨੂੰ ਕਿਵੇਂ ਲਿਆ ਜਾਂਦਾ ਹੈ ਵਗੈਰਾ 'ਤੇ ਨਿਰਭਰ ਕਰਦਾ ਹੈ। ਇੱਕ ਤੋਂ ਵੱਧ ਦਵਾਈਆਂ ਦੇ ਇਸਤੇਮਾਲ ਦੇ ਨਤੀਜੇ ਵਜੋਂ ਵਾਧੂ ਖੁਰਾਕ, ਮਾਨਸਿਕ ਸਿਹਤ ਸੰਬੰਧੀ ਮੁਸ਼ਕਲਾਂ, ਜੋਖ਼ਮ ਭਰੇ ਵਿਵਹਾਰ, ਗੰਭੀਰ ਸੱਟਾਂ, ਅਤੇ ਹਾਦਸੇ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ।

## ਥਕਾਨ ਅਤੇ ਨੀਂਦਰ ਆਉਣ ਵੇਲੇ ਗੱਡੀ ਚਲਾਉਣਾ

ਥਕਾਨ ਸਰੀਰਕ ਜਾਂ ਮਾਨਸਿਕ ਤਣਾਅ, ਵਾਰ-ਵਾਰ ਕੀਤੇ ਜਾਣ ਵਾਲੇ ਕੰਮਾਂ, ਬਿਮਾਰੀ, ਜਾਂ ਨੀਂਦ ਦੀ ਕਮੀ ਕਰਕੇ ਹੁੰਦੀ ਹੈ। ਸ਼ਰਾਬ ਅਤੇ ਨਸ਼ੀਲੀਆਂ ਦਵਾਈਆਂ ਵਾਂਗ ਹੀ, ਥਕਾਨ ਵੀ ਤੁਹਾਡੀ ਨਜ਼ਰ ਅਤੇ ਨਿਰਣੇ ਲੈਣ ਦੀ ਯੋਗਤਾ ਨੂੰ ਨੁਕਸਾਨ ਪਹੁੰਚਾਉਂਦੀ ਹੈ।

ਨੀਂਦ ਵਿੱਚ ਗੱਡੀ ਚਲਾਉਣ ਨਾਲ ਤੁਹਾਡੇ ਚੁਕੰਨੇਪਣ, ਧਿਆਨ ਦੇਣ, ਪ੍ਰਤੀਕਿਰਿਆ ਕਰਨ ਦੇ ਸਮੇਂ, ਨਿਰਣੇ ਲੈਣ ਦੀ ਕਾਬਲੀਅਤ ਅਤੇ ਫੈਸਲੇ ਲੈਣ ਦੀ ਸਮਰੱਥਾ ਉੱਤੇ ਅਸਰ ਪੈਂਦਾ ਹੈ। ਜਦੋਂ ਤੁਸੀਂ ਥਕੇਵੇਂ ਦੀ ਹਾਲਤ ਵਿੱਚ ਗੱਡੀ ਚਲਾਉਂਦੇ ਹੋ, ਤਾਂ ਤੁਹਾਨੂੰ ਗੱਡੀ ਚਲਾਉਣ ਵੇਲੇ ਨੀਂਦ ਆਉਣ ਅਤੇ ਹਾਦਸਾ ਹੋਣ ਦਾ ਖ਼ਤਰਾ ਰਹਿੰਦਾ ਹੈ ਜਿਸ ਵਿੱਚ ਸੱਟਾਂ ਲੱਗ ਸਕਦੀਆਂ ਹਨ ਜਾਂ ਜਾਨਾਂ ਵੀ ਜਾ ਸਕਦੀਆਂ ਹਨ।

ਥਕਾਨ ਦੀਆਂ ਕੁਝ ਨਿਸ਼ਾਨੀਆਂ ਇਹ ਹਨ। **ਗੱਡੀ ਨੂੰ ਕਿਨਾਰੇ ਖੜ੍ਹਾ ਕਰਕੇ ਅਰਾਮ ਕਰੋ, ਜੇ:**

- ਤੁਹਾਨੂੰ ਧਿਆਨ ਕੇਂਦਰਿਤ ਕਰਨ ਵਿੱਚ ਮੁਸ਼ਕਲ ਆ ਰਹੀ ਹੈ, ਜਾਂ ਤੁਹਾਨੂੰ ਪਿਛਲੇ ਕੁਝ ਮੀਲਾਂ ਦੌਰਾਨ ਗੱਡੀ ਚਲਾਉਣ ਬਾਰੇ ਕੁਝ ਯਾਦ ਨਹੀਂ ਆ ਰਿਹਾ।
- ਤੁਹਾਡੀਆਂ ਪਲਕਾਂ ਵਾਰ-ਵਾਰ ਝਪਕ ਰਹੀਆਂ ਹਨ ਜਾਂ ਅੱਖਾਂ ਭਾਰੀਆਂ ਹੋ ਰਹੀਆਂ ਹਨ।
- ਤੁਹਾਨੂੰ ਆਪਣਾ ਸਿਰ ਉੱਤੇ ਵੱਲ ਸਿੱਧਾ ਰੱਖਣ ਵਿੱਚ ਮੁਸ਼ਕਲ ਹੋ ਰਹੀ ਹੈ।
- ਬਾਹਰ ਨਿਕਲਣ ਵਾਲੇ ਐਗਜ਼ਿਟ ਜਾਂ ਟ੍ਰੈਫਿਕ ਦੇ ਚਿੰਨ੍ਹ ਖੁੰਝ ਰਹੇ ਹਨ।
- ਤੁਸੀਂ ਬੇਚੈਨ, ਖਿਝੇ ਹੋਏ ਜਾਂ ਲੜਨ ਲਈ ਤਿਆਰ ਮਹਿਸੂਸ ਕਰ ਰਹੇ ਹੋ।
- ਤੁਸੀਂ ਆਪਣੀ ਲੇਨ ਤੋਂ ਬਾਹਰ ਨਿਕਲ ਰਹੇ ਹੋ, ਲੇਨਾਂ ਵਿੱਚ ਟੇਢੇ-ਮੇਢੇ ਚੱਲ ਰਹੇ ਹੋ, ਅੱਗੇ ਵਾਲੀ ਗੱਡੀ ਦੇ ਕਾਫੀ ਨੇੜੇ ਗੱਡੀ ਚਲਾ ਰਹੇ ਹੋ, ਅਤੇ/ਜਾਂ ਤੁਹਾਡੀ ਗੱਡੀ ਰੰਬਲ ਸਟ੍ਰਿੱਪਾਂ (ਸਪੀਡ ਘਟਾਉਣ ਵਾਲੀਆਂ) 'ਤੇ ਵੱਜ ਰਹੀ ਹੈ।




ਜੇ ਤੁਸੀਂ ਕਿਸੇ ਹੋਰ ਡਰਾਈਵਰ ਨਾਲ ਸਫ਼ਰ ਕਰ ਰਹੇ ਹੋ, ਤਾਂ ਵਾਰੀ ਬਦਲ-ਬਦਲ ਕੇ ਗੱਡੀ ਚਲਾਓ। ਜੇ ਤੁਸੀਂ ਇਕੱਲੇ ਸਫ਼ਰ ਕਰ ਰਹੇ ਹੋ ਅਤੇ ਥਕਾਨ ਮਹਿਸੂਸ ਹੋ ਰਹੀ ਹੈ, ਤਾਂ ਗੱਡੀ ਸੜਕ ਦੇ ਕਿਨਾਰੇ ਖੜ੍ਹੀ ਕਰੋ ਅਤੇ 20 ਮਿੰਟ ਦੀ ਝਪਕੀ ਲੈ ਲਓ। ਦੁਰਘਟਨਾ ਹੋਣ ਦਾ ਖ਼ਤਰਾ ਮੁੱਲ ਲੈਣ ਦੀ ਬਜਾਏ, ਰੁਕ ਕੇ ਸੌਂ ਜਾਣਾ ਬਿਹਤਰ ਹੁੰਦਾ ਹੈ।

ਕਿਸੇ ਯਾਤਰਾ 'ਤੇ ਜਾਣ ਤੋਂ ਪਹਿਲਾਂ:

- ਲੋੜੀਂਦੀ ਨੀਂਦ ਲਓ — ਜ਼ਿਆਦਾਤਰ ਲੋਕਾਂ ਨੂੰ ਚੁਕੰਨੇ ਰਹਿਣ ਵਾਸਤੇ 7 ਤੋਂ 9 ਘੰਟੇ ਦੀ ਨੀਂਦਰ ਪੂਰੀ ਕਰਨਾ ਜ਼ਰੂਰੀ ਹੁੰਦਾ ਹੈ।
- ਲੰਬੀ ਯਾਤਰਾ ਦੇ ਦੌਰਾਨ ਹਰ 100 ਮੀਲ ਜਾਂ 2 ਘੰਟਿਆਂ ਬਾਅਦ ਰੁਕਣ ਦੀ ਯੋਜਨਾ ਬਣਾਓ।
- ਗੱਡੀ ਤੋਂ ਉਤਰ ਕੇ ਥੋੜ੍ਹਾ ਜਿਹਾ ਇੱਧਰ-ਉੱਧਰ ਘੁੰਮੋ, ਤਾਜ਼ੀ ਹਵਾ ਲਓ, ਅਤੇ ਥੋੜ੍ਹਾ ਪਾਣੀ ਪੀਓ। ਬ੍ਰੇਕ ਲੈਣ ਲਈ ਬਥੇਰਾ ਸਮਾਂ ਰੱਖਦੇ ਹੋਏ ਆਪਣੀ ਯਾਤਰਾ ਦੀ ਯੋਜਨਾ ਬਣਾਓ।
- ਸਫ਼ਰ ਲਈ ਕਿਸੇ ਸਾਥੀ ਦਾ ਪ੍ਰਬੰਧ ਕਰੋ ਜੋ ਚੁਕੰਨੇ ਰਹਿਣ ਵਿੱਚ ਤੁਹਾਡੀ ਮਦਦ ਕਰ ਸਕੇ, ਮੁਸੀਬਤਾਂ 'ਤੇ ਨਜ਼ਰ ਰੱਖ ਸਕੇ ਅਤੇ ਗੱਡੀ ਚਲਾਉਣ ਵਿੱਚ ਤੁਹਾਡੀ ਮਦਦ ਕਰ ਸਕੇ।

## ਮਾਨਸਿਕ ਸਿਹਤ

ਭਾਵਨਾਵਾਂ ਤੁਹਾਡੀ ਡਰਾਈਵਿੰਗ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਜਦੋਂ ਤੁਸੀਂ ਇਹ ਸਮਝ ਲੈਂਦੇ ਹੋ ਕਿ ਤੁਹਾਡੀਆਂ ਭਾਵਨਾਵਾਂ ਦਾ ਤੁਹਾਡੇ ਵਿਵਹਾਰ ਕਰਨ 'ਤੇ ਕਿਵੇਂ ਅਸਰ ਪੈਂਦਾ ਹੈ ਤਾਂ ਤੁਸੀਂ ਬਿਹਤਰ ਫੈਸਲੇ ਲੈਂਦੇ ਹੋ।

ਉਦਾਹਰਣ ਲਈ, ਜੇ ਤੁਹਾਨੂੰ ਗੱਡੀ ਚਲਾਉਣ ਵੇਲੇ ਬੇਚੈਨੀ ਮਹਿਸੂਸ ਹੋ ਰਹੀ ਹੈ, ਤਾਂ ਹੋ ਸਕਦਾ ਹੈ ਕਿ ਤੁਸੀਂ ਖਿਆਲਾਂ ਵਿੱਚ ਬਹੁਤ ਮਗਨ ਹੋਵੋ ਅਤੇ ਆਪਣੇ ਪੈਰ ਨਾਲ ਐਕਸਲਰੇਟਰ 'ਤੇ ਬਹੁਤ ਜ਼ਿਆਦਾ ਦਬਾਅ ਪਾ ਰਹੇ ਹੋ। ਤੁਸੀਂ ਕਿਵੇਂ ਮਹਿਸੂਸ ਕਰ ਰਹੇ ਹੋ (ਬੇਚੈਨ ਹੋ), ਇਸ ਨਾਲ ਤੁਹਾਡਾ ਵਿਵਹਾਰ ਬਦਲ ਰਿਹਾ ਹੈ (ਤੇਜ਼ ਸਪੀਡ ਨਾਲ ਗੱਡੀ ਚਲਾਉਣਾ)।

ਸੜਕ 'ਤੇ ਜਾਣ ਤੋਂ ਪਹਿਲਾਂ, ਸ਼ਾਂਤ ਹੋਣ ਅਤੇ ਤਣਾਅ ਤੋਂ ਰਾਹਤ ਪਾਉਣ ਲਈ ਹੇਠਾਂ ਕੁਝ ਤਰੀਕੇ ਦੱਸੇ ਗਏ ਹਨ। ਤੁਸੀਂ ਇਨ੍ਹਾਂ ਨੂੰ ਪਾਰਕ ਕੀਤੀ ਹੋਈ ਕਾਰ ਵਿੱਚ ਬੈਠਿਆਂ ਹੋਇਆਂ ਵੀ ਕਰ ਸਕਦੇ ਹੋ।

1. ਆਪਣੇ ਨੱਕ ਤੋਂ ਸਾਹ ਲਓ, ਅਤੇ ਇਸ ਤਰ੍ਹਾਂ ਬਾਹਰ ਕੱਢੋ ਜਿਵੇਂ ਤੁਸੀਂ ਗਰਮ ਸੂਪ ਨੂੰ ਠੰਡਾ ਕਰਨ ਦੀ ਕੋਸ਼ਿਸ਼ ਕਰ ਰਹੇ ਹੋਵੋ।

2. ਹੌਲੀ-ਹੌਲੀ 1 ਤੋਂ 20 ਤੱਕ ਗਿਣਤੀ ਗਿਣੋ, ਜਾਂ 100 ਤੋਂ ਪਿੱਛੇ ਵੱਲ ਨੂੰ ਤਿੰਨ-ਤਿੰਨ ਛੱਡ ਕੇ ਗਿਣਤੀ ਗਿਣੋ (100, 97, 94, 91, 88...)। ਆਪਣੇ ਦਿਮਾਗ ਵਿੱਚ ਆਉਣ ਵਾਲੀਆਂ ਬਾਕੀ ਸਾਰੀਆਂ ਗੱਲਾਂ ਨੂੰ ਸ਼ਾਂਤ ਕਰਨ ਲਈ ਸਿਰਫ਼ ਨੰਬਰਾਂ 'ਤੇ ਧਿਆਨ ਕੇਂਦਰਿਤ ਕਰੋ।

3. ਆਪਣੀ ਯਾਤਰਾ ਲਈ ਬਥੇਰਾ ਸਮਾਂ ਰੱਖੋ। ਆਪਣੇ ਆਪ ਅਤੇ ਹੋਰਾਂ ਨਾਲ ਸਬਰ ਰੱਖਣ ਦੀ ਚੋਣ ਕਰੋ।

ਭਾਵਨਾਤਮਕ ਜਾਗਰੂਕਤਾ ਸੜਕ 'ਤੇ ਦੂਜੇ ਲੋਕਾਂ ਪ੍ਰਤੀ ਸਬਰ ਅਤੇ ਸਤਿਕਾਰ ਨੂੰ ਉਤਸ਼ਾਹਤ ਕਰਦੀ ਹੈ ਅਤੇ ਸੁਰੱਖਿਅਤ ਢੰਗ ਨਾਲ ਗੱਡੀ ਚਲਾਉਣ ਦੇ ਵਿਵਹਾਰ ਨੂੰ ਵਿਕਸਿਤ ਕਰਦੀ ਹੈ।

## ਆਕ੍ਰਾਮਕ ਡਰਾਈਵਿੰਗ

**ਆਕ੍ਰਾਮਕ (ਹਮਲਾਵਰ) ਡਰਾਈਵਿੰਗ ਇੱਕ ਟ੍ਰੈਫਿਕ ਅਪਰਾਧ ਹੈ।**

ਆਕ੍ਰਾਮਕ ਡਰਾਈਵਿੰਗ ਉਦੋਂ ਹੁੰਦੀ ਹੈ ਜਦੋਂ ਕੋਈ ਡਰਾਈਵਰ ਜਾਣਬੁੱਝ ਕੇ ਕੁਝ ਅਜਿਹਾ ਕਰਦਾ ਹੈ ਜਿਸ ਨਾਲ ਲੋਕਾਂ ਦੀ ਜਾਨ ਜਾਂ ਸੰਪਤੀ ਨੂੰ ਖ਼ਤਰਾ ਪੈਦਾ ਹੁੰਦਾ ਹੈ।

**ਹੇਠਾਂ ਦੱਸੇ ਗਏ ਵਿਵਹਾਰਾਂ ਨੂੰ ਆਕ੍ਰਾਮਕ ਡਰਾਈਵਿੰਗ ਮੰਨਿਆ ਜਾਂਦਾ ਹੈ:**

- ਗੱਡੀ ਚਲਾਉਣ ਵੇਲੇ ਕੀਤੇ ਜਾਣ ਵਾਲੇ ਅਜਿਹੇ ਵਰਤਾਓ ਜਿਨ੍ਹਾਂ ਨਾਲ ਦੂਜੇ ਲੋਕਾਂ ਜਾਂ ਸੰਪਤੀ ਨੂੰ ਨੁਕਸਾਨ ਪਹੁੰਚਣ ਦਾ ਖ਼ਤਰਾ ਹੁੰਦਾ ਹੈ।
- ਜਾਣ-ਬੁੱਝ ਕੇ ਕੀਤੇ ਗਏ ਕੰਮ ਜਿਨ੍ਹਾਂ ਨਾਲ ਦੂਜੇ ਵਿਅਕਤੀ ਨੂੰ ਆਪਣਾ ਬਚਾਅ ਕਰਨਾ ਪੈਂਦਾ ਹੈ।

**ਆਕ੍ਰਾਮਕ ਡਰਾਈਵਿੰਗ ਨਾਲ ਜੁੜੇ ਵਿਵਹਾਰਾਂ ਵਿੱਚ ਸ਼ਾਮਲ ਹਨ:**

- ਤੇਜ਼ ਰਫ਼ਤਾਰ ਨਾਲ ਗੱਡੀ ਚਲਾਉਣਾ।
- ਕਿਸੇ ਗੱਡੀ ਦੇ ਪਿੱਛੇ ਬਹੁਤ ਨੇੜੇ ਚੱਲਣਾ।
- ਅਸੁਰੱਖਿਅਤ ਤਰੀਕੇ ਨਾਲ ਲੇਨਾਂ ਬਦਲਣਾ।
- ਗਲਤ ਸਿਗਨਲਾਂ ਦਾ ਇਸਤੇਮਾਲ ਕਰਨਾ।
- ਟ੍ਰੈਫਿਕ ਕੰਟਰੋਲ ਡਿਵਾਈਸਾਂ ਦੀ ਪਾਲਣਾ ਨਾ ਕਰਨਾ।
- ਸੜਕ 'ਤੇ ਪੈਦਲ ਚੱਲ ਰਹੇ ਜਾਂ ਸਾਈਕਲ ਚਲਾ ਰਹੇ ਕਿਸੇ ਵਿਅਕਤੀ ਦੇ ਬਹੁਤ ਨੇੜੇ ਗੱਡੀ ਚਲਾਉਣਾ।

ਤੁਸੀਂ ਜੋ ਕਰ ਰਹੇ ਹੋ ਉਸ 'ਤੇ ਧਿਆਨ ਕੇਂਦਰਿਤ ਕਰੋ। ਕੋਸ਼ਿਸ਼ ਕਰੋ ਕਿ ਆਕ੍ਰਾਮਕ ਡਰਾਈਵਿੰਗ ਨੂੰ ਨਿੱਜੀ ਤੌਰ 'ਤੇ ਨਾ ਲਓ। ਸੜਕ ਵਰਤਣ ਵਾਲੇ ਹੋਰਾਂ ਲੋਕਾਂ ਪ੍ਰਤੀ ਸਬਰ ਵਾਲੇ ਅਤੇ ਖਿਮਾਸ਼ੀਲ ਬਣੋ।

## ਰੇਸ ਲਾਉਣਾ ਅਤੇ ਸੜਕਾਂ 'ਤੇ ਪ੍ਰਦਰਸ਼ਨ ਕਰਨਾ

ਕਿਉਂਕਿ ਸੜਕਾਂ 'ਤੇ ਰੇਸ ਲਗਾਉਣਾ ਅਤੇ ਗੈਰ-ਅਧਿਕਾਰਤ ਪ੍ਰਦਰਸ਼ਨ ਇੰਨੇ ਜ਼ਿਆਦਾ ਖ਼ਤਰਨਾਕ ਹੁੰਦੇ ਹਨ, ਇਸੇ ਕਰਕੇ ਇਨ੍ਹਾਂ ਲਈ ਜ਼ੁਰਮਾਨੇ ਵੀ ਸਖ਼ਤ ਹੁੰਦੇ ਹਨ। ਇਹ ਉਨ੍ਹਾਂ ਡਰਾਈਵਰਾਂ ਅਤੇ ਕਿਸੇ ਵੀ ਹੋਰ ਵਿਅਕਤੀ 'ਤੇ ਲਾਗੂ ਹੋ ਸਕਦੇ ਹਨ ਜੋ ਸੜਕ 'ਤੇ ਰੇਸ ਲਗਾਉਣ ਵਾਲੀਆਂ ਗਤੀਵਿਧੀਆਂ ਨੂੰ ਭੜਕਾਉਂਦਾ ਹੈ ਜਾਂ ਉਨ੍ਹਾਂ ਵਿੱਚ ਸਹਾਇਤਾ ਕਰਦਾ ਹੈ। ਹਿੱਸਾ ਲੈਣ ਵਾਲੇ ਦੋਸ਼ੀਆਂ 'ਤੇ ਜੁਰਮਾਨੇ ਲਗਾਏ ਜਾ ਸਕਦੇ ਹਨ, ਉਨ੍ਹਾਂ ਨੂੰ ਜੇਲ੍ਹ ਦੀ ਸਜ਼ਾ ਭੁਗਤਣੀ ਪੈ ਸਕਦੀ ਹੈ ਅਤੇ ਉਨ੍ਹਾਂ ਦੀ ਗੱਡੀ ਨੂੰ ਜ਼ਬਤ ਕੀਤੇ ਜਾਣ ਦਾ ਖਤਰਾ ਹੋ ਸਕਦਾ ਹੈ।

## ਸੜਕ 'ਤੇ ਗੁੱਸੇ ਭਰਿਆ ਵਿਵਹਾਰ

**ਸੜਕ 'ਤੇ ਗੁੱਸੇ ਭਰਿਆ ਵਿਵਹਾਰ ਇੱਕ ਅਪਰਾਧਿਕ ਦੋਸ਼ ਹੈ।**

ਸੜਕ 'ਤੇ ਗੁੱਸੇ ਭਰਿਆ ਵਿਵਹਾਰ ਕਰਨਾ, ਸੜਕ 'ਤੇ ਵਾਪਰੀ ਕਿਸੇ ਅਜਿਹੀ ਘਟਨਾ ਪ੍ਰਤੀ ਗੁੱਸੇ ਭਰੀ ਪ੍ਰਤੀਕਿਰਿਆ ਹੁੰਦੀ ਹੈ ਜੋ ਕਿਸੇ ਗੱਡੀ ਜਾਂ ਹੋਰ ਹਥਿਆਰ ਨਾਲ ਹਿੰਸਕ ਵਿਵਹਾਰ ਵੱਲ ਲੈ ਜਾਂਦਾ ਹੈ। ਸੜਕ 'ਤੇ ਗੁੱਸੇ ਭਰਿਆ ਵਿਵਹਾਰ ਗੱਡੀ ਦੇ ਡਰਾਈਵਰ ਜਾਂ ਸੜਕ ਦੀ ਵਰਤੋਂ ਕਰ ਰਹੇ ਕਿਸੇ ਹੋਰ ਡਰਾਈਵਰ, ਯਾਤਰੀ ਜਾਂ ਵਿਅਕਤੀ ਵਿਚਕਾਰ ਹੋ ਸਕਦਾ ਹੈ।

ਬਹੁਤ ਸਾਰੀਆਂ ਚੀਜ਼ਾਂ, ਜੋ ਸੜਕ 'ਤੇ ਗੁੱਸੇ ਭਰਿਆ ਵਿਵਹਾਰ ਕਰਨ ਵਿੱਚ ਯੋਗਦਾਨ ਪਾਉਂਦੀਆਂ ਹਨ ਜਿਨ੍ਹਾਂ ਵਿੱਚ ਤਣਾਅ, ਬਹੁਤ ਵਿਅਸਤ ਸਮਾਂ ਸਾਰਣੀਆਂ, ਟ੍ਰੈਫਿਕ ਜਾਂ ਅਜਿਹੀਆਂ ਨਿਰਾਸ਼ਾਵਾਂ ਜੋ ਡਰਾਈਵਿੰਗ ਨਾਲ ਸੰਬੰਧਿਤ ਨਾ ਹੋਣ, ਸ਼ਾਮਲ ਹੋ ਸਕਦੇ ਹਨ। ਆਪਣੇ ਆਪ ਨੂੰ ਸਫ਼ਰ ਵਾਸਤੇ ਬਥੇਰਾ ਸਮਾਂ ਦਿਓ, ਆਪਣੀ ਗੱਡੀ ਦੇ ਆਲੇ-ਦੁਆਲੇ ਸੁਰੱਖਿਅਤ ਥਾਂ ਜਾਂ ਦੂਰੀ ਬਣਾਈ ਰੱਖੋ, ਅਤੇ ਦੂਜੇ ਲੋਕਾਂ ਪ੍ਰਤੀ ਵਿਨੀਤ ਭਾਵ ਬਨਾਈ ਰੱਖਣ ਦੀ ਕੋਸ਼ਿਸ਼ ਕਰੋ।



## ਜੇ ਤੁਸੀਂ ਸੜਕ 'ਤੇ ਗੁੱਸੇ ਭਰੇ ਵਿਵਹਾਰ ਦਾ ਸਾਹਮਣਾ ਕਰ ਰਹੇ ਹੋ

ਤੁਹਾਨੂੰ ਸੜਕ 'ਤੇ ਗੁੱਸੇ ਭਰੇ ਵਿਵਹਾਰ ਨਾਲ ਸੰਬੰਧਿਤ ਭਾਵਨਾਵਾਂ ਮਹਿਸੂਸ ਹੋ ਸਕਦੀਆਂ ਹਨ ਜੇ:

- ਤੁਹਾਨੂੰ ਸੜਕ 'ਤੇ ਦੂਜੇ ਲੋਕਾਂ ਪ੍ਰਤੀ ਸਖ਼ਤ ਨਾਪਸੰਦਗੀ ਜਾਂ ਹਿੰਸਾ ਦੇ ਖਿਆਲ ਆ ਰਹੇ ਹਨ।
- ਤੁਸੀਂ ਆਪਣੀ ਗੱਡੀ ਵਿੱਚ ਬੈਠੇ ਯਾਤਰੀਆਂ ਨਾਲ ਸੜਕ 'ਤੇ ਮੌਜੂਦ ਹੋਰਾਂ ਲੋਕਾਂ ਪ੍ਰਤੀ ਨਾਪਸੰਦਗੀ ਬਾਰੇ ਗੱਲਾਂ ਕਰ ਰਹੇ ਹੋ।
- ਤੁਸੀਂ ਟ੍ਰੈਫਿਕ ਦੇ ਸੁਰੱਖਿਆ ਨਿਯਮਾਂ ਦੀ ਪਾਲਣਾ ਨਹੀਂ ਕਰ ਰਹੇ ਹੋ ਕਿਉਂਕਿ ਤੁਸੀਂ ਉਨ੍ਹਾਂ ਨਾਲ ਸਹਿਮਤ ਨਹੀਂ ਹੋ।
- ਕਿਸੇ ਗੱਡੀ ਦੇ ਪਿੱਛੇ ਬਹੁਤ ਨੇੜੇ ਚੱਲਣਾ।
- ਤੇਜ਼ ਰਫ਼ਤਾਰ ਨਾਲ ਗੱਡੀ ਚਲਾਉਣਾ।
- ਟ੍ਰੈਫਿਕ ਵਿੱਚ ਤੇਜ਼ੀ ਨਾਲ ਅੰਦਰ-ਬਾਹਰ ਹੋਣਾ।
- ਟ੍ਰੈਫਿਕ ਲਾਈਟ ਨੂੰ ਪਾਰ ਕਰਨ ਲਈ ਤੇਜ਼ ਰਫ਼ਤਾਰ ਨਾਲ ਗੱਡੀ ਚਲਾਉਣਾ।
- ਲੇਨਾਂ ਬਦਲਣ ਵਾਸਤੇ ਗੱਡੀਆਂ ਦੇ ਵਿਚਕਾਰੋਂ ਨਿਕਲਣਾ।
- ਆਪਣੀ ਗੱਡੀ ਦੇ ਹੌਰਨ ਨੂੰ ਬਹੁਤ ਜ਼ਿਆਦਾ ਵਰਤਣਾ।
- ਸਾਹਮਣਿਓਂ ਆ ਰਹੇ ਟ੍ਰੈਫਿਕ 'ਤੇ ਬਹੁਤ ਜ਼ਿਆਦਾ ਹੈੱਡਲਾਈਟਾਂ ਚਮਕਾਉਣਾ।
- ਆਪਣੇ ਪਿੱਛੇ ਆਉਣ ਵਾਲੇ ਡਰਾਈਵਰ ਨੂੰ ਬਹੁਤ ਘੱਟ ਦੂਰੀ ਤੇ ਪਿੱਛੇ ਚੱਲਣ ਤੋਂ ਰੋਕਣ ਲਈ ਬ੍ਰੇਕ ਲਗਾਉਣਾ।
- ਦੂਜੇ ਡਰਾਈਵਰ ਨੂੰ ਸਬਕ ਸਿਖਾਉਣ ਲਈ ਟ੍ਰੈਫਿਕ ਵਿੱਚੋਂ ਅੱਗੇ ਲੰਘਣਾ ਅਤੇ ਫਿਰ ਸਪੀਡ ਹੌਲੀ ਕਰ ਲੈਣਾ।

## ਜੇ ਤੁਸੀਂ ਸੜਕ 'ਤੇ ਗੁੱਸੇ ਭਰੇ ਵਿਵਹਾਰ ਦੇ ਸ਼ਿਕਾਰ ਹੋ

ਜਦੋਂ ਤੁਸੀਂ ਆਪਣੇ ਆਲੇ-ਦੁਆਲੇ ਦੇ ਦੂਜੇ ਡਰਾਈਵਰਾਂ ਨੂੰ ਗੁੱਸੇ ਵਿੱਚ ਕੰਮ ਕਰਦਿਆਂ ਜਾਂ ਪ੍ਰਤੀਕਿਰਿਆ ਕਰਦਿਆਂ ਦੇਖਦੇ ਹੋ, ਤਾਂ ਉਸ ਸਥਿਤੀ ਤੋਂ ਸਰੀਰਕ ਅਤੇ ਮਾਨਸਿਕ ਤੌਰ 'ਤੇ ਦੂਰੀ ਬਣਾ ਲਓ।

- ਡੂੰਘਾ ਸਾਹ ਲਓ ਅਤੇ ਉਸ ਰਸਤੇ ਤੋਂ ਹਟ ਜਾਓ।
- ਆਕ੍ਰਾਮਕ ਤੇਜ਼ ਰਫ਼ਤਾਰ, ਹੌਰਨ ਵਜਾਉਣ ਜਾਂ ਹੱਥਾਂ ਨਾਲ ਇਸ਼ਾਰੇ ਕਰਨ ਤੋਂ ਪਰਹੇਜ਼ ਕਰੋ।
- ਆਪਣੀਆਂ ਅੱਖਾਂ ਸੜਕ 'ਤੇ ਰੱਖੋ।
- ਜੇ ਤੁਹਾਨੂੰ ਲੱਗਦਾ ਹੈ ਕਿ ਕੋਈ ਹੋਰ ਡਰਾਈਵਰ ਤੁਹਾਡਾ ਪਿੱਛਾ ਕਰ ਰਿਹਾ ਹੈ ਜਾਂ ਤੁਹਾਨੂੰ ਪਰੇਸ਼ਾਨ ਕਰ ਰਿਹਾ ਹੈ, ਜਾਂ ਅਜਿਹੇ ਖੇਤਰ ਵਿੱਚ ਗੱਡੀ ਚਲਾਓ ਜਿੱਥੇ ਹੋਰ ਲੋਕ ਅਤੇ ਦੁਕਾਨਾਂ ਖੁੱਲ੍ਹੀਆਂ ਹੋਣ। ਜੇ ਜ਼ਰੂਰੀ ਹੋਵੇ ਤਾਂ ਪੁਲਿਸ ਨੂੰ ਕਾੱਲ ਕਰੋ।

### ਸੜਕ 'ਤੇ ਗੁੱਸੇ ਭਰੇ ਵਿਵਹਾਰ ਦੀ ਸੂਚਨਾ ਦੇਣਾ

911 'ਤੇ ਕਾੱਲ ਕਰਕੇ ਸੜਕ 'ਤੇ ਹੋਣ ਵਾਲੀਆਂ ਗੁੱਸੇ ਭਰੇ ਵਿਵਹਾਰ ਦੀਆਂ ਘਟਨਾਵਾਂ ਦੀ ਫੌਰਨ ਰਿਪੋਰਟ ਕਰੋ।

ਸੜਕ 'ਤੇ ਗੁੱਸੇ ਭਰੇ ਵਿਵਹਾਰ ਅਤੇ ਆਕ੍ਰਾਮਕ ਡਰਾਈਵਿੰਗ ਦੀਆਂ ਘਟਨਾਵਾਂ ਨੂੰ ਘੱਟ ਕਰਨਾ ਵਾਸ਼ਿੰਗਟਨ ਸਟੇਟ ਪੈਟਰੋਲ (Washington State Patrol) ਦੇ ਮਿਸ਼ਨ ਲਈ ਬਹੁਤ ਜ਼ਰੂਰੀ ਹੈ। ਜਦੋਂ ਕਿ ਪੁਲਿਸ ਅਧਿਕਾਰੀ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਹੋਰ ਏਜੰਸੀਆਂ ਹਮੇਸ਼ਾ ਹੀ ਆਕ੍ਰਾਮਕ ਡਰਾਈਵਿੰਗ 'ਤੇ ਨਜ਼ਰ ਰੱਖਦੀਆਂ ਹਨ, Washington ਵਿੱਚ ਟ੍ਰੈਫਿਕ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਕਦਮ ਉਦੋਂ ਚੁੱਕੇ ਜਾਂਦੇ ਹਨ ਜਦੋਂ ਨਿਵਾਸੀ ਕਾਰਵਾਈ ਕਰਦੇ ਹਨ।

ਜੇ ਤੁਸੀਂ ਆਕ੍ਰਾਮਕ ਡਰਾਈਵਿੰਗ ਦੀ ਕਿਸੇ ਘਟਨਾ ਦੇ ਗਵਾਹ ਜਾਂ ਪੀੜ੍ਹਤ ਹੋ, ਤਾਂ ਕਿਰਪਾ ਕਰਕੇ 911 'ਤੇ ਕਾੱਲ ਕਰਕੇ ਹੇਠਾਂ ਦਿੱਤੀ ਜਾਣਕਾਰੀ ਦਿਓ:

- ਉਹ ਥਾਂ ਜਿੱਥੇ ਗੱਡੀਆਂ ਨੂੰ ਆਖਰੀ ਵਾਰ ਦੇਖਿਆ ਗਿਆ ਸੀ
- ਪਲੇਟ ਨੰਬਰ (ਜੇ ਪਤਾ ਹੋਵੇ)
- ਸਫ਼ਰ ਕਰਨ ਦੀ ਦਿਸ਼ਾ (ਕਿੱਧਰ ਵੱਲ ਜਾ ਰਹੇ ਸੀ)
- ਸੜਕ ਜਾਂ ਹਾਈਵੇਅ
- ਗੱਡੀਆਂ ਦੇ ਰੰਗ
- ਹਥਿਆਰਾਂ ਦੀ ਸ਼ਮੂਲੀਅਤ (ਜੇ ਲਾਗੂ ਹੁੰਦਾ ਹੋਵੇ)
- ਜੋ ਹੋਇਆ ਉਸ ਬਾਰੇ ਸੰਖੇਪ ਜਾਣਕਾਰੀ
- ਉਸ ਘਟਨਾ ਵਿੱਚ ਭੂਮਿਕਾ (ਪੀੜ੍ਹਤ ਜਾਂ ਗਵਾਹ)

## 3.2 | ਸੜਕ 'ਤੇ ਸੋਚੇ-ਸਮਝੇ ਫੈਸਲੇ ਲੈਣਾ

ਇੱਕ ਸੁਰੱਖਿਅਤ ਅਤੇ ਜ਼ਿੰਮੇਵਾਰ ਡਰਾਈਵਰ ਬਣਨ ਲਈ ਸੜਕ 'ਤੇ ਲਾਗੂ ਹੋਣ ਵਾਲੇ ਨਿਯਮਾਂ ਬਾਰੇ ਜਾਣਨ ਤੋਂ ਕਿਤੇ ਜ਼ਿਆਦਾ ਦੀ ਲੋੜ ਹੁੰਦੀ ਹੈ। ਇਸ ਵਿੱਚ ਗੱਡੀ ਚਲਾਉਂਦਿਆਂ ਤੁਹਾਨੂੰ ਦਰਪੇਸ਼ ਆਉਣ ਵਾਲੀ ਹਰ ਸਥਿਤੀ ਬਾਰੇ ਸੋਚ-ਸਮਝ ਕੇ ਫੈਸਲਾ ਲੈਣਾ ਸ਼ਾਮਲ ਹੁੰਦਾ ਹੈ। ਭਾਵੇਂ ਤੁਹਾਨੂੰ ਇਸਦਾ ਅਹਿਸਾਸ ਹੋਵੇ ਜਾਂ ਨਹੀਂ, ਤੁਸੀਂ ਹਰ ਰੋਜ਼ ਹਜ਼ਾਰਾਂ ਫੈਸਲੇ ਲੈਂਦੇ ਹੋ। ਤੁਹਾਡੇ ਦੁਆਰਾ ਲਏ ਜਾਣ ਵਾਲੇ ਕੁਝ ਸਭ ਤੋਂ ਅਹਿਮ ਫੈਸਲੇ ਤੁਸੀਂ ਉਦੋਂ ਲਓਗੇ ਜਦੋਂ ਤੁਸੀਂ ਡਰਾਈਵਰ ਦੀ ਸੀਟ 'ਤੇ ਮੌਜੂਦ ਹੁੰਦੇ ਹੋ।

## ਸੋਚ-ਸਮਝ ਕੇ ਲਏ ਗਏ ਫੈਸਲੇ ਕਿਉਂ ਮਾਇਨੇ ਰੱਖਦੇ ਹਨ

ਲੇਨ ਬਦਲਣ ਤੋਂ ਲੈ ਕੇ ਹਾਈਵੇਅ ਉੱਤੇ ਟ੍ਰੈਫਿਕ ਵਿੱਚ ਰਲਣ ਤੱਕ, ਡਰਾਈਵਰ ਦੀ ਸੀਟ 'ਤੇ ਹੋਣ ਵੇਲੇ ਤੁਹਾਡੇ ਵੱਲੋਂ ਕੀਤੀ ਗਈ ਹਰ ਕਾਰਵਾਈ ਇੱਕ ਫੈਸਲਾ ਹੁੰਦੀ ਹੈ। ਸੋਚ-ਸਮਝ ਕੇ ਫੈਸਲੇ ਲੈਣ ਦਾ ਮਤਲਬ ਹੈ ਕਾਰਵਾਈ ਕਰਨ ਤੋਂ ਪਹਿਲਾਂ ਇਸ ਵਿੱਚ ਸ਼ਾਮਲ ਸਾਰੇ ਕਾਰਕਾਂ 'ਤੇ ਵਿਚਾਰ ਕਰ ਲੈਣਾ। ਇਸ ਨਾਲ ਤੁਹਾਡੇ ਲਈ ਅਤੇ ਦੂਜਿਆਂ ਲਈ ਡਰਾਈਵਿੰਗ ਵਧੇਰੇ ਸਹਿਜ ਅਤੇ ਸੁਰੱਖਿਅਤ ਹੋ ਜਾਂਦੀ ਹੈ। ਸੋਚ-ਸਮਝ ਕੇ ਲਏ ਜਾਣ ਵਾਲੇ ਫੈਸਲੇ:

1. **ਜਾਗਰੂਕਤਾ ਵਧਾ ਸਕਦੇ ਹਨ।** ਸੋਚ-ਸਮਝ ਕੇ ਫੈਸਲੇ ਲੈਣ ਵਾਸਤੇ ਆਪਣੇ ਆਲੇ-ਦੁਆਲੇ ਦਾ ਲਗਾਤਾਰ ਵਿਸ਼ਲੇਸ਼ਣ ਕਰਨ ਦੀ ਲੋੜ ਹੁੰਦੀ ਹੈ। ਇਸ ਨਾਲ ਤੁਹਾਡੀ ਸਥਿਤੀ ਬਾਰੇ ਸਮੁੱਚੀ ਜਾਗਰੂਕਤਾ ਵਿੱਚ ਸੁਧਾਰ ਆਉਂਦਾ ਹੈ।

2. **ਜ਼ਿੰਮੇਵਾਰੀ ਨਾਲ ਗੱਡੀ ਚਲਾਉਣ ਨੂੰ ਉਤਸ਼ਾਹਤ ਕਰ ਸਕਦੇ ਹਨ।** ਆਪਣੇ ਫੈਸਲਿਆਂ ਦੇ ਨਤੀਜਿਆਂ ਨੂੰ ਸਮਝਣ ਨਾਲ ਜ਼ਿੰਮੇਵਾਰਾਨਾ ਵਰਤਾਓ ਨੂੰ ਪ੍ਰੋਤਸਾਹਨ ਮਿਲਦਾ ਹੈ। ਇਹ ਸੜਕ ਨੂੰ ਵਰਤਣ ਵਾਲੇ ਹੋਰਨਾਂ ਲੋਕਾਂ ਪ੍ਰਤੀ ਵੀ ਸਨਮਾਨ ਦਰਸਾਉਂਦਾ ਹੈ।

3. **ਹਾਦਸਿਆਂ ਨੂੰ ਘਟਾ ਸਕਦੇ ਹਨ।** ਸੰਭਾਵੀ ਸਮੱਸਿਆਵਾਂ ਦਾ ਅੰਦਾਜ਼ਾ ਲਗਾਉਣ ਨਾਲ ਤੁਹਾਨੂੰ ਟੱਕਰ ਹੋਣ ਦੇ ਖ਼ਤਰੇ ਨੂੰ ਘਟਾਉਣ ਵਿੱਚ ਮਦਦ ਮਿਲੇਗੀ।

ਤੁਹਾਡੇ ਦੁਆਰਾ ਸੋਚ-ਸਮਝ ਕੇ ਲਏ ਗਏ ਫੈਸਲਿਆਂ 'ਤੇ ਹੇਠਾਂ ਦੱਸੀਆਂ ਗਈਆਂ ਗੱਲਾਂ ਦਾ ਅਸਰ ਪੈਂਦਾ ਹੈ:

- ਟ੍ਰੈਫਿਕ ਸੰਬੰਧੀ ਨਿਯਮਾਂ ਬਾਰੇ ਜਾਣਕਾਰੀ।
- ਗੱਡੀ ਚਲਾਉਣ ਦੇ ਸੁਰੱਖਿਅਤ ਅਭਿਆਸਾਂ ਬਾਰੇ ਤਜਰਬਾ।
- ਉਮਰ ਅਤੇ ਦਿਮਾਗ ਦੇ ਵਿਕਾਸ 'ਤੇ ਅਧਾਰਤ ਯੋਗਤਾਵਾਂ।

ਕਿਸ਼ੋਰ ਉਮਰ ਦੇ ਡਰਾਈਵਰਾਂ ਲਈ ਇਹ ਯਾਦ ਰੱਖਣਾ ਜ਼ਰੂਰੀ ਹੁੰਦਾ ਹੈ ਕਿ ਉਨ੍ਹਾਂ ਦੇ ਦਿਮਾਗ ਦਾ ਉਹ ਹਿੱਸਾ ਜੋ ਅੰਦਾਜ਼ਾ ਲਾਉਣ ਅਤੇ ਫੈਸਲੇ ਲੈਣ ਲਈ ਜ਼ਿੰਮੇਵਾਰ ਹੁੰਦਾ ਹੈ, ਉਹ ਅਜੇ ਵੀ ਵਿਕਸਿਤ ਹੋ ਰਿਹਾ ਹੈ। ਇਸਦਾ ਮਤਲਬ ਹੈ ਕਿ ਨੌਜਵਾਨਾਂ ਵਿੱਚ ਜੋਖ਼ਮ ਉਠਾਉਣ ਜਾਂ ਸਥਿਤੀਆਂ ਦਾ ਗਲਤ ਅੰਦਾਜ਼ਾਂ ਲਗਾਉਣ ਦੀ ਪ੍ਰਵਿਰਤੀ ਵਧੇਰੇ ਹੋ ਸਕਦੀ ਹੈ। ਸਾਰੇ ਡਰਾਈਵਰਾਂ ਨੂੰ ਸਪੀਡ ਅਤੇ ਸਮਾਜਕ ਦਬਾਅ ਦੀ ਬਜਾਏ ਸੁਰੱਖਿਆ 'ਤੇ ਆਧਾਰਿਤ ਫੈਸਲੇ ਲੈਣ ਨੂੰ ਤਰਜੀਹ ਦੇਣ ਦੀ ਲੋੜ ਹੁੰਦੀ ਹੈ। ਨੌਜਵਾਨਾਂ ਲਈ ਇਹ ਗੱਲ ਖਾਸ ਕਰਕੇ ਲਾਗੂ ਹੁੰਦੀ ਹੈ।

ਵੱਡੀ ਉਮਰ ਦੇ ਡਰਾਈਵਰ ਇਸ ਗੱਲ ਤੋਂ ਜਾਣੂ ਹੋਣਾ ਚਾਹੁੰਦੇ ਹਨ ਕਿ ਸਰੀਰਕ ਅਤੇ ਮਾਨਸਿਕ ਯੋਗਤਾਵਾਂ ਉਮਰ ਦੇ ਵੱਧਣ ਨਾਲ ਬਦਲ ਜਾਂਦੀਆਂ ਹਨ। ਵੱਡੀ ਉਮਰ ਦੇ ਡਰਾਈਵਰ ਗੱਡੀਆਂ ਦੇ ਹਾਦਸਿਆਂ ਵਿੱਚ ਗੰਭੀਰ ਸੱਟਾਂ ਪ੍ਰਤੀ ਵਧੇਰੇ ਸੰਵੇਦਨਸ਼ੀਲ ਹੋ ਸਕਦੇ ਹਨ, ਪਰ ਬਹੁਤੇਰੇ ਆਪਣੀ ਉਮਰ ਦੇ ਬਾਅਦ ਵਾਲੇ ਸਾਲਾਂ ਵਿੱਚ ਵੀ ਸੁਰੱਖਿਅਤ ਅਤੇ ਕਾਬਲ ਡਰਾਈਵਰ ਬਣੇ ਰਹਿੰਦੇ ਹਨ। ਉਮਰ ਜਾਂ ਤਜਰਬਾ ਭਾਵੇਂ ਜਿੰਨਾ ਮਰਜ਼ੀ ਹੋਵੇ, ਇਹ ਜ਼ਰੂਰੀ ਹੈ ਕਿ ਸਾਰੇ ਡਰਾਈਵਰ ਹਰ ਵਾਰ ਜਦੋਂ ਵੀ ਗੱਡੀ ਚਲਾਉਣ ਤਾਂ ਧਿਆਨ ਕੇਂਦਰਿਤ ਰੱਖਣ ਅਤੇ ਉਸ ਵਿੱਚ ਰੁੱਝੇ ਰਹਿਣ ਲਈ ਵਚਨਬੱਧ ਹੋਣ।

### ਚੰਗੇ ਫੈਸਲੇ ਲੈਣਾ

ਚੰਗੇ ਫੈਸਲੇ ਸੋਚ-ਸਮਝ ਕੇ ਲਏ ਗਏ ਫੈਸਲੇ ਹੁੰਦੇ ਹਨ। ਚੰਗੇ ਫੈਸਲੇ ਲੈਣ ਵਾਸਤੇ, ਤੁਹਾਨੂੰ ਇਹ ਪਤਾ ਹੋਣਾ ਜ਼ਰੂਰੀ ਹੁੰਦਾ ਹੈ ਕਿ ਤੁਹਾਡੇ ਆਲੇ-ਦੁਆਲੇ ਕੀ ਹੋ ਰਿਹਾ ਹੈ।

1. ਸ਼ੀਸ਼ਿਆਂ ਰਾਹੀਂ ਚੈੱਕ ਕਰਕੇ ਆਪਣੇ ਆਪ ਨੂੰ ਸਥਿਤੀ ਬਾਰੇ ਜਾਣੂ ਰੱਖੋ। ਪੂਰੀ ਸਥਿਤੀ ਤੋਂ ਜਾਣੂ ਰਹੋ, ਤੁਹਾਡੇ ਆਲੇ-ਦੁਆਲੇ ਦੇ ਲੋਕਾਂ ਸਮੇਤ ਜੋ ਤੁਹਾਡੇ ਫੈਸਲਿਆਂ ਤੋਂ ਪ੍ਰਭਾਵਿਤ ਹੋ ਸਕਦੇ ਹਨ। ਦੂਜਿਆਂ ਨੂੰ ਇਸ ਬਾਰੇ ਸੂਚਿਤ ਕਰੋ ਕਿ ਤੁਸੀਂ ਕੀ ਕਰਨ ਦਾ ਇਰਾਦਾ ਰੱਖਦੇ ਹੋ ਤਾਂ ਜੋ ਉਹ ਤੁਹਾਡੇ ਇਰਾਦਿਆਂ ਤੋਂ ਜਾਣੂ ਹੋ ਸਕਣ ਅਤੇ ਆਪਣੇ ਲਈ ਤਿਆਰੀ ਕਰ ਸਕਣ।

2. ਗੱਡੀ ਨੂੰ ਇਸ ਤਰ੍ਹਾਂ ਤਿਆਰ ਰੱਖੋ ਤਾਂ ਜੋ ਤੁਸੀਂ ਖਤਰੇ ਦੇ ਸਮੇਂ ਸਹੀ ਸੜਕ ਸਥਿਤੀ ਅਤੇ ਸਹੀ ਗਤੀ ਨਾਲ ਪਹੁੰਚ ਸਕੋ।

3. ਮੋੜ ਮੋੜਨ ਤੋਂ ਪਹਿਲਾਂ ਆਖਰੀ ਵਾਰ ਚੈੱਕ ਕਰ ਲਓ।

ਇਹ ਤਰੀਕਾ ਅਜਿਹੀ ਕਿਸੇ ਵੀ ਸਥਿਤੀ ਵਿੱਚ ਲਾਗੂ ਕੀਤਾ ਜਾ ਸਕਦਾ ਹੈ ਜਿਸ ਵਿੱਚ ਤੁਹਾਨੂੰ ਕੋਈ ਬਦਲਾਅ ਕਰਨ ਦੀ ਲੋੜ ਹੁੰਦੀ ਹੈ। ਤੁਹਾਨੂੰ ਹਮੇਸ਼ਾ ਜਾਗਰੂਕ, ਅਨੁਮਾਨ ਲਗਾਉਣ ਯੋਗ ਅਤੇ ਬਿਨਾਂ ਕਿਸੇ ਰੁਕਾਵਟ ਰਹਿਣ ਦਾ ਟੀਚਾ ਰੱਖਣਾ ਚਾਹੀਦਾ ਹੈ।

## 3.3 | ਸੜਕ 'ਤੇ ਆਉਣ ਵਾਲੀ ਸਮੱਸਿਆ ਦਾ ਹੱਲ ਕੱਢਣਾ

ਅਣਕਿਆਸੀਆਂ ਸਥਿਤੀਆਂ ਨੂੰ ਟਾਲਿਆ ਨਹੀਂ ਜਾ ਸਕਦਾ ਅਤੇ ਇਨ੍ਹਾਂ ਸਥਿਤੀਆਂ ਵਿੱਚ ਜਵਾਬੀ ਕਾਰਵਾਈ ਕਰਨ ਲਈ ਸਮੱਸਿਆ ਨੂੰ ਹੱਲ ਕਰਨ ਦੀ ਲੋੜ ਪੈਂਦੀ ਹੈ। ਇਹ ਸੰਭਵ ਹੈ ਕਿ ਸੜਕ 'ਤੇ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਤੁਹਾਨੂੰ ਸੋਚ-ਵਿਚਾਰ ਕਰਕੇ ਤਬਦੀਲੀਆਂ ਕਰਨ ਦੀ ਲੋੜ ਪੈ ਸਕਦੀ ਹੈ ਜਿਵੇਂ ਕਿ:

- ਆਪਣੀ ਗੱਡੀ ਦੀ ਸਪੀਡ ਨੂੰ ਬਦਲਣਾ।
- ਜੋਖ਼ਮ ਨੂੰ ਘਟਾਉਣ ਅਤੇ ਖ਼ਤਰਿਆਂ ਤੋਂ ਬਚਣ ਲਈ ਲੇਨ ਵਿੱਚ ਆਪਣੀ ਸਥਿਤੀ ਨੂੰ ਸਮਾਯੋਜਿਤ ਕਰਨਾ।
- ਸਥਿਤੀ ਦਾ ਫੇਰ ਤੋਂ ਮੁਲਾਂਕਣ ਕਰਨ ਵਾਸਤੇ ਕਿਸੇ ਸੁਰੱਖਿਅਤ ਥਾਂ 'ਤੇ ਪਹੁੰਚਣ ਲਈ ਆਪਣੀ ਦਿਸ਼ਾ ਜਾਂ ਯਾਤਰਾ ਦੀ ਰਾਹ ਬਦਲਣਾ।

ਕੋਸ਼ਿਸ਼ ਕਰੋ ਕਿ ਸੜਕ 'ਤੇ ਮੌਜੂਦ ਦੂਜੇ ਲੋਕਾਂ ਨੂੰ ਅਚਾਨਕ ਹੈਰਾਨੀ ਵਿੱਚ ਨਾ ਪਾਓ। ਆਪਣੇ ਇਰਾਦਿਆਂ ਬਾਰੇ ਦੂਜੇ ਡਰਾਈਵਰਾਂ ਨੂੰ ਸੂਚਿਤ ਕਰੋ ਤਾਂ ਜੋ ਕਿਸੇ ਵੀ ਸਮੱਸਿਆ ਤੋਂ ਬਚਿਆ ਜਾ ਸਕੇ।

ਤੁਸੀਂ ਆਪਣੇ ਆਲੇ-ਦੁਆਲੇ ਪ੍ਰਤੀ ਜਵਾਬੀ ਕਾਰਵਾਈ ਕਰਦੇ ਸਮੇਂ, ਦੂਰਅੰਦੇਸ਼ੀ ਵਾਲੇ ਫੈਸਲੇ ਲੈਣ ਲਈ ਕਈ ਤਰ੍ਹਾਂ ਦੇ ਸਾਧਨਾਂ ਦੀ ਵਰਤੋਂ ਕਰ ਸਕਦੇ ਹੋ। ਇਨ੍ਹਾਂ ਵਿੱਚੋਂ ਇੱਕ ਸਾਧਨ ਹੈ OODA ਲੂਪ। ਇਹ ਇੱਕ ਲੂਪ ਹੈ ਕਿਉਂਕਿ ਹਰੇਕ ਸਥਿਤੀ ਇੱਕ ਸਥਿਤੀ ਤੋਂ ਦੂਜੀ ਸਥਿਤੀ ਵੱਲ ਲੈ ਜਾਂਦੀ ਹੈ।




1. **Observe (ਨਿਰੀਖਣ ਕਰੋ)।** ਸਥਿਤੀ ਦਾ ਨਿਰੀਖਣ ਕਰੋ। ਕੀ ਬਦਲ ਗਿਆ? ਕੀ ਕੋਈ ਕਾਰ ਲੇਨਾਂ ਬਦਲ ਰਹੀ ਹੈ, ਅਚਾਨਕ ਕੋਈ ਰੁਕਾਵਟ ਆ ਗਈ ਹੈ, ਜਾਂ ਟ੍ਰੈਫਿਕ ਦੀ ਚਾਲ ਵਿੱਚ ਕੋਈ ਤਬਦੀਲੀ ਆਈ ਹੈ?

2. **Orient (ਦਿਸ਼ਾ ਨਿਰਧਾਰਤ ਕਰੋ)।** ਆਪਣੇ ਗਿਆਨ ਅਤੇ ਤਜਰਬੇ ਦੀ ਵਰਤੋਂ ਕਰਦਿਆਂ ਇਹ ਸਮਝੋ ਕਿ ਉਸ ਤਬਦੀਲੀ ਦਾ ਕੀ ਮਤਲਬ ਹੈ। ਇਸਦਾ ਤੁਹਾਡੀ ਸੁਰੱਖਿਆ ਅਤੇ ਹੋਰਾਂ ਲੋਕਾਂ ਦੀ ਸੁਰੱਖਿਆ ਉੱਤੇ ਕੀ ਅਸਰ ਪੈਂਦਾ ਹੈ? ਜੇ ਤੁਸੀਂ ਬਦਲਾਅ ਨਹੀਂ ਕਰਦੇ ਹੋ ਤਾਂ ਸੰਭਾਵੀ ਜੋਖ਼ਮ ਕਿਹੜੇ ਹਨ? ਜੇ ਤੁਸੀਂ ਬਦਲਾਅ ਕਰਦੇ ਹੋ ਤਾਂ ਕਿਹੜੀਆਂ ਸਮੱਸਿਆਵਾਂ ਜਾਂ ਮੌਕੇ ਸਾਹਮਣੇ ਆਉਣਗੇ?

3. **Decide (ਫੈਸਲਾ ਕਰੋ)।** ਤੁਹਾਡੇ ਨਿਰੀਖਣਾਂ ਅਤੇ ਸਮਝ-ਬੂਝ ਦੇ ਅਧਾਰ 'ਤੇ, ਕਾਰਵਾਈ ਕਰਨ ਦਾ ਸਭ ਤੋਂ ਸੁਰੱਖਿਅਤ ਤਰੀਕਾ ਚੁਣੋ। ਕੀ ਤੁਹਾਨੂੰ ਸਪੀਡ ਘਟਾਉਣੀ ਚਾਹੀਦੀ ਹੈ, ਲੇਨ ਬਦਲਣੀ ਚਾਹੀਦੀ ਹੈ, ਜਾਂ ਆਪਣੇ ਇਰਾਦਿਆਂ ਬਾਰੇ ਸਿਗਨਲ ਦੇਣਾ ਚਾਹੀਦਾ ਹੈ?

4. **Act (ਕਾਰਵਾਈ ਕਰੋ)।** ਆਪਣੀ ਚੁਣੀ ਹੋਈ ਕਾਰਵਾਈ ਨੂੰ ਨਿਰਵਿਘਨ ਅਤੇ ਨਿਰਣਾਇਕ ਰੂਪ ਵਿੱਚ ਲਾਗੂ ਕਰੋ। ਯਾਦ ਰੱਖੋ, ਦੂਜਿਆਂ ਨੂੰ ਆਪਣੇ ਇਰਾਦਿਆਂ ਬਾਰੇ ਸਮਝਾਉਣ ਲਈ ਸੂਚਨਾ ਦਾ ਸਪਸ਼ਟ ਆਦਾਨ-ਪ੍ਰਦਾਨ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ।

ਜਿਉਂ-ਜਿਉਂ ਤੁਹਾਡਾ ਤਜਰਬਾ ਵੱਧਦਾ ਜਾਏਗਾ, ਤੁਸੀਂ ਅਸਾਨੀ ਨਾਲ OODA ਲੂਪ ਨੂੰ ਵਰਤਣ ਦੇ ਕਾਬਲ ਹੁੰਦੇ ਜਾਓਗੇ। ਹਾਲਾਂਕਿ, ਜਦੋਂ ਤੁਸੀਂ ਗੱਡੀ ਚਲਾ ਰਹੇ ਹੁੰਦੇ ਹੋ ਤਾਂ ਬਹੁਤ ਸਾਰੇ ਬਦਲਣ ਵਾਲੇ ਕਾਰਕ ਮੌਜੂਦ ਹੁੰਦੇ ਹਨ। ਤੁਹਾਨੂੰ ਹਮੇਸ਼ਾ ਚੁਕੰਨੇ ਅਤੇ ਤਿਆਰ ਰਹਿਣਾ ਪਵੇਗਾ।

# 3.4 | ਭਟਕੇ ਹੋਏ ਧਿਆਨ ਨਾਲ ਡਰਾਈਵਿੰਗ ਕਰਨ ਤੋਂ ਬਚਣਾ




ਭਟਕੇ ਹੋਏ ਧਿਆਨ ਨਾਲ ਡਰਾਈਵਿੰਗ ਕਰਨਾ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ ਜੋ ਸੜਕ ਉੱਤੇ ਜਾਂ ਨੇੜੇ ਮੌਜੂਦ ਹਰੇਕ ਵਿਅਕਤੀ ਲਈ ਖ਼ਤਰੇ ਪੈਦਾ ਕਰਦਾ ਹੈ। ਇਹ ਸੁਰੱਖਿਅਤ ਢੰਗ ਨਾਲ ਗੱਡੀ ਚਲਾਉਣ ਵਾਸਤੇ ਜ਼ਰੂਰੀ ਜਾਗਰੂਕਤਾ, ਸਮਝ-ਬੂਝ ਅਤੇ ਹੁਨਰ ਵਿੱਚ ਰੁਕਾਵਟ ਪੈਦਾ ਕਰਦਾ ਹੈ। ਗੱਡੀ ਦੇ ਅੰਦਰ ਅਤੇ ਬਾਹਰ ਮੌਜੂਦ ਧਿਆਨ ਭੰਗ ਕਰਨ ਵਾਲੀਆਂ ਚੀਜ਼ਾਂ ਸਹੀ ਢੰਗ ਨਾਲ ਜਵਾਬੀ ਕਾਰਵਾਈ ਕਰਨ ਅਤੇ ਗੱਡੀ ਚਲਾਉਣ ਦੀ ਤੁਹਾਡੀ ਕਾਬਲੀਅਤ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।

ਧਿਆਨ ਭੰਗ ਕਰਨ ਵਾਲੀਆਂ ਚੀਜ਼ਾਂ ਕਿਸੇ ਵੀ ਤਰ੍ਹਾਂ ਦੀਆਂ ਹੋ ਸਕਦੀਆਂ ਹਨ:

- **ਗੱਡੀ ਦੇ ਅੰਦਰ।** ਸੈੱਲ ਫ਼ੋਨ, ਭੋਜਨ ਖਾਣਾ, ਰੇਡੀਓ ਨੂੰ ਅਡਜਸਟ ਕਰਨਾ, ਅਤੇ ਯਾਤਰੀਆਂ ਨਾਲ ਗੱਲਬਾਤ ਕਰਨਾ।
- **ਗੱਡੀ ਦੇ ਬਾਹਰ।** ਬਿਲਬੋਰਡ, ਹਾਦਸੇ, ਅਤੇ ਹੋਰ ਲੋਕਾਂ ਦੇ ਵਿਵਹਾਰ।
- **ਸਰੀਰਕ ਧਿਆਨ ਭੰਗ ਕਰਨ ਵਾਲੀਆਂ ਚੀਜ਼ਾਂ।** ਥਕਾਨ, ਬੇਅਰਾਮੀ, ਅਤੇ ਸਰੀਰਕ ਕਮਜ਼ੋਰੀਆਂ।
- **ਮਾਨਸਿਕ ਧਿਆਨ ਭੰਗ ਕਰਨ ਵਾਲੀਆਂ ਚੀਜ਼ਾਂ।** ਦਿਨ ਵਿੱਚ ਸੁਪਨੇ ਦੇਖਣਾ, ਪਰੇਸ਼ਾਨ ਹੋਣਾ, ਅਤੇ ਪ੍ਰਬਲ ਭਾਵਨਾਵਾਂ।

**ਧਿਆਨ ਭਟਕਣ ਹੋਏ ਡਰਾਈਵਰਾਂ ਵਿੱਚ ਵਧੇਰੇ ਸੰਭਾਵਨਾ ਹੁੰਦੀ ਹੈ ਕਿ ਉਹ:**

- ਆਪਣੀ ਲੇਨ ਤੋਂ ਭਟਕ ਸਕਦੇ ਹਨ।
- ਬਹੁਤ ਤੇਜ਼ ਸਪੀਡ ਨਾਲ ਜਾਂ ਬਹੁਤੀ ਹੌਲੀ ਗੱਡੀ ਚਲਾਉਂਦੇ ਹਨ।
- ਟ੍ਰੈਫਿਕ ਸਿਗਨਲਾਂ, ਰੁਕਣ ਦੇ ਚਿੰਨ੍ਹਾਂ, ਮੋਟਰਸਾਈਕਲ ਸਵਾਰਾਂ, ਸਾਈਕਲ ਸਵਾਰਾਂ, ਜਾਂ ਪੈਦਲ ਚੱਲਣ ਵਾਲਿਆਂ ਨੂੰ ਦੇਖ ਨਹੀਂ ਪਾਉਂਦੇ ਹਨ।
- ਲੇਨ ਵਿੱਚ ਮੌਜੂਦ ਹੋਰਾਂ ਗੱਡੀਆਂ ਦੇ ਪਿੱਛੇ ਜਾਂ ਸਾਈਕਲ ਸਵਾਰਾਂ ਦੇ ਬਹੁਤ ਨੇੜੇ ਗੱਡੀ ਚਲਾਉਂਦੇ ਹਨ।

**ਧਿਆਨ ਭਟਕਾਉਣ ਵਾਲੀਆਂ ਚੀਜ਼ਾਂ ਤੋਂ ਬਚਣ ਵਾਸਤੇ ਰਣਨੀਤੀਆਂ:**

- ਪਹਿਲਾਂ ਤੋਂ ਯੋਜਨਾ ਬਣਾਓ।
- ਆਪਣਾ ਫ਼ੋਨ ਪਰ੍ਹੇ ਰੱਖ ਦਿਓ।
- ਚੌਕਸ ਰਹੋ।

**ਆਪਣਾ ਪੂਰਾ ਧਿਆਨ ਸੜਕ 'ਤੇ ਰੱਖ ਕੇ, ਤੁਸੀਂ:**

- ਤੇਜ਼ੀ ਨਾਲ ਪ੍ਰਤੀਕਿਰਿਆ ਕਰ ਸਕਦੇ ਹੋ।
- ਬਿਹਤਰ ਫੈਸਲੇ ਲੈ ਸਕਦੇ ਹੋ।
- ਸਥਿਤੀ ਬਾਰੇ ਜਾਗਰੂਕਤਾ ਨੂੰ ਬਿਹਤਰ ਬਣਾ ਸਕਦੇ ਹੋ।
- ਤਣਾਅ ਅਤੇ ਥਕਾਨ ਘਟਾ ਸਕਦੇ ਹੋ।

## ਭਟਕੇ ਹੋਏ ਧਿਆਨ ਨਾਲ ਗੱਡੀ ਚਲਾਉਣ ਸੰਬੰਧੀ WASHINGTON ਦੇ ਕਾਨੂੰਨ

ਭਟਕੇ ਹੋਏ ਧਿਆਨ ਨਾਲ ਗੱਡੀ ਚਲਾਉਣਾ ਅਜਿਹੀ ਕੋਈ ਵੀ ਗਤੀਵਿਧੀ ਹੈ ਜੋ ਵਿਅਕਤੀ ਦੇ ਧਿਆਨ ਨੂੰ ਗੱਡੀ ਚਲਾਉਣ ਦੇ ਮੁੱਖ ਕੰਮ ਤੋਂ ਹਟਾ ਦਿੰਦੀ ਹੈ। ਸਾਰੀਆਂ ਧਿਆਨ ਭੰਗ ਕਰਨ ਵਾਲੀਆਂ ਚੀਜ਼ਾਂ ਡਰਾਈਵਰ, ਯਾਤਰੀਆਂ, ਅਤੇ ਪੈਦਲ ਚੱਲਣ ਵਾਲਿਆਂ ਸਮੇਤ ਸੜਕ ਨੂੰ ਸਾਂਝਾ ਕਰਨ ਵਾਲੇ ਹੋਰ ਲੋਕਾਂ ਨੂੰ ਖ਼ਤਰੇ ਵਿੱਚ ਪਾਉਂਦੀਆਂ ਹਨ।

Washington ਰਾਜ ਵਿੱਚ ਭਟਕੇ ਹੋਏ ਧਿਆਨ ਨਾਲ ਗੱਡੀ ਚਲਾਉਣ ਦੇ ਖਿਲਾਫ਼ ਸਖ਼ਤ ਕਾਨੂੰਨ ਹਨ। ਤੁਸੀਂ ਗੱਡੀ ਚਲਾਉਣ ਵੇਲੇ ਕੋਈ ਵੀ ਇਲੈਕਟ੍ਰਾਨਿਕ ਡਿਵਾਈਸ (ਜਿਵੇਂ ਸੈੱਲ ਫ਼ੋਨ, ਟੈਬਲੇਟ, ਜਾਂ ਗੇਮਿੰਗ ਡਿਵਾਈਸਾਂ) ਹੱਥ ਵਿੱਚ ਨਹੀਂ ਫੜ ਸਕਦੇ ਹੋ। ਇਹ ਸਾਰੇ ਡਰਾਈਵਰਾਂ 'ਤੇ ਲਾਗੂ ਹੁੰਦਾ ਹੈ, ਭਾਵੇਂ ਉਨ੍ਹਾਂ ਦੀ ਉਮਰ ਜਾਂ ਤਜਰਬਾ ਕੋਈ ਵੀ ਹੋਵੇ। ਹੈਂਡਸ-ਫ੍ਰੀ ਡਿਵਾਈਸਾਂ ਨੂੰ ਵਰਤਣ ਦੀ ਇਜਾਜ਼ਤ ਹੈ, ਪਰ ਅਜਿਹੀ ਕੋਈ ਵੀ ਚੀਜ਼ ਫਿਰ ਵੀ ਖ਼ਤਰਨਾਕ ਹੋ ਸਕਦੀ ਹੈ ਜੋ ਤੁਹਾਡੀਆਂ ਅੱਖਾਂ ਅਤੇ ਦਿਮਾਗ ਨੂੰ ਸੜਕ ਤੋਂ ਭਟਕਾ ਦਿੰਦੀ ਹੈ। ਤੁਹਾਡੇ ਫ਼ੋਨ 'ਤੇ ਨੋਟੀਫ਼ਿਕੇਸ਼ਨਾਂ, ਚਮਕਦੀਆਂ ਹੋਈਆਂ ਲਾਈਟਾਂ, ਦਿਖਾਈ ਦੇਣ ਵਾਲੇ ਸੰਕੇਤ ਸਭ ਮਹੱਤਵਪੂਰਨ ਧਿਆਨ ਭੰਗ ਕਰਨ ਵਾਲੀਆਂ ਚੀਜ਼ਾਂ ਹਨ। ਕੁਝ ਪਲ ਰੁਕੋ ਅਤੇ ਇਹ ਪਛਾਣੋ ਕਿ ਇਹ ਧਿਆਨ ਭੰਗ ਕਰਨ ਵਾਲੀਆਂ ਚੀਜ਼ਾਂ ਤੁਹਾਡੀ ਡਰਾਈਵਿੰਗ 'ਤੇ ਕਿਸ ਤਰ੍ਹਾਂ ਅਸਰ ਪਾ ਸਕਦੀਆਂ ਹਨ।

ਕਾਨੂੰਨ ਲਾਗੂ ਕਰਨ ਵਾਲਾ ਅਧਿਕਾਰੀ ਤੁਹਾਨੂੰ ਭਟਕੇ ਹੋਏ ਧਿਆਨ ਨਾਲ ਗੱਡੀ ਚਲਾਉਣ ਸੰਬੰਧੀ ਕਾਨੂੰਨ ਦੀ ਉਲੰਘਣਾ ਕਰਨ ਲਈ ਟਿਕਟ ਦੇ ਸਕਦਾ ਹੈ। ਇਸਦੇ ਨਤੀਜੇ ਵਜੋਂ ਭਾਰੀ ਜੁਰਮਾਨੇ ਲੱਗ ਸਕਦੇ ਹਨ। ਤੁਹਾਡੀ ਪਹਿਲੀ ਉਲੰਘਣਾ ਤੋਂ ਬਾਅਦ ਜੁਰਮਾਨਿਆਂ ਨੂੰ ਦੁੱਗਣਾ ਕੀਤਾ ਜਾ ਸਕਦਾ ਹੈ।

**ਗੱਡੀ ਚਲਾਉਣਾ ਇੱਕ ਬਹੁਤ ਵੱਡੀ ਜ਼ਿੰਮੇਵਾਰੀ ਹੈ।** ਕਿਰਪਾ ਕਰਕੇ ਸੜਕ 'ਤੇ ਧਿਆਨ ਲਗਾਉਣ ਦੀ ਚੋਣ ਕਰੋ ਅਤੇ ਭਟਕੇ ਹੋਏ ਧਿਆਨ ਨਾਲ ਗੱਡੀ ਚਲਾਉਣ ਦੇ ਕਾਰਨ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰੋ। ਹੋ ਸਕਦਾ ਹੈ ਅਜਿਹਾ ਲੱਗੇ ਕਿ ਇਹ ਤਾਂ "ਹਰ ਕੋਈ ਕਰਦਾ ਹੈ" ਪਰ ਅਧਿਐਨਾਂ ਤੋਂ ਪਤਾ ਚਲਿਆ ਹੈ ਕਿ ਇਹ ਸੱਚ ਨਹੀਂ ਹੈ। ਤੁਹਾਡਾ ਫੈਸਲਾ ਤੁਹਾਨੂੰ ਅਤੇ ਦੂਜਿਆਂ ਨੂੰ ਸੁਰੱਖਿਅਤ ਰੱਖੇਗਾ।

## 3.5 | ਸਮਝਦਾਰ ਡਰਾਈਵਰ

ਸਮਝਦਾਰ ਡਰਾਈਵਰ:

- **ਜਾਗਰੂਕ** ਹੁੰਦੇ ਹਨ ਕਿ ਗੱਡੀ ਦੇ ਅੰਦਰ ਅਤੇ ਬਾਹਰ ਕੀ ਹੋ ਰਿਹਾ ਹੈ।
- ਆਪਣੀ ਗੱਡੀ ਦੀ ਗੈਸ, ਬ੍ਰੇਕ, ਸਟੀਅਰਿੰਗ ਅਤੇ ਸਥਿਤੀ ਨੂੰ ਕਾਬੂ ਕਰਨ ਦੇ **ਯੋਗ** ਹੁੰਦੇ ਹਨ।
- ਸਿਗਨਲ ਦੇਣ ਅਤੇ ਇਕਸਾਰਤਾ ਨਾਲ ਡ੍ਰਾਇਵ ਕਰਕੇ ਦੂਜਿਆਂ ਲਈ **ਅਨੁਮਾਨ ਲਗਾਉਣਯੋਗ** ਹੁੰਦੇ ਹਨ।
- ਆਪਣੇ ਫੈਸਲੇ **ਸੋਚ-ਵਿਚਾਰ** ਕਰਕੇ ਲੈਂਦੇ ਹਨ।
- ਗੱਡੀ ਚਲਾਉਣ ਦੇ ਹੁਨਰ ਸਿੱਖਦੇ ਅਤੇ ਵਰਤਦੇ ਸਮੇਂ **ਇਰਾਦੇ ਵਾਲੇ** ਹੁੰਦੇ ਹਨ।

### ਧਿਆਨ ਦਿਓ

ਜਦੋਂ ਤੁਸੀਂ ਨਵੇਂ-ਨਵੇਂ ਡਰਾਈਵਰ ਬਣੇ ਹੁੰਦੇ ਹੋ, ਤਾਂ ਬਹੁਤ ਸਾਰੀਆਂ ਚੀਜ਼ਾਂ ਵੱਲ ਧਿਆਨ ਦੇਣਾ ਤੁਹਾਨੂੰ ਮੁਸ਼ਕਿਲ ਲੱਗ ਸਕਦਾ ਹੈ: ਤੁਹਾਡੀ ਗੱਡੀ, ਸੜਕ 'ਤੇ ਲਾਗੂ ਹੋਣ ਵਾਲੇ ਨਿਯਮ, ਖ਼ਤਰੇ, ਦੂਜੀਆਂ ਗੱਡੀਆਂ, ਚਿੰਨ੍ਹ, ਸੜਕ 'ਤੇ ਲੱਗੇ ਨਿਸ਼ਾਨ, ਪੈਦਲ ਚੱਲਣ ਵਾਲੇ ਲੋਕ, ਸਾਈਕਲ ਸਵਾਰ... ਸਮਝਦਾਰ ਡਰਾਈਵਰ ਆਪਣੇ ਧਿਆਨ ਨੂੰ ਸੰਤੁਲਿਤ ਰੱਖਣ ਦਾ ਤਰੀਕਾ ਲੱਭ ਲੈਂਦੇ ਹਨ।

- **ਧਿਆਨ ਬਦਲਣਾ।** ਜਦੋਂ ਤੁਸੀਂ ਤੇਜ਼ੀ ਨਾਲ ਆਪਣਾ ਧਿਆਨ ਇੱਕ ਤੋਂ ਦੂਜੀ ਚੀਜ਼ ਵੱਲ ਲੈ ਜਾਉਂਦੇ ਹੋ।
- **ਵੰਡਿਆ ਹੋਇਆ ਧਿਆਨ।** ਜਦੋਂ ਤੁਸੀਂ ਇੱਕੋ ਸਮੇਂ ਕਈ ਚੀਜ਼ਾਂ ਕਰ ਰਹੇ ਹੁੰਦੇ ਹੋ।
- **ਕੇਂਦਰਿਤ ਧਿਆਨ।** ਜਦੋਂ ਤੁਹਾਡਾ ਪੂਰਾ ਦਿਮਾਗ ਇੱਕੋ ਕੰਮ 'ਤੇ ਇਕਾਗਰ ਹੁੰਦਾ ਹੈ।
- **ਲਗਾਤਾਰ ਧਿਆਨ।** ਜਦੋਂ ਤੁਹਾਨੂੰ ਲੰਬੇ ਚਿਰ ਲਈ ਧਿਆਨ ਦੇਣ ਦੀ ਲੋੜ ਪੈਂਦੀ ਹੈ।

**ਧਿਆਨ ਕੇਂਦਰਿਤ ਰੱਖਣ ਵਿੱਚ ਸਹਾਇਤਾ ਲਈ ਤੁਸੀਂ ਇਹ ਚੀਜ਼ਾਂ ਕਰ ਸਕਦੇ ਹੋ:**

- ਆਪਣੀ ਗੱਡੀ ਵਿੱਚੋਂ ਧਿਆਨ ਭਟਕਾਉਣ ਵਾਲੀਆਂ ਚੀਜ਼ਾਂ ਨੂੰ ਹਟਾਓ।
- ਚੰਗੀ ਤਰ੍ਹਾਂ ਅਰਾਮ ਕਰੋ।
- ਆਪਣੇ ਇਲੈਕਟ੍ਰਾਨਿਕ ਡਿਵਾਈਸਾਂ ਨੂੰ ਪਰ੍ਹੇ ਰੱਖੋ ਅਤੇ ਉਨ੍ਹਾਂ ਦੀ ਅਵਾਜ਼ ਬੰਦ ਕਰ ਦਿਓ।
- ਆਪਣੀ ਗੱਡੀ ਵਿੱਚ ਯਾਤਰੀਆਂ ਅਤੇ ਪਾਲਤੂ ਜਾਨਵਰਾਂ ਦੀ ਗਿਣਤੀ ਨੂੰ ਸੀਮਤ ਰੱਖੋ।
- ਗੱਡੀ ਚਲਾਉਂਦਿਆਂ ਇੱਕੋ ਸਮੇਂ ਕਈ ਕੰਮ ਕਰਨ ਤੋਂ ਪਰਹੇਜ਼ ਕਰੋ।



## ਅੱਖੀਂ ਦੇਖ ਕੇ ਭਾਲਣਾ ਅਤੇ ਸਕੈਨ ਕਰਨਾ

ਅੱਖੀਂ ਦੇਖ ਕੇ ਭਾਲ ਕਰਨ ਦਾ ਮਤਲਬ ਹੈ ਆਪਣੀਆਂ ਅੱਖਾਂ ਨਾਲ ਆਪਣੇ ਆਲੇ-ਦੁਆਲੇ ਨੂੰ ਲਗਾਤਾਰ ਚੈੱਕ ਕਰਦੇ ਰਹਿਣਾ। ਸਕੈਨ ਕਰਨ ਵਿੱਚ ਆਪਣਾ ਸਿਰ, ਗਰਦਨ ਅਤੇ ਸਰੀਰ ਨੂੰ ਇਸ ਤਰ੍ਹਾਂ ਹਿਲਾਉਣਾ ਹੁੰਦਾ ਹੈ ਤਾਂ ਜੋ ਤੁਸੀਂ ਜਿੰਨਾ ਹੋ ਸਕੇ ਆਪਣੀ ਗੱਡੀ ਦੇ ਆਲੇ-ਦੁਆਲੇ ਦੇਖ ਸਕੋ। ਭਾਲ ਅਤੇ ਸਕੈਨਿੰਗ ਕਰਨ ਨਾਲ ਤੁਹਾਡੇ ਧਿਆਨ ਦੇਣ ਸੰਬੰਧੀ ਹੁਨਰਾਂ ਨੂੰ ਵਿਕਸਿਤ ਕਰਨ ਵਿੱਚ ਮਦਦ ਮਿਲਦੀ ਹੈ ਤਾਂ ਜੋ ਤੁਸੀਂ ਆਪਣੇ ਆਲੇ-ਦੁਆਲੇ: ਆਪਣੀ ਗੱਡੀ ਦੇ ਅੰਦਰ ਅਤੇ ਬਾਹਰ, ਹਮੇਸ਼ਾ-ਬਦਲਦੇ ਹੋਏ ਮਾਹੌਲ ਤੋਂ ਜਾਣੂ ਰਹਿ ਸਕੋ। ਤੁਸੀਂ ਇਸੇ ਤਰੀਕੇ ਨਾਲ ਹੀ ਜਾਣਕਾਰੀ ਇਕੱਠੀ ਕਰਦੇ ਹੋ ਤਾਂ ਜੋ ਤੁਸੀਂ ਸੋਚ-ਸਮਝ ਕੇ ਫੈਸਲੇ ਲੈ ਸਕੋ।

ਲਗਾਤਾਰ ਅੱਖੀਂ ਦੇਖ ਕੇ ਭਾਲਣ ਨਾਲ ਸੁਰੱਖਿਅਤ ਤੌਰ 'ਤੇ ਗੱਡੀ ਚਲਾਉਣ ਦੀ ਤੁਹਾਡੀ ਕਾਬਲੀਅਤ ਵਿੱਚ ਵੀ ਮਦਦ ਮਿਲਦੀ ਹੈ। ਇਹ ਯਕੀਨੀ ਬਣਾਓ ਕਿ ਤੁਸੀਂ ਅਜਿਹੀ ਸਪੀਡ 'ਤੇ ਸਫ਼ਰ ਕਰ ਰਹੇ ਹੋਵੋ ਜਿਸ ਨਾਲ ਤੁਹਾਡੀ ਆਲੇ-ਦੁਆਲੇ ਨੂੰ ਦੇਖਣ ਅਤੇ ਸਕੈਨ ਕਰਨ ਦੀ ਯੋਗਤਾ ਵਿੱਚ ਮਦਦ ਮਿਲ ਸਕੇ।

## ਅਗਲੇ ਪਾਸੇ ਵੱਲ ਸਕੈਨ ਕਰਨਾ

ਆਖਰੀ ਪਲਾਂ ਵਿੱਚ ਬ੍ਰੇਕ ਲਾਉਣ ਜਾਂ ਅਚਾਨਕ ਮੁੜਨ ਜਾਂ ਲੇਨ ਤੋਂ ਹਟਣ ਦੀ ਲੋੜ ਪੈਣ ਤੋਂ ਬਚਣ ਵਾਸਤੇ, ਇਨ੍ਹਾਂ ਚੀਜ਼ਾਂ ਲਈ ਅੱਗੇ ਦੇਖੋ:

- ਅਜਿਹੀਆਂ ਟ੍ਰੈਫਿਕ ਸਥਿਤੀਆਂ ਜਿੱਥੇ ਤੁਹਾਨੂੰ ਗੱਡੀ ਨੂੰ ਮੋੜਨਾ ਪਵੇਗਾ ਅਤੇ ਅਜਿਹੀਆਂ ਰੁਕਾਵਟਾਂ ਜਿਨ੍ਹਾਂ ਕਾਰਨ ਕੋਈ ਪੈਦਲ ਚੱਲਣ ਵਾਲਾ, ਸਾਈਕਲ ਸਵਾਰ, ਜਾਂ ਕੋਈ ਹੋਰ ਗੱਡੀ ਲੁਕੇ ਹੋ ਸਕਦੇ ਹਨ।
- ਪਾਰਕ ਕੀਤੀਆਂ ਹੋਈਆਂ ਗੱਡੀਆਂ ਦੇ ਅੰਦਰ, ਹੇਠਾਂ ਅਤੇ ਆਲੇ-ਦੁਆਲੇ ਪੈਰ, ਪਹੀਏ, ਪਰਛਾਵੇਂ ਅਤੇ ਹਿਲਜੁਲ।
- ਤੁਹਾਡੇ ਸਾਹਮਣੇ ਵਾਲੀ ਗੱਡੀ ਤੋਂ ਪਰ੍ਹੇ ਜਾਂ ਅੱਗੇ ਕੀ ਹੋ ਰਿਹਾ ਹੈ।

ਅੱਗੇ ਦੇਖਣ ਨਾਲ ਤੁਸੀਂ ਸੰਭਾਵੀ ਸਥਿਤੀਆਂ ਦਾ ਅੰਦਾਜ਼ਾ ਲਗਾ ਸਕਦੇ ਹੋ ਅਤੇ ਲੋੜ ਪੈਣ 'ਤੇ ਰੁਕਣ ਜਾਂ ਦਿਸ਼ਾ ਬਦਲਣ ਲਈ ਤਿਆਰੀ ਕਰ ਸਕਦੇ ਹੋ।

## ਪਾਸੇ ਵੱਲ ਨੂੰ ਸਕੈਨ ਕਰਨਾ

- ਚੌਰਾਹਿਆਂ 'ਤੇ ਪਹੁੰਚਣ ਵੇਲੇ, ਖੱਬੇ ਅਤੇ ਸੱਜੇ ਪਾਸੇ ਤੋਂ ਆ ਰਹੀਆਂ ਗੱਡੀਆਂ, ਪੈਦਲ ਚੱਲਣ ਵਾਲਿਆਂ ਅਤੇ ਸਾਈਕਲ ਸਵਾਰਾਂ ਲਈ ਬਰੀਕੀ ਨਾਲ ਧਿਆਨ ਦਿਓ।
- ਉਨ੍ਹਾਂ ਪੈਦਲ ਚੱਲਣ ਵਾਲਿਆਂ ਅਤੇ ਸਾਈਕਲ ਸਵਾਰਾਂ 'ਤੇ ਨਜ਼ਰ ਰੱਖੋ ਜੋ ਸ਼ਾਇਦ ਸੜਕ ਪਾਰ ਕਰ ਰਹੇ ਹੋ ਸਕਦੇ ਹਨ।
- ਜਦੋਂ ਪੇੜਾ ਦੇ ਪੱਤੇ ਜਾਂ ਹੋਰ ਚੀਜ਼ਾਂ ਪਾਸਿਆਂ ਤੋਂ ਤੁਹਾਡੇ ਦ੍ਰਿਸ਼ ਜ਼ਾਂ ਦੇਖਣ ਵਿੱਚ ਰੁਕਾਵਟ ਪਾਉਂਦੀਆਂ ਹਨ, ਤਾਂ ਸੰਭਾਵੀ ਖ਼ਤਰਿਆਂ ਅਤੇ ਉਨ੍ਹਾਂ ਲੋਕਾਂ ਦੀ ਪਛਾਣ ਕਰਨ ਵਾਸਤੇ ਹਿਲਜੁਲ 'ਤੇ ਨਜ਼ਰ ਰੱਖੋ ਜੋ ਸੜਕ ਪਾਰ ਕਰਨ ਬਾਰੇ ਸੋਚ ਰਹੇ ਹੋ ਸਕਦੇ ਹਨ।
- ਮੁੜਨ ਤੋਂ ਪਹਿਲਾਂ, ਆਪਣੀ ਗੱਡੀ ਦੇ ਸਾਈਡ ਵਾਲੇ ਸ਼ੀਸ਼ਿਆਂ ਵਿੱਚ ਦੇਖੋ ਅਤੇ ਮੋਢੇ ਦੇ ਉੱਪਰੋਂ ਉਨ੍ਹਾਂ ਸਾਈਕਲ ਸਵਾਰਾਂ ਜਾਂ ਪੈਦਲ ਚੱਲਣ ਵਾਲਿਆਂ ਨੂੰ ਵੇਖੋ ਜੋ ਤੁਹਾਡੀ ਗੱਡੀ ਦੇ ਬਿਲਕੁਲ ਨਾਲ ਹੋ ਸਕਦੇ ਹਨ ਜਾਂ ਸੜਕ ਪਾਰ ਕਰਨ ਵਾਲੇ ਵੀ ਮੌਜੂਦ ਹੋ ਸਕਦੇ ਹਨ।

## ਪਿੱਛੇ ਵੱਲ ਨੂੰ ਸਕੈਨ ਕਰਨਾ

ਆਪਣੇ ਸਾਹਮਣੇ ਅਤੇ ਨਾਲ ਦੇ ਟ੍ਰੈਫਿਕ ਉੱਪਰ ਨਜ਼ਰ ਰੱਖਣ ਤੋਂ ਇਲਾਵਾ, ਆਪਣੇ ਪਿੱਛੇ ਦੇ ਟ੍ਰੈਫਿਕ ਨੂੰ ਵੀ ਦੇਖੋ। ਲੇਨਾਂ ਬਦਲਣ ਵੇਲੇ, ਸਾਈਕਲ ਲੇਨਾਂ ਪਾਰ ਕਰਨ ਵੇਲੇ, ਸਪੀਡ ਹੌਲੀ ਕਰਨ ਵੇਲੇ, ਪਿੱਛੇ ਨਿਕਲਣ ਵੇਲੇ, ਜਾਂ ਕਿਸੇ ਲੰਬੀ ਜਾਂ ਸਿੱਧੀ ਢਲਾਣ ਵਾਲੀ ਪਹਾੜੀ ਤੋਂ ਹੇਠਾਂ ਉਤਰਣ ਵੇਲੇ ਆਪਣੇ ਪਿੱਛੇ ਦੀਆਂ ਗੱਡੀਆਂ ਅਤੇ ਸਾਈਕਲ ਸਵਾਰਾਂ ਵੱਲ ਧਿਆਨ ਦੇਣਾ ਜ਼ਰੂਰੀ ਹੁੰਦਾ ਹੈ।

ਜਦੋਂ ਟ੍ਰੈਫਿਕ ਬਹੁਤ ਜ਼ਿਆਦਾ ਹੋਵੇ ਤਾਂ ਵਧੇਰੀ ਵਾਰ ਚੈੱਕ ਕਰੋ। ਜੇ ਤੁਹਾਨੂੰ ਪਤਾ ਹੈ ਕਿ ਕੋਈ ਤੁਹਾਡੇ ਪਿੱਛੇ ਬਹੁਤ ਨੇੜੇ-ਨੇੜੇ ਚੱਲ ਰਿਹਾ ਹੈ ਜਾਂ ਬਹੁਤ ਤੇਜ਼ੀ ਨਾਲ ਆ ਰਿਹਾ ਹੈ, ਤਾਂ ਤੁਹਾਨੂੰ ਇਸ ਬਾਰੇ ਕੁਝ ਕਰਨ ਦਾ ਸਮਾਂ ਮਿਲ ਜਾਵੇਗਾ (ਲੇਨ ਬਦਲਣਾ, ਬ੍ਰੇਕਾਂ 'ਤੇ ਟੈਪ ਕਰਨਾ, ਸਪੀਡ ਵਧਾਉਣਾ, ਜਾਂ ਹੌਲੀ ਕਰਨਾ)।

## 3.6 | ਸਨਮਾਨ ਅਤੇ ਜ਼ਿੰਮੇਵਾਰੀ

ਸੁਰੱਖਿਅਤ, ਸਨਮਾਨਯੋਗ ਅਤੇ ਜ਼ਿੰਮੇਵਾਰੀ ਭਰੇ ਡਰਾਈਵਰ ਦੇ ਵਿਵਹਾਰ ਨੂੰ ਪਛਾਣੋ ਅਤੇ ਉਸ ਪ੍ਰਤੀ ਆਪਣੇ-ਆਪ ਨੂੰ ਪ੍ਰਤੀਬੱਧ ਕਰੋ।

- ਇਹ ਪੱਕਾ ਕਰੋ ਕਿ ਗੱਡੀ ਵਿੱਚ ਬੈਠੇ ਸਾਰੇ ਲੋਕ ਸੁਰੱਖਿਆ ਬੈਲਟਾਂ ਦੀ ਵਰਤੋਂ ਕਰਨ।
- ਗੱਡੀ ਚਲਾਉਣ ਲਈ ਫਿੱਟ ਰਹੋ।
- ਦੂਜਿਆਂ ਪ੍ਰਤੀ ਹਮਦਰਦੀ ਦਿਖਾਓ।
- ਸੜਕ ਵਰਤਣ ਵਾਲੇ ਹੋਰ ਲੋਕਾਂ ਦੇ ਅਧਿਕਾਰ ਦਾ ਸਨਮਾਨ ਕਰੋ।
- ਗਲਤੀ ਭਾਵੇਂ ਕਿਸੇ ਦੀ ਵੀ ਹੋਵੇ, ਲੜਾਈ-ਝਗੜਾ ਕਰਨ ਤੋਂ ਬਚੋ।
- ਸੜਕ ਦੇ ਮਾਹੌਲ ਦਾ ਧਿਆਨ ਰੱਖੋ।

### ਟ੍ਰੈਫਿਕ ਸੰਬੰਧੀ ਚੇਤਾਵਨੀਆਂ

ਟ੍ਰੈਫਿਕ ਸੰਬੰਧੀ ਚੇਤਾਵਨੀਆਂ ਮੌਜੂਦਾ ਜਾਂ ਆਉਣ ਵਾਲੀਆਂ ਟ੍ਰੈਫਿਕ ਸਥਿਤੀਆਂ, ਘਟਨਾਵਾਂ, ਜਾਂ ਸੜਕ ਬੰਦ ਹੋਣ ਬਾਰੇ ਡਰਾਈਵਰਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੂਚਨਾਵਾਂ ਜਾਂ ਚੇਤਾਵਨੀਆਂ ਹੁੰਦੀਆਂ ਹਨ। ਇਹ ਚੇਤਾਵਨੀਆਂ ਆਵਾਜਾਈ ਅਧਿਕਾਰੀਆਂ, ਟ੍ਰੈਫਿਕ ਪ੍ਰਬੰਧਨ ਕੇਂਦਰਾਂ, ਜਾਂ ਨੈਵੀਗੇਸ਼ਨ ਐਪਾਂ ਤੋਂ ਆਉਂਦੀਆਂ ਹਨ।

ਅਜਿਹੀਆਂ ਟ੍ਰੈਫਿਕ ਸੰਬੰਧੀ ਚੇਤਾਵਨੀਆਂ ਦਾ ਪਤਾ ਲਗਾਓ ਜੋ ਆਪਣੀ ਯਾਤਰਾ ਦੇ ਰੂਟ ਬਾਰੇ ਸੋਚ-ਸਮਝ ਕੇ ਫੈਸਲੇ ਲੈਣ ਦੇ ਸੰਬੰਧ ਵਿੱਚ ਤੁਹਾਡੀ ਮਦਦ ਕਰਨਗੀਆਂ। ਇਸ ਨਾਲ ਤੁਹਾਨੂੰ ਸੰਭਾਵੀ ਦੇਰੀ ਹੋਣ ਜਾਂ ਖਤਰਿਆਂ ਤੋਂ ਬਚਣ ਵਿੱਚ ਮਦਦ ਮਿਲ ਸਕਦੀ ਹੈ। ਟ੍ਰੈਫਿਕ ਸੰਬੰਧੀ ਚੇਤਾਵਨੀਆਂ ਕਈ ਤਰੀਕਿਆਂ ਨਾਲ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ ਸੜਕ 'ਤੇ ਇਲੈਕਟ੍ਰਾਨਿਕ ਸਿਗਨਲ, ਸੋਸ਼ਲ ਮੀਡੀਆ, ਰੇਡੀਓ ਪ੍ਰਸਾਰਣ, ਟ੍ਰੈਫਿਕ ਵੈੱਬਸਾਈਟਾਂ ਅਤੇ ਮੋਬਾਈਲ ਐਪਾਂ ਸ਼ਾਮਲ ਹਨ।

## ਕੂੜਾ-ਕਰਕੱਟ

ਕੂੜਾ-ਕਰਕੱਟ ਸਿਰਫ਼ ਦੇਖਣ ਵਿੱਚ ਹੀ ਗੰਦਾ ਨਹੀਂ ਲੱਗਦਾ। ਬਲਕਿ ਇਹ ਸੜਕ ਵਰਤਣ ਵਾਲੇ ਲੋਕਾਂ ਲਈ ਸੁਰੱਖਿਆ ਸੰਬੰਧੀ ਖ਼ਤਰੇ ਵੀ ਪੈਦਾ ਕਰਦਾ ਹੈ। ਸੜਕਾਂ ਉੱਪਰ ਪਏ ਕੂੜੇ ਕਰਕੇ ਦੁਰਘਟਨਾਵਾਂ ਵਾਪਰਦੀਆਂ ਹਨ। ਜਲਣਸ਼ੀਲ ਜਾਂ ਬਲਦੇ ਹੋਏ ਕੂੜੇ ਨਾਲ ਜੰਗਲ ਵਿੱਚ ਅੱਗ ਭੜਕ ਸਕਦੀ ਹੈ, ਵਾਤਾਵਰਣ ਨੂੰ ਨੁਕਸਾਨ ਪਹੁੰਚ ਸਕਦਾ ਹੈ ਅਤੇ ਇਸ ਨਾਲ ਸੰਭਾਵੀ ਰੂਪ ਵਿੱਚ ਮੌਤਾਂ ਵੀ ਹੋ ਸਕਦੀਆਂ ਹਨ। ਇਸੇ ਕਰਕੇ Washington ਵਿੱਚ ਕੂੜਾ ਸੁੱਟਣ 'ਤੇ ਜੁਰਮਾਨੇ ਇੰਨੇ ਸਖ਼ਤ ਹੁੰਦੇ ਹਨ। ਤੁਸੀਂ ਅਤੇ ਤੁਹਾਡੇ ਨਾਲ ਸਫ਼ਰ ਕਰ ਰਹੇ ਲੋਕ, ਤੁਹਾਡੇ ਦੁਆਰਾ ਲਿਜਾਈਆਂ ਜਾ ਰਹੀਆਂ ਚੀਜ਼ਾਂ ਨੂੰ ਸੁਰੱਖਿਅਤ ਤਰੀਕੇ ਨਾਲ ਬੰਨ੍ਹਣ ਅਤੇ ਕੂੜੇ ਨੂੰ ਸਹੀ ਢੰਗ ਨਾਲ ਸੁੱਟਣ ਲਈ ਜ਼ਿੰਮੇਵਾਰ ਹੁੰਦੇ ਹਨ।

Washington ਰਾਜ ਦੇ ਕਾਨੂੰਨ ਵਿੱਚ ਕੂੜਾ ਸੁੱਟਣ ਅਤੇ ਗੈਰਕਾਨੂੰਨੀ ਢੰਗ ਨਾਲ ਕੂੜੇ ਦੇ ਢੇਰ ਲਾਉਣ ਲਈ ਘੱਟੋ-ਘੱਟ ਜੁਰਮਾਨੇ ਨਿਰਧਾਰਤ ਕੀਤੇ ਗਏ ਹਨ। ਬਹੁਤ ਸਾਰੇ ਸ਼ਹਿਰਾਂ ਅਤੇ ਕਾਉਂਟੀਆਂ ਵਿੱਚ ਸਥਾਨਕ ਆਰਡੀਨੈਂਸ ਹਨ ਜੋ ਰਾਜ ਦੇ ਕਾਨੂੰਨ ਤੋਂ ਵੱਖਰੇ ਹੁੰਦੇ ਹਨ। ਸਥਾਨਕ ਪੱਧਰ 'ਤੇ ਕੂੜੇ-ਕਰਕੱਟ ਸੰਬੰਧੀ ਨਿਯਮਾਂ ਦੀ ਪਾਲਣਾ ਦੀ ਜਾਣਕਾਰੀ ਵਾਸਤੇ ਆਪਣੇ ਸਥਾਨਕ ਪੁਲਿਸ ਵਿਭਾਗ, ਸ਼ੈਰਿਫ਼ ਦੇ ਦਫ਼ਤਰ, ਸ਼ਹਿਰ, ਜਾਂ ਕਾਉਂਟੀ ਕਲਰਕ ਨਾਲ ਸੰਪਰਕ ਕਰੋ ਅਤੇ ਪਤਾ ਲਗਾਓ ਕਿ ਤੁਹਾਡੇ ਇਲਾਕੇ ਵਿੱਚ ਕਿਹੜੇ ਕਾਨੂੰਨ ਲਾਗੂ ਹੁੰਦੇ ਹਨ।

## ਵਾਤਾਵਰਣ

**ਤੁਸੀਂ ਕਿਸ ਤਰ੍ਹਾਂ ਗੱਡੀ ਚਲਾਉਂਦੇ ਹੋ, ਉਸਦਾ ਅਸਰ ਵਾਤਾਵਰਣ 'ਤੇ ਪੈਂਦਾ ਹੈ।**

ਜਦੋਂ ਤੁਸੀਂ ਕਾਰ ਨੂੰ ਖੜ੍ਹੀ ਹਾਲਤ ਵਿੱਚ ਵੀ ਚੱਲਦਾ ਛੱਡ ਕੇ ਜਾਂਦੇ ਹੋ, ਖਾਸ ਕਰਕੇ ਗੈਰਾਜ ਵਿੱਚ, ਤਾਂ ਇਸਤੋਂ ਕਾਰਬਨ ਮੋਨੋਆਕਸਾਈਡ ਵਰਗੀਆਂ ਹਾਨੀਕਾਰਕ ਗੈਸਾਂ ਨਿਕਲ ਸਕਦੀਆਂ ਹਨ ਜੋ ਜਾਨਲੇਵਾ ਹੋ ਸਕਦੀਆਂ ਹਨ। ਆਪਣੇ ਇੰਜਣ ਨੂੰ ਬੇਕਾਰ ਵਿੱਚ ਚਲਾਈ ਰੱਖਣ ਨਾਲ ਹਵਾ ਵਿੱਚ ਪ੍ਰਦੂਸ਼ਣ ਵੀ ਵਧਦਾ ਹੈ।

ਇਹ ਛੋਟੀਆਂ-ਛੋਟੀਆਂ ਤਬਦੀਲੀਆਂ ਕਰਕੇ, ਤੁਸੀਂ ਗੱਡੀ ਤੋਂ ਨਿਕਲਣ ਵਾਲੀਆਂ ਗੈਸਾਂ ਨੂੰ ਘਟਾਉਣ ਵਿੱਚ ਮਦਦ ਕਰ ਸਕਦੇ ਹੋ:

- ਜੇ ਤੁਸੀਂ ਕੁਝ ਚਿਰ ਲਈ ਗੱਡੀ ਖੜ੍ਹੀ ਕੀਤੀ ਹੋਈ ਹੈ ਤਾਂ ਇੰਜਣ ਨੂੰ ਬੰਦ ਕਰ ਦਿਓ।
- ਤੇਜ਼ ਸਪੀਡ ਨਾਲ ਗੱਡੀ ਚਲਾਉਣ ਜਾਂ ਤੇਜ਼ ਬ੍ਰੇਕ ਲਗਾਉਣ, ਜਿਸ ਨਾਲ ਇੰਧਨ ਦੀ ਖਪਤ ਵਧੇਰੇ ਹੁੰਦੀ ਹੈ, ਦੀ ਬਜਾਏ ਗੱਡੀ ਆਰਾਮ ਨਾਲ ਚਲਾਓ।
- ਗੈਸ ਦੀ ਜ਼ਿਆਦਾ ਵਧੀਆ ਮਾਈਲੇਜ ਲਈ ਆਪਣੀ ਗੱਡੀ ਦੀ ਟਾਇਰਾਂ ਵਿੱਚ ਸਹੀ ਢੰਗ ਨਾਲ ਹਵਾ ਭਰ ਕੇ ਰੱਖੋ।
- ਸੜਕ 'ਤੇ ਕਾਰਾਂ ਦੀ ਗਿਣਤੀ ਨੂੰ ਘਟਾਉਣ ਵਾਸਤੇ, ਜਦੋਂ ਵੀ ਹੋ ਸਕੇ, ਕਾਰਪੂਲ ਕਰੋ ਜਾਂ ਜਨਤਕ ਆਵਾਜਾਈ ਦੀ ਵਰਤੋਂ ਕਰੋ।

**ਤੁਸੀਂ ਜੋ ਗੱਡੀ ਚਲਾਉਂਦੇ ਹੋ ਉਸਦਾ ਅਸਰ ਵਾਤਾਵਰਣ 'ਤੇ ਪੈਂਦਾ ਹੈ**

ਜ਼ਿਆਦਾਤਰ ਵਾਹਨ ਨਿਰਮਾਤਾਵਾਂ ਨੇ ਮੁਕਾਬਲਤਨ ਘੱਟ ਨਿਕਾਸੀਆਂ (ਇਮਿਸ਼ਨਸ), ਇੰਧਨ ਦੀ ਕੁਸ਼ਲਤਾ, ਅਤੇ ਟ੍ਰੈਫਿਕ ਦੀ ਚਾਲ ਵਿੱਚ ਸੁਧਾਰ ਲਈ ਤਿਆਰ ਕੀਤੀਆਂ ਸੁਰੱਖਿਆ ਵਿਸ਼ੇਸ਼ਤਾਵਾਂ ਰਾਹੀਂ ਕਾਰਬਨ ਫੁੱਟਪ੍ਰਿੰਟ

ਨੂੰ ਘਟਾਉਣ ਦੇ ਉਪਰਾਲੇ ਕੀਤੇ ਹਨ। ਕਾਰਗਰ ਰੂਟਾਂ ਦੀ ਯੋਜਨਾ ਬਣਾਉਣ ਅਤੇ ਹੋਰਨਾਂ ਲੋਕਾਂ ਨਾਲ ਕਾਰਪੂਲ ਕਰਨ ਦੀ ਚੋਣ ਕਰਕੇ ਇਨ੍ਹਾਂ ਉਪਰਾਲਿਆਂ ਵਿੱਚ ਸਹਿਯੋਗ ਮਿਲਦਾ ਹੈ (ਆਰਥਿਕ ਫਾਇਦੇ ਹੋਣ ਤੋਂ ਇਲਾਵਾ)। Washington ਦੇ ਕਲੀਨ ਕਾਰ ਕਾਨੂੰਨ (Washington's Clean Car Law) ਮੁਤਾਬਕ 2009 ਵਿੱਚ ਅਤੇ ਇਸ ਤੋਂ ਬਾਅਦ ਬਣੇ ਵਾਹਨਾਂ ਲਈ ਪੰਜੀਕ੍ਰਿਤ ਹੋਣ, ਲਾਇਸੈਂਸ ਲੈਣ ਜਾਂ ਇਨ੍ਹਾਂ ਨੂੰ ਵੇਚੇ ਜਾਣ ਤੋਂ ਪਹਿਲਾਂ ਸਾਫ਼ ਹਵਾ ਸੰਬੰਧੀ ਕੜੇ ਮਾਪਦੰਡਾਂ ਨੂੰ ਪੂਰਾ ਕਰਨਾ ਜ਼ਰੂਰੀ ਹੈ।

ਜੇ ਤੁਸੀਂ ਕਿਸੇ ਗੱਡੀ ਜਾਂ ਗੱਡੀ ਦੇ ਪੁਰਜ਼ਿਆਂ ਤੋਂ ਛੁਟਕਾਰਾ ਪਾਉਣਾ ਹੋਵੇ, ਤਾਂ ਵ੍ਹੀਕਲ ਡਿਸਪੋਜ਼ਲ ਰੀਸਾਈਕਲਿੰਗ ਸੈਂਟਰ ਨਾਲ ਸੰਪਰਕ ਕਰੋ ਤਾਂ ਜੋ ਤੁਹਾਨੂੰ ਵਾਤਾਵਰਣ ਪੱਖੋਂ ਸਚੇਤ ਤਰੀਕੇ ਨਾਲ ਅਜਿਹਾ ਕਰਨ ਵਿੱਚ ਮਦਦ ਮਿਲ ਸਕੇ।

## ਸਵੈ-ਮੁਲਾਂਕਣ

ਸਵੈ-ਮੁਲਾਂਕਣ ਕਰਨਾ ਜ਼ਿੰਮੇਵਾਰ ਡਰਾਈਵਰ ਬਣਨ ਦਾ ਇੱਕ ਤੇਜ਼, ਅਸਾਨ ਅਤੇ ਅਹਿਮ ਹਿੱਸਾ ਹੈ। ਇਹ ਗੱਡੀ ਚਲਾਉਂਦਿਆਂ ਜਾਂ ਇਸ ਤੋਂ ਬਾਅਦ ਕੀਤਾ ਜਾ ਸਕਦਾ ਹੈ। ਆਪਣੇ ਆਪ ਨੂੰ ਇਹ ਸਵਾਲ ਪੁੱਛੋ:

- ਕੀ ਮੈਨੂੰ ਕਿਸੇ ਗੱਲ ਤੋਂ ਅਚਾਨਕ ਹੈਰਾਨੀ ਹੋਈ?
- ਕੀ ਮੈਂ ਕਿਸੇ ਹੋਰ ਨੂੰ ਅਚਾਨਕ ਹੈਰਾਨ ਕੀਤਾ?
- ਕੀ ਮੇਰੀ ਡਰਾਈਵਿੰਗ ਕਾਨੂੰਨ ਅਨੁਸਾਰ, ਨਿਪੁੰਨ ਅਤੇ ਸੁਚਾਰੂ ਸੀ?
- ਅਗਲੀ ਵਾਰ ਲਈ ਮੈਨੂੰ ਕਿਹੜੀਆਂ ਤਬਦੀਲੀਆਂ ਕਰਨੀਆਂ ਹੋਣਗੀਆਂ?

ਹਰ ਵਾਰ ਗੱਡੀ ਚਲਾਉਣ ਮਗਰੋਂ ਅਖੀਰ ਵਿੱਚ ਆਪਣੇ ਗੱਡੀ ਚਲਾਉਣ ਦੇ ਹੁਨਰਾਂ ਦੀ ਬਕਾਇਦਾ ਸਮੀਖਿਆ ਕਰਨ ਨਾਲ, ਨਾ ਸਿਰਫ਼ ਤੁਹਾਡੀਆਂ ਯੋਗਤਾਵਾਂ ਨੂੰ ਬਿਹਤਰ ਬਣਾਉਣ ਵਿੱਚ ਮਦਦ ਮਿਲਦੀ ਹੈ ਸਗੋਂ ਤੁਹਾਨੂੰ ਆਪਣੇ ਹੁਨਰਾਂ ਦੇ ਵਿਕਸਿਤ ਹੋਣ ਤੋਂ ਬਾਅਦ ਇਨ੍ਹਾਂ ਨੂੰ ਬਣਾਈ ਰੱਖਣ ਵਿੱਚ ਵੀ ਮਦਦ ਮਿਲਦੀ ਹੈ। ਸਮੇਂ ਦੇ ਨਾਲ-ਨਾਲ ਹੁਨਰਾਂ ਵਿੱਚ ਵਿਗਾੜ ਆਉਣ ਲੱਗਦਾ ਹੈ, ਇਸ ਕਰਕੇ ਮੁਲਾਂਕਣ ਕਰਨ ਨਾਲ ਤੁਸੀਂ ਆਪਣੀ ਡਰਾਈਵਿੰਗ ਨੂੰ ਚੰਗਾ ਬਣਾਈ ਰੱਖ ਸਕਦੇ ਹੋ।

ਆਪਣੇ ਹੁਨਰਾਂ ਨੂੰ ਚੰਗਾ ਬਣਾਈ ਰੱਖਣ ਲਈ, ਇਨ੍ਹਾਂ ਚੀਜ਼ਾਂ ਦੀ ਪਛਾਣ ਕਰੋ:

- ਉਹ ਕਾਰਕ ਜਿਨ੍ਹਾਂ ਕਰਕੇ ਤੁਹਾਡੇ ਡਰਾਈਵਿੰਗ ਦੇ ਹੁਨਰਾਂ ਵਿੱਚ ਤਬਦੀਲੀਆਂ ਆਉਂਦੀਆਂ ਹਨ।
- ਗੱਡੀ ਚਲਾਉਣ ਦੇ ਅਭਿਆਸਾਂ ਵਿੱਚ ਆਈਆਂ ਤਬਦੀਲੀਆਂ।
- ਟ੍ਰੈਫਿਕ ਸੰਬੰਧੀ ਕਾਨੂੰਨਾਂ ਵਿੱਚ ਆਈਆਂ ਤਬਦੀਲੀਆਂ।
- ਗੱਡੀ ਦੀ ਤਕਨਾਲੋਜੀ ਵਿੱਚ ਤਬਦੀਲੀਆਂ ਅਤੇ ਸੁਧਾਰ।
- ਗੱਡੀ ਚਲਾਉਣ ਨਾਲ ਸੰਬੰਧਿਤ ਜੀਵਨ ਭਰ ਸਿੱਖਣ ਦੇ ਮੌਕੇ।

# ਅਧਿਆਇ 4

## ਸੜਕਾਂ



## 4.0 | ਜਾਗਰੂਕਤਾ ਅਤੇ ਸਹਿਯੋਗ

ਉਨ੍ਹਾਂ ਸਾਰੇ ਕਾਰਨਾਂ ਬਾਰੇ ਸੋਚੋ ਜਿਨ੍ਹਾਂ ਕਰਕੇ ਲੋਕ Washington ਦੀਆਂ ਸੜਕਾਂ ਦੀ ਵਰਤੋਂ ਕਰਦੇ ਹਨ: ਪਰਿਵਾਰ ਨੂੰ ਮਿਲਣ ਜਾਣ ਲਈ, ਬਿਮਾਰ ਬੱਚਿਆਂ ਨੂੰ ਡਾਕਟਰ ਕੋਲ ਲਿਜਾਣ ਲਈ, ਜਾਂ ਕੰਮ 'ਤੇ ਮੁਸ਼ਕਲਾਂ ਭਰੇ ਦਿਨ ਤੋਂ ਬਾਅਦ ਘਰ ਵਾਪਸ ਜਾਣ ਲਈ। Washington ਦੀਆਂ ਸੜਕਾਂ ਨੂੰ ਤੁਹਾਡੇ ਵਰਗੇ ਲੋਕ ਹੀ ਵਰਤਦੇ ਹਨ, ਅਤੇ ਸੜਕ ਪ੍ਰਣਾਲੀ ਇਸਨੂੰ ਵਰਤਣ ਵਾਲੇ ਲੋਕਾਂ ਦੇ ਸਹਿਯੋਗ ਅਤੇ ਸਾਂਝੀ ਸਮਝ 'ਤੇ ਹੀ ਨਿਰਭਰ ਕਰਦੀ ਹੈ। ਤੁਸੀਂ ਦੂਜਿਆਂ ਤੋਂ ਉਮੀਦ ਕਰਦੇ ਹੋ ਕਿ ਉਨ੍ਹਾਂ ਨੂੰ ਸੜਕ ਦੇ ਨਿਯਮ ਪਤਾ ਹੋਣ ਅਤੇ ਉਹ ਉਨ੍ਹਾਂ ਦਾ ਪਾਲਣ ਕਰਨ। ਉਹ ਵੀ ਤੁਹਾਡੇ ਤੋਂ ਇਹੀ ਉਮੀਦ ਕਰਦੇ ਹਨ।

ਕਈ ਵਾਰ ਸੜਕਾਂ ਉਲਝਾਉਣ ਵਾਲੀਆਂ ਹੋ ਸਕਦੀਆਂ ਹਨ। ਉਦਾਹਰਨ ਲਈ, ਉਨ੍ਹਾਂ 'ਤੇ ਉਸਾਰੀ ਦਾ ਕੰਮ ਚਲ ਰਿਹਾ ਹੋ ਸਕਦਾ ਹੈ ਜਾਂ ਗੱਡੀਆਂ, ਟਰੱਕਾਂ, ਮੋਟਰਸਾਈਕਲਾਂ, ਸਾਈਕਲ ਸਵਾਰਾਂ, ਅਤੇ ਪੈਦਲ ਚੱਲਣ ਵਾਲਿਆਂ ਨਾਲ ਭਰੀਆਂ ਹੋ ਸਕਦੀਆਂ ਹਨ। ਇਹ ਉਹ ਪਲ ਹੁੰਦੇ ਹਨ ਜਿਨ੍ਹਾਂ ਵਿੱਚ ਤੁਹਾਨੂੰ ਵਧੇਰੇ ਸਹਿਣਸ਼ੀਲ ਅਤੇ ਵਿਚਾਰਸ਼ੀਲ ਹੋਣ ਦੀ ਲੋੜ ਹੁੰਦੀ ਹੈ। ਜੇ ਤੁਸੀਂ ਇਹ ਯਾਦ ਰੱਖੋ ਕਿ ਜ਼ਿੰਦਗੀ ਮੁਸ਼ਕਲ ਹੋ ਸਕਦੀ ਹੈ ਅਤੇ ਜ਼ਿਆਦਾਤਰ ਲੋਕ ਆਪਣੀ ਪੂਰੀ ਕੋਸ਼ਿਸ਼ ਕਰ ਰਹੇ ਹਨ ਤਾਂ ਹੋ ਸਕਦਾ ਹੈ ਕਿ ਤੁਹਾਨੂੰ ਸੜਕ 'ਤੇ ਸਫ਼ਰ ਕਰਨਾ ਵਧੇਰੇ ਆਸਾਨ ਲੱਗੇ।

ਸਭ ਤੋਂ ਜ਼ਰੂਰੀ ਚੀਜ਼ ਹੈ ਸ਼ਿਸ਼ਟਾਚਾਰ, ਸਤਿਕਾਰ ਅਤੇ ਦੂਜਿਆਂ ਪ੍ਰਤੀ ਜਾਗਰੂਕਤਾ। ਤੁਹਾਡੀ ਪਰਵਾਹ ਅਤੇ ਵਿਚਾਰਸ਼ੀਲਤਾ ਕਿਸੇ ਦੀ ਜਾਨ ਬਚਾ ਸਕਦੀ ਹੈ ਜਾਂ ਤੁਹਾਨੂੰ ਖੁਦ ਨੂੰ ਗੰਭੀਰ ਸੱਟ ਲੱਗਣ ਜਾਂ ਮੌਤ ਹੋਣ ਤੋਂ ਬਚਾ ਸਕਦੀ ਹੈ।

## 4.1 | ਲੋਕਾਂ ਨਾਲ ਸੜਕ ਸਾਂਝੀ ਕਰਨਾ

**ਹਮੇਸ਼ਾ ਪੈਦਲ ਚੱਲਣ ਵਾਲਿਆਂ ਨੂੰ ਨਿਕਲਣ ਲਈ ਰਾਹ ਦਿਓ।**

ਪੈਦਲ ਚੱਲਣ ਵਾਲਿਆਂ ਅਤੇ ਸਾਈਕਲ ਸਵਾਰਾਂ ਨੂੰ ਕ੍ਰਾਸਵਾਕ ਅਤੇ ਚੌਰਾਹਿਆਂ 'ਤੇ ਪਹਿਲਾਂ ਨਿਕਲਣ ਦਾ ਅਧਿਕਾਰ ਹੁੰਦਾ ਹੈ, **ਭਾਵੇਂ ਸੜਕ 'ਤੇ ਨਿਸ਼ਾਨ ਲੱਗੇ ਹੋਣ ਜਾਂ ਨਹੀਂ।**

- ਅੱਗੇ ਵਧਣ ਤੋਂ ਪਹਿਲਾਂ ਉਦੋਂ ਤੱਕ **ਉਡੀਕ** ਕਰੋ ਜਦੋਂ ਤੱਕ ਕਿ ਪੈਦਲ ਚੱਲਣ ਵਾਲਾ ਵਿਅਕਤੀ ਤੁਹਾਡੀ ਲੇਨ ਅਤੇ ਇੱਕ ਹੋਰ ਲੇਨ ਨੂੰ ਪਾਰ ਨਾ ਕਰ ਲਵੇ। ਜੇ ਪੈਦਲ ਚੱਲਣ ਵਾਲਾ ਵਿਅਕਤੀ ਵ੍ਹੀਲਚੇਅਰ, ਸੋਟੀ, ਗਾਈਡ ਕੁੱਤੇ, ਜਾਂ ਹੋਰ ਸੇਵਾ ਕਰਨ ਵਾਲੇ ਜਾਨਵਰ ਦੀ ਵਰਤੋਂ ਕਰ ਰਿਹਾ ਹੈ, ਤਾਂ ਅੱਗੇ ਵਧਣ ਤੋਂ ਪਹਿਲਾਂ ਉਦੋਂ ਤੱਕ ਉਡੀਕ ਕਰੋ ਜਦੋਂ ਤੱਕ ਕਿ ਉਨ੍ਹਾਂ ਨੇ ਪੂਰੀ ਤਰ੍ਹਾਂ ਸੜਕ ਪਾਰ ਨਾ ਕਰ ਲਈ ਹੋਵੇ।
- ਕਿਸੇ ਪੈਦਲ ਚੱਲਣ ਵਾਲੇ ਜਾਂ ਸਾਈਕਲ ਸਵਾਰ ਤੋਂ ਅੱਗੇ ਲੰਘਣ (ਪਾਸ ਕਰਨ) ਲਈ ਸਾਹਮਣਿਓਂ ਆ ਰਹੇ ਟ੍ਰੈਫਿਕ ਵਿੱਚ ਗੱਡੀ **ਨਾ** ਚਲਾਓ।

ਉਨ੍ਹਾਂ ਲੋਕਾਂ ਵੱਲ ਧਿਆਨ ਦਿਓ:

- **ਜੋ ਤੁਹਾਨੂੰ ਦੇਖ ਨਹੀਂ ਸਕਦੇ ਹਨ,** ਜਿਵੇਂ ਕਿ ਇਮਾਰਤਾਂ ਜਾਂ ਕਾਰਾਂ ਦੇ ਪਿੱਛੇ ਮੌਜੂਦ ਲੋਕ, ਪੈਦਲ ਚੱਲਣ ਵਾਲੇ ਲੋਕ ਜਿਨ੍ਹਾਂ ਦੀ ਪਿੱਠ ਤੁਹਾਡੇ ਵੱਲ ਹੈ, ਅਤੇ ਟੋਪੀਆਂ ਪਹਿਨੇ ਜਾਂ ਛਤਰੀਆਂ ਵਰਤਣ ਵਾਲੇ ਲੋਕ।
- **ਜਿਨ੍ਹਾਂ ਦਾ ਧਿਆਨ ਭਟਕਿਆ ਹੋਇਆ ਹੈ,** ਜਿਵੇਂ ਕਿ ਬੱਚੇ, ਡਿਲੀਵਰੀ ਕਰਨ ਵਾਲੇ ਲੋਕ, ਸੜਕਾਂ 'ਤੇ ਕੰਮ ਕਰਨ ਵਾਲੇ ਕਰਮੀ, ਅਤੇ ਆਪਣੇ ਫੋਨ ਦੀ ਵਰਤੋਂ ਕਰ ਰਹੇ ਜਾਂ ਹੈੱਡਫੋਨ ਲਗਾ ਕੇ ਤੁਰ ਰਹੇ ਲੋਕ।
- **ਜੋ ਉਲਝੇ ਹੋਏ ਹੋ ਸਕਦੇ ਹਨ,** ਜਿਵੇਂ ਕਿ ਸੈਲਾਨੀ ਅਤੇ ਕਿਸੇ ਨਕਸ਼ੇ ਨੂੰ ਫਾਲੋ ਕਰ ਰਹੇ ਜਾਂ ਕੋਈ ਨਵੀਂ ਥਾਂ ਲੱਭ ਰਹੇ ਲੋਕ।
- **ਜੋ ਵ੍ਹੀਲਚੇਅਰ,** ਸੋਟੀ, ਜਾਂ ਸੇਵਾ ਕਰਨ ਵਾਲੇ ਜਾਨਵਰ ਦੀ ਵਰਤੋਂ ਕਰ ਰਹੇ ਹਨ। ਸੇਵਾ ਕਰਨ ਵਾਲੇ ਜਾਨਵਰ ਦੇ ਰਾਹ ਵਿੱਚ ਰੁਕਾਵਟ ਪਾਉਣਾ ਗੈਰਕਾਨੂੰਨੀ ਹੈ। ਹਾਰਨ ਨਾ ਵਜਾਓ। ਇਸ ਨਾਲ ਜਾਨਵਰ ਜਾਂ ਪੈਦਲ ਚੱਲਣ ਵਾਲਾ ਵਿਅਕਤੀ ਘਬਰਾ ਸਕਦਾ ਹੈ ਜਾਂ ਡਰ ਸਕਦਾ ਹੈ।

## 4.2 | ਸਕੂਲ ਬੱਸਾਂ ਨਾਲ ਸੜਕ ਸਾਂਝੀ ਕਰਨਾ



**ਸਕੂਲ ਬੱਸ ਵਿੱਚ ਬੱਚਿਆਂ ਨੂੰ ਚੜ੍ਹਾਉਣਾ ਅਤੇ ਉਤਾਰਨਾ ਸੰਭਾਵੀ ਤੌਰ 'ਤੇ ਇੱਕ ਖਤਰਨਾਕ ਸਥਿਤੀ ਹੁੰਦੀ ਹੈ।**

ਸਕੂਲ ਜਾਣ ਵਾਲੀ ਉਮਰ ਦੇ ਬੱਚਿਆਂ ਬਾਰੇ ਹਮੇਸ਼ਾ ਪਹਿਲਾਂ ਤੋਂ ਅਨੁਮਾਨ ਨਹੀਂ ਲਗਾਇਆ ਜਾ ਸਕਦਾ ਜਾਂ ਉਹ ਖਤਰੇ ਬਾਰੇ ਜਾਣੂ ਨਹੀਂ ਹੁੰਦੇ। ਜਦੋਂ ਉਹ ਬੱਸ 'ਤੇ ਚੜ੍ਹਦੇ ਜਾਂ ਉਤਰਦੇ ਹੋਣ ਤਾਂ ਇਹ ਪੱਕਾ ਕਰ ਲਓ ਕਿ ਤੁਸੀਂ ਉਨ੍ਹਾਂ ਬਾਰੇ ਸੋਚ-ਵਿਚਾਰ ਕਰਕੇ ਸਾਵਧਾਨੀ ਵਰਤਦੇ ਹੋ। ਸਬਰ ਰੱਖੋ ਅਤੇ ਗਤੀ ਸੀਮਾ ਅਤੇ ਸਕੂਲ ਬੱਸ ਦੇ ਸਿਗਨਲਾਂ ਦੀ ਪਾਲਣਾ ਕਰੋ।

ਸਕੂਲ ਬੱਸ ਦੀਆਂ ਲਾਈਟਾਂ ਟ੍ਰੈਫਿਕ ਸਿਗਨਲਾਂ ਵਾਂਗ ਹੀ ਹੁੰਦੀਆਂ ਹਨ: ਲਾਲ ਦਾ ਮਤਲਬ ਹੈ ਰੁਕੋ, ਅਤੇ ਪੀਲੀ ਦਾ ਮਤਲਬ ਹੈ ਸਾਵਧਾਨ ਹੋ ਜਾਓ ਜਾਂ ਗੱਡੀ ਹੌਲੀ ਕਰ ਲਓ।




## ਜਦੋਂ ਤੁਸੀਂ ਬੱਸ ਦੇ ਪਿੱਛੇ ਹੋਵੋ

**ਜਦੋਂ ਲਾਲ ਲਾਈਟਾਂ ਫਲੈਸ਼ ਕਰਦੀਆਂ ਹੋਣ ਤਾਂ ਬੱਸ ਦੇ ਕੋਲੋਂ ਅੱਗੇ ਲੰਘਣਾ ਗੈਰਕਾਨੂੰਨੀ ਹੁੰਦਾ ਹੈ।**

ਕਦੇ ਵੀ ਫਲੈਸ਼ ਕਰਦੀਆਂ ਹੋਇਆਂ ਲਾਈਟਾਂ ਵਾਲੀ ਸਕੂਲ ਬੱਸ ਦੇ ਕੋਲੋਂ ਅੱਗੇ ਨਾ ਲੰਘੋ। ਲਾਈਟਾਂ ਅਤੇ ਸੰਕੇਤ ਤੁਹਾਨੂੰ ਦੱਸਦੇ ਹਨ ਕਿ ਬੱਚੇ ਨੇੜੇ ਹਨ ਅਤੇ ਬੱਸ ਵਿੱਚ ਚੜ੍ਹ ਰਹੇ ਹਨ/ਇਸਤੋਂ ਉਤਰ ਰਹੇ ਹਨ।

- ਬੱਸ ਦੀ ਦਿਸ਼ਾ ਵਿੱਚ ਯਾਤਰਾ ਕਰ ਰਹੇ ਸਾਰੇ ਡਰਾਈਵਰਾਂ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਜਦੋਂ ਲਾਲ ਲਾਈਟਾਂ ਫਲੈਸ਼ ਹੋਣ ਅਤੇ ਰੁਕੋ ਦਾ ਚਿੰਨ੍ਹ ਬਾਹਰ ਵੱਲ ਨਿਕਲਿਆ ਹੋਵੇ, ਤਾਂ ਉਹ ਰੁਕ ਜਾਣ।
- ਸਕੂਲ ਬੱਸ ਕੋਲੋਂ ਅੱਗੇ ਲੰਘਣ ਵਾਸਤੇ ਵਿਚਕਾਰ ਵਾਲੀ ਮੁੜਣ ਦੀ ਲੇਨ ਦੀ ਵਰਤੋਂ ਨਾ ਕਰੋ। ਮੁੜਣ ਵਾਲੀਆਂ ਸਾਰੀਆਂ ਲੇਨਾਂ ਵਿੱਚ ਮੌਜੂਦ ਡਰਾਈਵਰਾਂ ਦਾ ਰੁਕਣਾ ਲਾਜ਼ਮੀ ਹੁੰਦਾ ਹੈ।
- ਜਦੋਂ ਲਾਈਟਾਂ ਫਲੈਸ਼ ਹੋਣੀਆਂ ਬੰਦ ਹੋ ਜਾਣ, ਸੰਕੇਤ ਬੰਦ ਕਰ ਦਿੱਤਾ ਗਿਆ ਹੋਵੇ, ਅਤੇ ਮੈਟਲ ਆਰਮ (ਧਾਤ ਵਾਲੇ ਹੱਥੀ) ਬੱਸ ਦੇ ਮੂਹਰਲੇ ਅੱਗੇ ਦੇ ਬੰਪਰ 'ਤੇ ਵਾਪਸ ਆ ਜਾਵੇ, ਉਸ ਵੇਲੇ ਤੁਸੀਂ ਅੱਗੇ ਜਾ ਸਕਦੇ ਹੋ।
- ਲਾਲ ਲਾਈਟਾਂ ਦਾ ਫਲੈਸ਼ ਕਰਨਾ ਬੰਦ ਹੋਣ ਤੋਂ ਬਾਅਦ ਵੀ ਬੱਚਿਆਂ 'ਤੇ ਨਜ਼ਰ ਰੱਖਣੀ ਜਾਰੀ ਰੱਖੋ।




## ਜਦੋਂ ਤੁਸੀਂ ਬੱਸ ਦੇ ਮੂਹਰੇ ਹੋਵੋ

### 2-ਲੇਨ ਵਾਲੀ ਸੜਕ 'ਤੇ

ਜਦੋਂ ਲਾਲ ਲਾਈਟਾਂ ਫਲੈਸ਼ ਹੁੰਦਿਆਂ ਹੋ ਰਹੀਆਂ ਹੋਣ ਅਤੇ ਰੁਕੋ ਦਾ ਚਿੰਨ੍ਹ ਬਾਹਰ ਵੱਲ ਨਿਕਲਿਆ ਹੋਵੇ ਤਾਂ ਸਾਰੀਆਂ ਗੱਡੀਆਂ ਨੂੰ ਰੁਕਣਾ ਪਵੇਗਾ। ਜਦੋਂ ਲਾਈਟਾਂ ਫਲੈਸ਼ ਹੋਣੀਆਂ ਬੰਦ ਹੋ ਜਾਣ, ਸੰਕੇਤ ਬੰਦ ਕਰ ਦਿੱਤਾ ਗਿਆ ਹੋਵੇ, ਅਤੇ ਮੈਟਲ ਆਰਮ (ਧਾਤ ਵਾਲੇ ਹੱਥੀ) ਬੱਸ ਦੇ ਮੂਹਰਲੇ ਅੱਗੇ ਦੇ ਬੰਪਰ 'ਤੇ ਵਾਪਸ ਆ ਜਾਵੇ, ਤਾਂ ਤੁਸੀਂ ਉਲਟ ਦਿਸ਼ਾ ਵਿੱਚ ਸਫ਼ਰ ਕਰਨਾ ਫਿਰ ਤੋਂ ਸ਼ੁਰੂ ਕਰ ਸਕਦੇ ਹੋ।



### ਇੱਕ ਤੋਂ ਵੱਧ ਲੇਨਾਂ ਵਾਲੀ ਸੜਕ 'ਤੇ

- ਬੱਸ ਦੇ ਪਿੱਛੇ ਚੱਲ ਰਹੇ ਡਰਾਈਵਰਾਂ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਜਦੋਂ ਲਾਲ ਲਾਈਟਾਂ ਫਲੈਸ਼ ਹੋਣ ਅਤੇ ਰੁਕੋ ਦਾ ਚਿੰਨ੍ਹ ਬਾਹਰ ਵੱਲ ਨਿਕਲਿਆ ਹੋਵੇ, ਤਾਂ ਉਹ ਰੁਕ ਜਾਣ।
- ਬੱਸ ਤੋਂ ਉਲਟ ਦਿਸ਼ਾ ਵਿੱਚ ਚੱਲ ਰਹੇ ਡਰਾਈਵਰਾਂ ਨੂੰ ਲਾਲ ਲਾਈਟਾਂ ਫਲੈਸ਼ ਹੋਣ ਜਾਂ ਰੁਕੋ ਦਾ ਚਿੰਨ੍ਹ ਬਾਹਰ ਵੱਲ ਨਿਕਲੇ ਹੋਣ 'ਤੇ ਰੁਕਣ ਦੀ ਲੋੜ ਨਹੀਂ ਹੁੰਦੀ, **ਜੇ:**
    - **ਤਿੰਨ ਜਾਂ ਉਸ ਤੋਂ ਵੱਧ ਲੇਨਾਂ ਹਨ।**
    - **ਲੇਨਾਂ ਨੂੰ ਇੱਕ ਮੀਡੀਅਨ ਜਾਂ ਬੈਰੀਅਰ ਨਾਲ ਵੱਖ ਕੀਤਾ ਗਿਆ ਹੈ।**






## 4.3 | ਟ੍ਰਾਂਜ਼ਿਟ ਬੱਸਾਂ ਨਾਲ ਸੜਕ ਸਾਂਝੀ ਕਰਨਾ

ਤੁਹਾਡੇ ਵਾਂਗ ਇੱਕੋ ਹੀ ਦਿਸ਼ਾ ਵਿੱਚ ਜਾ ਰਹੇ ਅਜਿਹੇ ਕਿਸੇ ਵੀ ਜਨਤਕ ਵਾਹਨ ਨੂੰ ਪਹਿਲਾਂ ਨਿਕਲਣ ਲਈ ਰਾਹ ਦਿਓ ਜਿਸਨੇ ਸਿਗਨਲ ਦਿੱਤਾ ਹੋਇਆ ਹੈ ਅਤੇ ਜੋ ਸੜਕ ਉੱਤੇ ਵਾਪਸ ਮੁੜ ਰਿਹਾ ਹੈ।

## 4.4 | ਵੱਡੀਆਂ ਗੱਡੀਆਂ ਨਾਲ ਸੜਕ ਸਾਂਝੀ ਕਰਨਾ

ਵੱਡੇ ਟਰੱਕਾਂ ਅਤੇ ਬੱਸਾਂ ਨਾਲ ਸੁਰੱਖਿਅਤ ਢੰਗ ਨਾਲ ਸੜਕ ਸਾਂਝੀ ਕਰਨ ਲਈ ਉਨ੍ਹਾਂ ਦੀਆਂ ਖਾਸ ਸੀਮਾਵਾਂ (ਪਾਬੰਦੀਆਂ) ਬਾਰੇ ਜਾਣਕਾਰੀ ਹੋਣੀ ਜ਼ਰੂਰੀ ਹੁੰਦੀ ਹੈ। ਵੱਡੀਆਂ ਗੱਡੀਆਂ ਦੇ ਆਲੇ-ਦੁਆਲੇ ਗੱਡੀ ਚਲਾਉਣ ਵੇਲੇ ਤੁਹਾਨੂੰ ਵਧੇਰੇ ਵੇਲੇ ਅਤੇ ਥਾਂ ਦੀ ਲੋੜ ਹੁੰਦੀ ਹੈ। ਜਦੋਂ ਤੁਸੀਂ ਸੜਕ 'ਤੇ ਵੱਡੀਆਂ ਗੱਡੀਆਂ ਦੇ ਨੇੜੇ ਹੁੰਦੇ ਹੋ, ਤਾਂ ਇਨ੍ਹਾਂ ਚੀਜ਼ਾਂ ਵੱਲ ਖਾਸ ਧਿਆਨ ਦਿਓ:

**ਦਿਸਣਯੋਗਤਾ।** ਵੱਡੀਆਂ ਗੱਡੀਆਂ ਦੇ ਪਿੱਛੇ ਗੱਡੀ ਚਲਾਉਣ ਵੇਲੇ, ਆਪਣੀ ਪਿੱਛੇ ਚੱਲਣ ਦੀ ਦੂਰੀ ਇੰਨੀ ਬਣਾਈ ਰੱਖੋ ਕਿ ਤਾਂ ਜੋ ਤੁਹਾਨੂੰ ਅੱਗੇ ਵਾਲੀ ਸੜਕ ਦਾ ਵੱਡਾ ਚੌੜਾ ਹਿੱਸਾ ਦਿਖਾਈ ਦੇ ਸਕੇ।

**ਬਲਾਈਂਡ ਜ਼ੋਨ।** ਜੇ ਤੁਸੀਂ ਕਿਸੇ ਵੱਡੀ ਗੱਡੀ ਦੇ ਨੇੜੇ ਗੱਡੀ ਚਲਾ ਰਹੇ ਹੋ ਅਤੇ ਡਰਾਈਵਰ ਦੇ ਸ਼ੀਸ਼ੇ ਨਹੀਂ ਦੇਖ ਪਾ ਰਹੇ ਹੋ, ਤਾਂ ਡਰਾਈਵਰ ਵੀ ਤੁਹਾਨੂੰ ਨਹੀਂ ਦੇਖ ਸਕੇਗਾ। ਵੱਡੀਆਂ ਗੱਡੀਆਂ ਦੇ ਦੋਵੇਂ ਪਾਸੇ ਅਜਿਹੇ ਬਲਾਈਂਡ ਜ਼ੋਨ ਹੁੰਦੇ ਹਨ ਜਿੱਥੋਂ ਡਰਾਈਵਰ ਤੁਹਾਨੂੰ ਨਹੀਂ ਦੇਖ ਸਕਦਾ ਹੈ। ਲੰਬੇ ਵੇਲੇ ਤੱਕ ਵੱਡੀਆਂ ਗੱਡੀਆਂ ਦੇ ਨਾਲ-ਨਾਲ ਗੱਡੀ ਚਲਾਉਣ ਤੋਂ ਪਰਹੇਜ਼ ਕਰੋ।

**ਰੁਕਣਾ।** ਵੱਡੀਆਂ ਗੱਡੀਆਂ ਛੋਟੀਆਂ ਗੱਡੀਆਂ ਦੀ ਤੁਲਨਾ ਵਿੱਚ ਤੇਜ਼ੀ ਨਾਲ ਨਹੀਂ ਰੁਕ ਸਕਦੀਆਂ ਹਨ। 55 ਮੀਲ ਪ੍ਰਤੀ ਘੰਟਾ (Miles per hour, mph) ਦੀ ਗਤੀ 'ਤੇ ਚੱਲ ਰਹੇ, ਇੱਕ ਲੋਡ ਕੀਤੇ ਹੋਏ ਟਰੱਕ ਨੂੰ ਸਹੀ ਤਰੀਕੇ ਨਾਲ ਸਮਾਯੋਜਿਤ ਕੀਤੀਆਂ ਹੋਈਆਂ ਬ੍ਰੇਕਾਂ ਦੇ ਨਾਲ ਪੂਰੀ ਤਰ੍ਹਾਂ ਰੁਕਣ ਵਿੱਚ 450 ਮੀਲ ਪ੍ਰਤੀ ਘੰਟਾ (Miles per hour, mph) ਫੁੱਟ ਦੀ ਦੂਰੀ ਚਾਹੀਦੀ ਹੁੰਦੀ ਹੈ। ਲੋੜੀਂਦੀ ਥਾਂ ਨਾ ਹੋਣ 'ਤੇ ਅਚਾਨਕ ਉਨ੍ਹਾਂ ਦੇ ਸਾਮ੍ਹਣੇ ਆ ਜਾਣਾ ਹਰ ਕਿਸੇ ਲਈ ਖਤਰਨਾਕ ਹੁੰਦਾ ਹੈ।

**ਲੇਨ ਵਿੱਚ ਮਿਲਣਾ।** ਜਦੋਂ ਤੁਸੀਂ ਕਿਸੇ ਵੱਡੀ ਗੱਡੀ ਦੇ ਅੱਗੇ ਟ੍ਰੈਫਿਕ ਵਿੱਚ ਪ੍ਰਵੇਸ਼ ਕਰਦੇ ਹੋ, ਤਾਂ ਉਸਦੇ ਸਾਮ੍ਹਣੇ ਲੇਨ ਵਿੱਚ ਮਿਲਣ (ਟ੍ਰੈਫਿਕ ਵਿੱਚ ਰਲਣ) ਤੋਂ ਪਹਿਲਾਂ ਉਦੋਂ ਤੱਕ ਉਡੀਕ ਕਰੋ ਜਦੋਂ ਤੱਕ ਕਿ ਤੁਹਾਨੂੰ ਆਪਣੀ ਗੱਡੀ ਦੇ ਪਿੱਛੇ ਦੇਖਣ ਵਾਲੇ ਸ਼ੀਸ਼ਿਆਂ ਵਿੱਚ ਉਸ ਦੀਆਂ ਦੋਵੇਂ ਹੈੱਡਲਾਈਟਾਂ ਸਾਫ਼ ਤੌਰ 'ਤੇ ਦਿਖਾਈ ਨਾ ਦੇਣ। ਲੇਨ ਵਿੱਚ ਮਿਲਣ ਤੋਂ ਬਾਅਦ, ਟ੍ਰੈਫਿਕ ਦੀ ਚਾਲ ਨੂੰ ਬਣਾਈ ਰੱਖੋ ਤਾਂ ਜੋ ਦੂਜੇ ਡ੍ਰਾਈਵਰਾਂ 'ਤੇ ਪੈਣ ਵਾਲੇ ਅਸਰ ਨੂੰ ਘਟਾਇਆ ਜਾ ਸਕੇ।

**ਮੋੜਨ ਲਈ ਥਾਂ।** ਕਿਸੇ ਚੀਜ਼ ਨਾਲ ਟਕਰਾਉਣ ਤੋਂ ਬਚਣ ਵਾਸਤੇ, ਵੱਡੀਆਂ ਗੱਡੀਆਂ ਨੂੰ ਇੱਕ ਮੋੜ ਨੂੰ ਪੂਰਾ ਕਰਨ ਲਈ ਇੱਕ ਤੋਂ ਵੱਧ ਲੇਨਾਂ ਦੀ ਲੋੜ ਹੋ ਸਕਦੀ ਹੈ। ਗੋਲਚੱਕਰ ਵਿੱਚ ਵੀ ਉਨ੍ਹਾਂ ਨੂੰ 2 ਲੇਨਾਂ ਜਿੰਨੀ ਥਾਂ ਦੀ ਲੋੜ ਹੁੰਦੀ ਹੈ। ਜਦੋਂ ਕਿਸੇ ਵੱਡੀ ਗੱਡੀ ਦਾ ਡਰਾਈਵਰ ਗੱਡੀ ਮੋੜ ਰਿਹਾ ਹੋਵੇ ਤਾਂ ਉਸ ਕੋਲੋਂ ਅੱਗੇ ਨਾ ਲੰਘੋ। ਇਹ ਵੱਡੀਆਂ ਗੱਡੀਆਂ ਨਾਲ ਹੋਣ ਵਾਲੀਆਂ ਟੱਕਰਾਂ ਦਾ ਸਭ ਤੋਂ ਆਮ ਕਾਰਨ ਹੈ। ਸਬਰ ਰੱਖੋ ਅਤੇ ਅੱਗੇ ਵਧਣ ਤੋਂ ਪਹਿਲਾਂ ਉਦੋਂ ਤੱਕ ਉਡੀਕ ਕਰੋ ਜਦੋਂ ਤੱਕ ਕਿ ਉਨ੍ਹਾਂ ਦਾ ਮੋੜ ਪੂਰਾ ਨਹੀਂ ਹੋ ਜਾਂਦਾ।

**ਖਤਰਨਾਕ ਸਮੱਗਰੀਆਂ।** ਜਦੋਂ ਤੁਸੀਂ ਗੱਡੀ ਚਲਾ ਰਹੇ ਹੋਵੋ, ਤਾਂ ਉਨ੍ਹਾਂ ਗੱਡੀਆਂ ਤੋਂ ਚੁਕੰਨੇ ਰਹੋ ਜਿਨ੍ਹਾਂ 'ਤੇ ਇਹ ਸੰਕੇਤ ਲੱਗੇ ਹੋਣ ਕਿ ਉਹ ਖਤਰਨਾਕ ਸਮੱਗਰੀਆਂ ਲੈ ਕੇ ਜਾ ਰਹੀਆਂ ਹਨ। ਜਦੋਂ ਵੀ ਸੰਭਵ ਹੋਵੇ, ਉਨ੍ਹਾਂ ਦੇ ਨੇੜੇ ਗੱਡੀ ਚਲਾਉਣ ਤੋਂ ਬਚੋ।

**ਲੰਬੀਆਂ, ਢਲਵਾਂ ਚੜ੍ਹਾਈਆਂ।** ਢਲਵਾਂ ਚੜ੍ਹਾਈਆਂ ਵਾਲੀਆਂ ਸੜਕਾਂ ਦੇ ਉੱਤੇ ਜਾਂ ਹੇਠਾਂ ਜਾਂਦੇ ਵੇਲੇ, ਵੱਡੀਆਂ ਗੱਡੀਆਂ ਹੌਲੀ ਰਫ਼ਤਾਰ ਨਾਲ ਚੱਲਦੀਆਂ ਹਨ। ਸੱਜੀ ਲੇਨ ਵਿੱਚ ਮੱਠੀ ਰਫ਼ਤਾਰ ਨਾਲ ਚੱਲਦੀਆਂ ਗੱਡੀਆਂ ਨਾਲ ਸਾਹਮਣਾ ਹੋਣ ਲਈ ਤਿਆਰ ਰਹੋ।



## ਬਰਫ਼ ਹਟਾਉਣ ਵਾਲੇ ਉਪਕਰਣ

ਬਰਫ਼ ਹਟਾਉਣ ਵਾਲੇ ਉਪਕਰਣਾਂ ਦੇ ਨੇੜੇ ਗੱਡੀ ਚਲਾਉਣ ਵੇਲੇ ਸਾਵਧਾਨੀ ਵਰਤੋ। ਬਰਫ਼ ਹਟਾਉਣ ਵਾਲੇ ਉਪਕਰਣ ਬਰਫ਼ ਨੂੰ ਸੜਕ ਉੱਤੇ ਧੱਕ ਸਕਦੇ ਹਨ, ਜਿਸ ਨਾਲ ਬਰਫ਼ੀਲੇ ਤੂਫ਼ਾਨ ਵਰਗੀ ਸਥਿਤੀ ਪੈਦਾ ਹੋ ਸਕਦੀ ਹੈ। ਇਸ ਨਾਲ ਬਹੁਤ ਨੇੜੇ ਗੱਡੀ ਚਲਾਉਣ ਵਾਲੇ ਡਰਾਈਵਰਾਂ ਲਈ ਦਿਸਣਯੋਗਤਾ ਘੱਟ ਸਕਦੀ ਹੈ।

# 4.5 | ਮੋਟਰਸਾਈਕਲਾਂ ਨਾਲ ਸੜਕ ਸਾਂਝੀ ਕਰਨਾ

ਮੋਟਰਸਾਈਕਲ ਸਵਾਰਾਂ ਦੀ ਵੀ ਦੂਜੇ ਸੜਕ ਵਰਤਣ ਵਾਲਿਆਂ ਜਿੰਨੇ ਹੀ ਅਧਿਕਾਰ ਅਤੇ ਜ਼ਿੰਮੇਵਾਰੀਆਂ ਹੁੰਦੀਆਂ ਹਨ। ਉਹ ਵੀ ਉਨ੍ਹਾਂ ਹੀ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਦੇ ਹਨ। ਹਾਲਾਂਕਿ, ਕਿਉਂਕਿ ਮੋਟਰਸਾਈਕਲ ਛੋਟੇ ਵਾਹਨ ਹੁੰਦੇ ਹਨ, ਇਸ ਕਰਕੇ ਉਹ ਵਧੇਰੇ ਅਸੁਰੱਖਿਅਤ ਹੁੰਦੇ ਹਨ ਅਤੇ ਉਨ੍ਹਾਂ ਨੂੰ ਦੇਖਣਾ ਜ਼ਿਆਦਾ ਔਖਾ ਹੁੰਦਾ ਹੈ। ਮੋਟਰਸਾਈਕਲਾਂ ਨੂੰ ਸਕੈਨ ਕਰਨ ਦੀ ਆਦਤ ਪਾਓ ਅਤੇ ਉਨ੍ਹਾਂ ਦੇ ਆਲੇ-ਦੁਆਲੇ ਚੁਕੰਨੇ ਰਹੋ।




## ਪਿੱਛੇ ਚੱਲਣਾ

ਜਦੋਂ ਕਿਸੇ ਮੋਟਰਸਾਈਕਲ ਦੇ ਪਿੱਛੇ ਗੱਡੀ ਚੱਲਾ ਰਹੇ ਹੋਵੋ ਤਾਂ ਆਪਣੇ ਮੂਹਰੇ ਰੁਕਣ ਵਾਸਤੇ ਬਹੁਤ ਸਾਰੀ ਥਾਂ ਖਾਲੀ ਛੱਡੋ। ਕਿਸੇ ਐਮਰਜੈਂਸੀ ਸਥਿਤੀ ਵਿੱਚ ਸੁਰੱਖਿਅਤ ਢੰਗ ਨਾਲ ਰੁਕਣ ਵਾਸਤੇ ਤੁਹਾਡੇ ਕੋਲ ਬਥੇਰਾ ਸਮਾਂ ਹੋਣਾ ਚਾਹੀਦਾ ਹੈ। ਮੌਸਮੀ ਸਥਿਤੀਆਂ ਅਤੇ ਫਿਸਲਣ ਵਾਲੀਆਂ ਪੱਧਰਾਂ ਮੋਟਰਸਾਈਕਲ ਸਵਾਰਾਂ ਵਾਸਤੇ ਗੰਭੀਰ ਮੁਸ਼ਕਲਾਂ ਪੈਦਾ ਕਰ ਸਕਦੀਆਂ ਹਨ। ਜਦੋਂ ਬਾਰਸ਼ ਪੈ ਰਹੀ ਹੋਵੇ ਜਾਂ ਸੜਕ ਦਾ ਪੱਧਰ ਫਿਸਲਣ ਭਰਿਆ ਹੋਵੇ ਤਾਂ ਪਿੱਛੇ ਚੱਲਣ ਵੇਲੇ ਹੋਰ ਵੀ ਜ਼ਿਆਦਾ ਥਾਂ ਛੱਡੋ।



## ਲੇਨਾਂ

ਮੋਟਰਸਾਈਕਲ ਸਵਾਰ ਆਪਣੀ ਲੇਨ ਵਿੱਚ ਲਗਾਤਾਰ ਸਥਿਤੀ ਬਦਲਦੇ ਰਹਿੰਦੇ ਹਨ, ਤਾਂ ਜੋ ਉਹ ਦੇਖ ਸਕਣ ਅਤੇ ਦੂਜੇ ਵੀ ਉਨ੍ਹਾਂ ਨੂੰ ਦੇਖ ਸਕਣ, ਅਤੇ ਸੜਕ ਵਿੱਚ ਪਈਆਂ ਚੀਜ਼ਾਂ ਤੋਂ ਉਹ ਬਚ ਸਕਣ। ਉਨ੍ਹਾਂ ਨੂੰ ਦੂਜੀਆਂ ਸਾਰੀਆਂ ਗੱਡੀਆਂ ਵਾਂਗ ਲੇਨ ਦੀ ਓਨੀ ਹੀ ਚੌੜਾਈ ਵਿੱਚ ਚੱਲਣ ਦਾ ਅਧਿਕਾਰ ਹੁੰਦਾ ਹੈ। ਕਦੇ ਕਿਸੇ ਮੋਟਰਸਾਈਕਲ ਸਵਾਰ ਦੇ ਨਾਲ ਇੱਕੋ ਲਾਈਨ ਵਿੱਚ ਨਾ ਚੱਲੋ, ਭਾਵੇਂ ਲੇਨ ਚੌੜੀ ਹੀ ਕਿਉਂ ਨਾ ਹੋਵੇ ਅਤੇ ਮੋਟਰਸਾਈਕਲ ਸਵਾਰ ਇੱਕ ਪਾਸੇ ਵੱਲ ਨੂੰ ਕਿਉਂ ਨਾ ਚੱਲ ਰਿਹਾ ਹੋਵੇ।



## ਮੋੜ ਮੁੜਨਾ

ਮੋਟਰਸਾਈਕਲ ਸਵਾਰ ਅਕਸਰ ਬਲਾਈਂਡ ਜ਼ੋਨਾਂ ਵਿੱਚ ਲੁਕੇ ਹੁੰਦੇ ਹਨ ਜਾਂ ਦਿਖਾਈ ਨਹੀਂ ਦਿੰਦੇ। ਇਹ ਪੱਕਾ ਕਰਨ ਲਈ ਕਿ ਤੁਹਾਡੀ ਬਲਾਈਂਡ ਜ਼ੋਨ ਖਾਲੀ ਹੈ, ਮੋਢੇ ਉੱਪਰੋਂ ਦੇਖਦੇ ਹੋਏ ਚੈੱਕ ਕਰੋ। ਉਦਾਹਰਨ ਲਈ, ਜੇ ਤੁਸੀਂ ਸੱਜੇ ਮੁੜ ਰਹੇ ਹੋ, ਤਾਂ ਖੱਬੇ ਪਾਸੇ ਦੇਖੋ, ਸੱਜੇ ਪਾਸੇ ਦੇਖੋ, ਅਤੇ ਫਿਰ ਦੁਬਾਰਾ ਖੱਬੇ ਪਾਸੇ ਦੇਖੋ। ਦੋ ਵਾਰ ਦੇਖਣ ਨਾਲ ਕਿਸੇ ਦੀ ਜਾਨ ਬਚ ਸਕਦੀ ਹੈ। ਹੋ ਸਕਦਾ ਹੈ ਕਿ ਮੋਟਰਸਾਈਕਲ ਦੇ ਸਾਮ੍ਹਣੇ ਵਾਲੀ ਲੇਨ ਵਿੱਚ ਗੱਡੀ ਲਿਆਉਣ ਵਾਲੇ ਜਾਂ ਸਾਹਮਣਿਓਂ ਆ ਰਹੇ ਮੋਟਰਸਾਈਕਲ ਦੇ ਅੱਗੇ ਮੁੜਨ ਵਾਲੇ ਡਰਾਈਵਰ ਨੂੰ ਮੋਟਰਸਾਈਕਲ ਦਿਖਾਈ ਨਾ ਦੇਵੇ। ਇਹ ਵੀ ਹੋ ਸਕਦਾ ਹੈ ਕਿ ਉਹ ਸਾਹਮਣਿਓਂ ਆ ਰਹੀ ਮੋਟਰਸਾਈਕਲ ਦੀ ਗਤੀ ਦਾ ਗਲਤ ਅੰਦਾਜ਼ਾ ਲਗਾ ਬੈਠਣ।

## ਸੜਕ ਦਾ ਪੱਧਰ

ਸੜਕਾਂ ਦਾ ਉੱਚਾ-ਨੀਵਾਂ ਪੱਧਰ ਅਤੇ ਕਮੀਆਂ-ਪੇਸ਼ੀਆਂ ਜਿਵੇਂ ਕਿ ਬਜਰੀ, ਮਲਬਾ, ਫੁੱਟਪਾਥ ਦੇ ਜੋੜ, ਛੋਟੇ ਜਾਨਵਰ, ਟੋਏ ਅਤੇ ਇੱਥੋਂ ਤੱਕ ਕਿ ਮੇਨਹੋਲ ਦੇ ਢੱਕਣ ਜੋ ਦੂਜੇ ਡਰਾਈਵਰਾਂ ਨੂੰ ਪ੍ਰਭਾਵਿਤ ਨਹੀਂ ਕਰਦੀਆਂ, ਇੱਕ ਮੋਟਰਸਾਈਕਲ ਸਵਾਰ ਨੂੰ ਆਪਣੀ ਜਾਂ ਲੇਨ ਦੀ ਸਥਿਤੀ ਬਦਲਣ ਲਈ ਮਜਬੂਰ ਕਰ ਸਕਦੀਆਂ ਹਨ। ਇੱਕ ਮੋਟਰਸਾਈਕਲ ਸਵਾਰ ਨੂੰ ਕਿਹੜੇ ਬਦਲਾਅ ਕਰਨੇ ਪੈ ਸਕਦੇ ਹਨ, ਇਸਦਾ ਅੰਦਾਜ਼ਾ ਲਗਾਓ।

## ਲਾਈਟਾਂ

**ਤੁਹਾਡੀ ਗੱਡੀ ਦੀਆਂ ਲਾਈਟਾਂ।** ਮੋਟਰਸਾਈਕਲ ਸਵਾਰਾਂ ਨੂੰ ਬਥੇਰਾ ਸਮਾਂ ਦਿਓ ਤਾਂ ਜੋ ਉਹ ਤੁਹਾਡੇ ਮੁੜਨ ਦੇ ਸਿਗਨਲ ਅਤੇ ਬ੍ਰੇਕ ਲਾਈਟਾਂ ਵੱਲ ਧਿਆਨ ਦੇ ਸਕਣ।

**ਮੋਟਰਸਾਈਕਲ ਸਵਾਰਾਂ ਦੀਆਂ ਲਾਈਟਾਂ।** ਗਤੀ ਹੌਲੀ ਕਰਨ ਵੇਲੇ, ਮੋਟਰਸਾਈਕਲ ਸਵਾਰ ਸ਼ਾਇਦ ਬ੍ਰੇਕਾਂ ਦੀ ਬਜਾਏ ਥ੍ਰੌਟਲ ਦੀ ਵਰਤੋਂ ਕਰ ਸਕਦੇ ਹਨ, ਇਸ ਲਈ ਬ੍ਰੇਕ ਲਾਈਟਾਂ ਦਿਖਾਈ ਨਹੀਂ ਦੇਣਗੀਆਂ। ਇਸ ਤੋਂ ਇਲਾਵਾ, ਕੁਝ ਮੋਟਰਸਾਈਕਲਾਂ ਵਿੱਚ ਮੁੜਨ ਦੇ ਅਜਿਹੇ ਸਿਗਨਲ ਨਹੀਂ ਹੁੰਦੇ ਜੋ ਆਪਣੇ ਆਪ ਬੰਦ ਹੋ ਜਾਂਦੇ ਹਨ। ਇਹ ਪੱਕਾ ਕਰੋ ਕਿ ਕਿਸੇ ਮੋਟਰਸਾਈਕਲ ਦੇ ਨਾਲ-ਨਾਲ ਗੱਡੀ ਚਲਾਉਣ ਵੇਲੇ ਤੁਸੀਂ ਚੌਕਸ ਰਹਿੰਦੇ ਹੋ ਅਤੇ ਪੂਰਾ ਧਿਆਨ ਰੱਖਦੇ ਹੋ। ਮੋਟਰਸਾਈਕਲ ਚਲਾਉਣ ਬਾਰੇ ਵਧੇਰੇ ਜਾਣਕਾਰੀ ਲਈ, dol.wa.gov 'ਤੇ ਜਾਓ ਅਤੇ **motorcycle operator manual** (ਮੋਟਰਸਾਈਕਲ ਆਪਰੇਟਰ ਮੈਨੁਅਲ) ਦੀ ਭਾਲ ਕਰੋ।

## 4.6 | ਸਾਈਕਲ ਸਵਾਰਾਂ ਨਾਲ ਸੜਕ ਸਾਂਝੀ ਕਰਨਾ

ਸਾਈਕਲ ਸਵਾਰਾਂ ਦੇ ਵੀ ਇੱਕ ਗੱਡੀ ਦੇ ਡਰਾਈਵਰ ਵਾਲੇ ਹੀ ਅਧਿਕਾਰ, ਫਰਜ਼ ਅਤੇ ਜ਼ਿੰਮੇਵਾਰੀਆਂ ਹੁੰਦੀਆਂ ਹਨ। ਮੋਟਰਸਾਈਕਲਾਂ ਵਾਂਗ, ਸਾਈਕਲਾਂ ਵੀ ਛੋਟੀਆਂ ਅਤੇ ਘੱਟ ਦਿਸਣਯੋਗ ਹੁੰਦੀਆਂ ਹਨ, ਜਿਸ ਨਾਲ ਸਾਈਕਲ ਸਵਾਰ ਨੂੰ ਕਿਸੇ ਡਰਾਈਵਰ ਦੁਆਰਾ ਟੱਕਰ ਮਾਰੇ ਜਾਣ ਅਤੇ ਗੰਭੀਰ ਤੌਰ 'ਤੇ ਜ਼ਖ਼ਮੀ ਹੋਣ ਜਾਂ ਮਾਰੇ ਜਾਣ ਦਾ ਖਤਰਾ ਵੱਧ ਜਾਂਦਾ ਹੈ।



## ਆਮ ਮਾਰਗਦਰਸ਼ਨ

- ਕਿਸੇ ਮੋੜ ਤੋਂ ਮੁੜਣ ਵੇਲੇ ਜਾਂ ਡ੍ਰਾਈਵ-ਵੇਅ ਵਿੱਚ ਦਾਖ਼ਲ ਹੋਣ ਵੇਲੇ, ਉਨ੍ਹਾਂ ਸਾਈਕਲ ਸਵਾਰਾਂ 'ਤੇ ਨਜ਼ਰ ਰੱਖੋ ਜੋ ਕ੍ਰਾਸਵਾਕ ਜਾਂ ਫੁੱਟਪਾਥ 'ਤੇ ਮੌਜੂਦ ਹੁੰਦੇ ਹਨ।
- ਚੌਰਾਹਿਆਂ 'ਤੇ, ਸਾਈਕਲ ਸਵਾਰਾਂ ਨੂੰ ਉਸੇ ਤਰ੍ਹਾਂ ਰਾਹ ਦਿਓ ਜਿਵੇਂ ਤੁਸੀਂ ਕਿਸੇ ਹੋਰ ਗੱਡੀ ਨੂੰ ਦਿਓਗੇ।
- ਤੁਸੀਂ ਸਾਈਕਲ ਸਵਾਰ ਨਾਲ ਲੇਨ ਸਾਂਝੀ ਨਹੀਂ ਕਰ ਸਕਦੇ ਹੋ। ਕਾਨੂੰਨੀ ਤੌਰ 'ਤੇ, ਸਾਈਕਲ ਸਵਾਰ ਪੂਰੀ ਲੇਨ ਦੀ ਵਰਤੋਂ ਕਰ ਸਕਦੇ ਹਨ ਅਤੇ ਉੱਥੇ ਸਾਈਕਲ ਚਲਾ ਸਕਦੇ ਹਨ ਜਿੱਥੇ ਉਹ ਤੁਹਾਨੂੰ ਅਤੇ ਹੋਰ ਡਰਾਈਵਰਾਂ ਨੂੰ ਸਭ ਤੋਂ ਵੱਧ ਦਿਖਾਈ ਦਿੰਦੇ ਹੋਣ। ਜਦੋਂ ਤੁਸੀਂ ਕਿਸੇ ਸਾਈਕਲ ਸਵਾਰ ਦੇ ਪਿੱਛੇ ਗੱਡੀ ਚਲਾ ਰਹੇ ਹੁੰਦੇ ਹੋ, ਤਾਂ ਘੱਟੋ-ਘੱਟ 3 ਫੁੱਟ ਜਿੰਨੀ ਥਾਂ ਛੱਡ ਦਿਓ।
- ਕ੍ਰਾਸਵਾਕ ਵਿੱਚ ਮੌਜੂਦ ਸਾਈਕਲ ਸਵਾਰਾਂ ਨੂੰ ਪੈਦਲ ਚੱਲਣ ਵਾਲੇ ਵਰਗਾ ਮੰਨਿਆ ਜਾਂਦਾ ਹੈ। ਤੁਹਾਨੂੰ ਨਿਸ਼ਾਨ ਲੱਗੇ ਅਤੇ ਨਿਸ਼ਾਨ ਨਾ ਲੱਗੇ ਕ੍ਰਾਸਵਾਕਾਂ ਅਤੇ ਚੌਰਾਹਿਆਂ ਦੋਵਾਂ 'ਤੇ ਹੀ ਉਨ੍ਹਾਂ ਨੂੰ ਪਹਿਲਾਂ ਨਿਕਲਣ ਦਾ ਰਾਹ ਦੇਣਾ ਪਵੇਗਾ।

## ਸਾਈਕਲ ਸਵਾਰ ਤੋਂ ਅੱਗੇ ਲੰਘਣਾ

- ਉਦੋਂ ਤੱਕ ਸਾਈਕਲ ਸਵਾਰ ਤੋਂ ਅੱਗੇ ਨਾ ਲੰਘੋ ਜਦੋਂ ਤੱਕ ਕਿ ਇਹ ਤੁਹਾਡੇ ਅਤੇ ਸਾਈਕਲ ਸਵਾਰ ਦੋਵਾਂ ਲਈ ਸੁਰੱਖਿਅਤ ਨਾ ਹੋਵੇ।
- ਜੇ ਇੱਕੋ ਦਿਸ਼ਾ ਵਿੱਚ ਜਾਣ ਵਾਲੀਆਂ ਦੋ ਲੇਨਾਂ ਹਨ ਤਾਂ ਇੱਕ ਪੂਰੀ ਲੇਨ ਨੂੰ ਛੱਡ ਕੇ ਅੱਗੇ ਨਿਕਲ ਜਾਓ। ਜੇ ਹਰ ਦਿਸ਼ਾ ਵਿੱਚ ਸਿਰਫ਼ 1 ਹੀ ਲੇਨ ਹੈ, ਤਾਂ ਜਦੋਂ ਕੋਈ ਸਾਹਮਣਿਓਂ ਆਉਣ ਵਾਲਾ ਟ੍ਰੈਫਿਕ ਨਾ ਹੋਵੇ ਤਾਂ ਦੂਜੀ ਲੇਨ ਵਿੱਚ ਚਲੇ ਜਾਓ। ਸਾਈਕਲ ਸਵਾਰ ਅਤੇ ਆਪਣੀ ਗੱਡੀ ਦੇ ਸਭ ਤੋਂ ਚੌੜੇ ਹਿੱਸੇ ਵਿਚਕਾਰ ਘੱਟ ਤੋਂ ਘੱਟ 3 ਫੁੱਟ ਦੀ ਦੂਰੀ ਬਣਾਈ ਰੱਖੋ। (ਯਾਦ ਰੱਖੋ ਕਿ ਸਾਈਕਲ ਸਵਾਰ ਨੂੰ ਕਿਸੇ ਅਜਿਹੇ ਖਤਰੇ ਤੋਂ ਬਚਣ ਲਈ ਆਪਣੀ ਸਥਿਤੀ ਬਦਲਣ ਦੀ ਲੋੜ ਪੈ ਸਕਦੀ ਹੈ ਜੋ ਤੁਹਾਨੂੰ ਦਿਖਾਈ ਨਾ ਦਿੰਦੀ ਹੋਵੇ।)
- ਸਾਈਕਲ ਸਵਾਰ ਤੋਂ ਅੱਗੇ ਲੰਘਣ ਲਈ ਕਦੇ ਵੀ ਸਾਹਮਣਿਓਂ ਆਉਣ ਵਾਲੇ ਟ੍ਰੈਫਿਕ ਵਿੱਚ ਦਾਖ਼ਲ ਨਾ ਹੋਵੋ।
- ਸਾਈਕਲ ਸਵਾਰ ਦੇ ਖੱਬੇ ਪਾਸਿਓਂ ਹੌਲੀ-ਹੌਲੀ ਅੱਗੇ ਲੰਘੋ ਅਤੇ ਕਦੇ ਵੀ ਸਾਹਮਣਿਓਂ ਆਉਣ ਵਾਲੇ ਟ੍ਰੈਫਿਕ ਵਿੱਚ ਨਾ ਜਾਓ।
- ਲੇਨ ਵਿੱਚ ਵਾਪਸ ਆਉਣ ਤੋਂ ਪਹਿਲਾਂ ਇਹ ਪੱਕਾ ਕਰ ਲਓ ਕਿ ਤੁਸੀਂ ਸਾਈਕਲ ਸਵਾਰ ਤੋਂ ਅੱਗੇ ਨਿਕਲ ਚੁਕੇ ਹੋ। ਬਹੁਤ ਛੇਤੀ ਅੱਗੇ ਵਧਣ ਨਾਲ ਸਾਈਕਲ ਸਵਾਰ ਖਤਰੇ ਵਿੱਚ ਪੈ ਸਕਦਾ ਹੈ।
- ਮੋੜ ਮੁੜਨ ਤੋਂ ਪਹਿਲਾਂ, ਸਾਈਕਲ ਸਵਾਰ ਨੂੰ ਚੌਰਾਹਾ ਪਾਰ ਕਰ ਲੈਣ ਦਿਓ। ਜੇ ਤੁਸੀਂ ਸੱਜੇ ਮੁੜਨ ਵਾਲੇ ਹੋ, ਤਾਂ ਮੁੜਨ ਤੋਂ ਠੀਕ ਪਹਿਲਾਂ ਸਾਈਕਲ ਸਵਾਰ ਕੋਲੋਂ ਅੱਗੇ ਨਾ ਲੰਘੋ।

## ਬਾਈਕ ਲੇਨਾਂ

- ਸਾਈਕਲ ਲੇਨਾਂ 'ਤੇ ਨਜ਼ਰ ਰੱਖੋ, ਜੋ ਆਮ ਤੌਰ 'ਤੇ ਹਰੇ ਰੰਗ ਵਿੱਚ ਪੇਂਟ ਕੀਤੀਆਂ ਹੁੰਦੀਆਂ ਹਨ, ਇਨ੍ਹਾਂ 'ਤੇ ਠੋਸ ਚਿੱਟੀਆਂ ਲਾਈਨਾਂ ਦੀ ਵਰਤੋਂ ਕੀਤੀ ਜਾਂਦੀ ਹੈ, ਅਤੇ ਸਾਈਕਲ ਦਾ ਚਿੰਨ੍ਹ ਬਣਿਆ ਹੁੰਦਾ ਹੈ। ਭਾਵੇਂ ਸਾਈਕਲ ਲੇਨ 'ਤੇ ਲਗੇ ਨਿਸ਼ਾਨਾਂ ਦੀ ਲੰਬਾਈ ਵੱਖ-ਵੱਖ ਹੁੰਦੀ ਹੈ, ਫਿਰ ਵੀ ਤੁਹਾਨੂੰ ਗੱਡੀ ਇਸ ਤਰ੍ਹਾਂ ਚਲਾਉਣੀ ਚਾਹੀਦੀ ਹੈ ਜਿਵੇਂ ਨਿਸ਼ਾਨ ਅੱਗੇ ਜਾਰੀ ਹਨ।
- ਸਾਈਕਲ ਲੇਨ ਵਿੱਚ ਗੱਡੀ ਸਿਰਫ਼ ਉਦੋਂ ਹੀ ਚਲਾਓ ਜਦੋਂ ਤੁਸੀਂ ਮੋੜ ਮੁੜ ਰਹੇ ਹੋਵੋ ਜਾਂ ਪਟਰੀ ਦੇ ਨੇੜੇ ਗੱਡੀ ਖੜ੍ਹੀ ਕਰਨ ਲਈ ਲੇਨ ਪਾਰ ਕਰ ਰਹੇ ਹੋਵੋ।
- ਗੱਡੀ ਖੜ੍ਹੀ ਕਰਨ ਤੋਂ ਬਾਅਦ ਅਤੇ ਆਪਣਾ ਦਰਵਾਜ਼ਾ ਖੋਲ੍ਹਣ ਤੋਂ ਪਹਿਲਾਂ ਧਿਆਨ ਨਾਲ ਸਾਰੀਆਂ ਦਿਸ਼ਾਵਾਂ ਵਿੱਚ ਦੇਖੋ ਕਿ ਕੋਈ ਸਾਈਕਲ ਸਵਾਰ ਤਾਂ ਨਹੀਂ ਹੈ।

ਸਾਈਕਲ ਚਲਾਉਣ ਬਾਰੇ ਵਧੇਰੇ ਜਾਣਕਾਰੀ ਲਈ, wsdot.wa.gov 'ਤੇ ਜਾਓ ਅਤੇ **bicycling and walking** (ਸਾਈਕਲਿੰਗ ਅਤੇ ਪੈਦਲ ਚੱਲਣਾ) ਦੀ ਭਾਲ ਕਰੋ।

## 4.7 | ਟ੍ਰੇਨਾਂ ਨਾਲ ਸੜਕ ਸਾਂਝੀ ਕਰਨਾ

**ਰੇਲਰੋਡ ਦੀਆਂ ਪਟੜੀਆਂ ਵੱਲ ਸਾਵਧਾਨੀ ਨਾਲ ਧਿਆਨ ਦੇਣ ਦੀ ਲੋੜ ਹੁੰਦੀ ਹੈ।**




ਸਿਰਫ਼ ਨਿਰਧਾਰਤ ਕ੍ਰਾਸਿੰਗ 'ਤੇ ਹੀ ਰੇਲਰੋਡ ਦੀਆਂ ਪਟੜੀਆਂ ਨੂੰ ਪਾਰ ਕਰੋ। ਸੁਰੱਖਿਆ ਸੰਕੇਤਾਂ, ਫਲੈਸ਼ ਕਰਦੀਆਂ ਹੋਈਆਂ ਲਾਈਟਾਂ, ਅਤੇ ਕ੍ਰਾਸਿੰਗ ਗੇਟਾਂ 'ਤੇ ਧਿਆਨ ਦਿਓ। ਰੇਲਰੋਡ ਕ੍ਰਾਸਿੰਗ 'ਤੇ ਫਲੈਸ਼ ਕਰਦੀ ਹੋਈ ਲਾਲ ਲਾਈਟ ਦਾ ਮਤਲਬ ਹੈ ਕਿ ਟ੍ਰੇਨ ਨੇੜੇ ਆ ਰਹੀ ਹੈ ਅਤੇ ਤੁਹਾਨੂੰ ਗੇਟਾਂ ਤੋਂ ਦੂਰ ਰਹਿਣ ਦੀ ਲੋੜ ਹੈ।

ਟ੍ਰੇਨਾਂ ਨੂੰ ਹਮੇਸ਼ਾ ਪਹਿਲਾਂ ਨਿਕਲਣ-ਦਾ-ਅਧਿਕਾਰ ਹੁੰਦਾ ਹੈ। ਉਹ ਭਾਰੀਆਂ ਹੁੰਦੀਆਂ ਹਨ ਅਤੇ ਘੱਟ ਗਤੀ 'ਤੇ ਚਲਦੇ ਹੋਣ ਦੇ ਬਾਵਜੂਦ ਵੀ ਉਹ ਛੇਤੀ ਨਾਲ ਰੁਕ ਨਹੀਂ ਸਕਦੀਆਂ ਹਨ। ਇੱਕ ਟ੍ਰੇਨ ਨੂੰ ਪੂਰੀ ਤਰ੍ਹਾਂ ਰੁਕਣ ਲਈ ਇੱਕ ਮੀਲ ਤੱਕ ਦੀ ਦੂਰੀ ਲੱਗ ਸਕਦੀ ਹੈ।

**ਜਦੋਂ ਟ੍ਰੇਨ ਕ੍ਰਾਸਿੰਗ 'ਤੇ ਲਾਈਟਾਂ ਫਲੈਸ਼ ਕਰਦੀਆਂ ਹੋਣ ਅਤੇ ਘੰਟੀਆਂ ਵੱਜ ਰਹੀਆਂ ਹੋਣ, ਤਾਂ ਰੁਕ ਜਾਓ — ਭਾਵੇਂ ਗੇਟ ਬੰਦ ਹੋਵੇ ਜਾਂ ਨਹੀਂ। ਕਦੇ ਵੀ ਗੇਟ ਦੇ ਨੇੜੇ ਗੱਡੀ ਨਾ ਚਲਾਓ।**

ਕਿਸੇ ਕ੍ਰਾਸਿੰਗ ਦੀ ਸਭ ਤੋਂ ਨੇੜਲੀ ਰੇਲਿੰਗ ਤੋਂ 15 ਤੋਂ 50 ਫੁੱਟ ਦੀ ਦੂਰੀ 'ਤੇ ਰੁਕ ਜਾਓ ਜਦੋਂ:

- ਸਿਗਨਲ ਫਲੈਸ਼ ਕਰ ਰਿਹਾ ਹੋਵੇ।
- ਕ੍ਰਾਸਿੰਗ ਦਾ ਗੇਟ ਹੇਠਾਂ ਹੋ ਰਿਹਾ ਹੋਵੇ ਜਾਂ ਪਹਿਲਾਂ ਤੋਂ ਹੀ ਹੇਠਾਂ ਹੋ ਚੁਕਾ ਹੋਵੇ।
- ਫਲੈਗਰ (ਝੰਡਾ ਦਿਖਾਉਣ ਵਾਲਾ) ਰੁਕਣ ਦਾ ਸਿਗਨਲ ਦੇ ਰਿਹਾ ਹੋਵੇ।
- ਟ੍ਰੇਨ ਇੰਨੀ ਨੇੜੇ ਆ ਰਹੀ ਹੋਵੇ ਕਿ ਫੌਰੀ ਖਤਰਾ ਪੈਦਾ ਹੁੰਦਾ ਹੋਵੇ।
- ਤੁਹਾਨੂੰ ਟ੍ਰੇਨ ਆਉਣ ਦੀ ਚੇਤਾਵਨੀ ਦਾ ਹਾਰਨ ਸੁਣਾਈ ਦੇਵੇ।
- ਰੁਕਣ ਦਾ ਚਿੰਨ੍ਹ ਲੱਗਿਆ ਹੋਵੇ।

ਜਦੋਂ ਲਾਲ ਲਾਈਟਾਂ ਚਮਕਣਾ ਬੰਦ ਕਰ ਦੇਣ ਅਤੇ ਹੋਰ ਸਾਰੇ ਚੇਤਾਵਨੀ ਚਿੰਨ੍ਹ ਬੰਦ ਹੋ ਜਾਣ ਤਾਂ ਤੁਸੀਂ ਜਾ ਸਕਦੇ ਹੋ।

## ਸੁਰੱਖਿਆ ਲਈ ਮਹੱਤਵਪੂਰਨ ਰੀਮਾਈਂਡਰ

**ਪਟੜੀ ਪਾਰ ਕਰਦਿਆਂ ਟ੍ਰੇਨ ਤੋਂ ਅੱਗੇ ਨਿਕਲ ਕੇ ਇਸਨੂੰ ਮਾਤ ਦੇਣ ਦੀ ਕੋਸ਼ਿਸ਼ ਨਾ ਕਰੋ।**

ਜਿਉਂ ਹੀ ਚੇਤਾਵਨੀ ਸੰਕੇਤ ਚਾਲੂ ਹੋ ਜਾਣ: ਰੁਕ ਜਾਓ।

**ਪਟੜੀਆਂ ਉੱਤੇ ਨਾ ਰੁਕੋ।**

ਜੇ ਤੁਹਾਡੀ ਗੱਡੀ ਕ੍ਰਾਸਿੰਗ ਉੱਪਰ ਫਸ ਜਾਂਦੀ ਹੈ, ਤਾਂ ਸਾਰਿਆਂ ਨੂੰ ਗੱਡੀ ਤੋਂ ਫੌਰਨ ਬਾਹਰ ਕੱਢੋ।

**ਚੇਤਾਵਨੀ ਸਿਗਨਲਾਂ ਨੂੰ ਅਣਗੌਲਿਆਂ ਨਾ ਕਰੋ।**

ਭਾਵੇਂ ਤੁਹਾਨੂੰ ਟ੍ਰੇਨ ਨਾ ਦਿਖਾਈ ਦੇ ਰਹੀ ਹੋਵੇ, ਫਿਰ ਵੀ ਸਿਗਨਲਾਂ 'ਤੇ ਭਰੋਸਾ ਕਰੋ। ਟ੍ਰੇਨਾਂ ਜਿੰਨਾ ਦਿਖਾਈ ਦਿੰਦੀਆਂ ਹਨ, ਉਸ ਤੋਂ ਵਧੇਰੇ ਨੇੜੇ, ਸ਼ਾਂਤ ਅਤੇ ਵਧੇਰੇ ਤੇਜ਼ ਆਉਂਦੀਆਂ ਹੋ ਸਕਦੀਆਂ ਹਨ। ਟ੍ਰੇਨਾਂ ਕਿਸੇ ਵੀ ਦਿਸ਼ਾ ਤੋਂ ਆ ਸਕਦੀਆਂ ਹਨ ਅਤੇ ਕਿਸੇ ਵੀ ਟ੍ਰੈਕ 'ਤੇ ਚੱਲ ਸਕਦੀਆਂ ਹਨ।

### ਮਦਦ ਲਈ ਕਾੱਲ ਕਦੋਂ ਕੀਤੀ ਜਾਵੇ




ਜੇ ਰੇਲਰੋਡ ਦੀ ਪਟੜੀ 'ਤੇ ਜਾਂ ਇਸਦੇ ਨੇੜੇ ਕੁਝ ਪਿਆ ਹੈ, ਤਾਂ ਨੀਲੇ ਅਤੇ ਚਿੱਟੇ ਰੰਗ ਦੀ ਐਮਰਜੈਂਸੀ ਸੂਚਨਾ ਪ੍ਰਣਾਲੀ (Emergency Notification System) ਚਿੰਨ੍ਹ ਉੱਤੇ ਦਿੱਤੇ ਗਏ ਨੰਬਰ 'ਤੇ ਕਾੱਲ ਕਰੋ। ਡਿਸਪੈਚਰ ਨੂੰ ਕ੍ਰਾਸਿੰਗ ਦਾ ਆਈਡੀ ਨੰਬਰ ਦੱਸੋ। ਉਸਨੂੰ ਆਪਣੀ ਲੋਕੇਸ਼ਨ ਅਤੇ ਸਥਿਤੀ ਦਾ ਵੇਰਵਾ ਦੱਸੋ। ਕੋਈ ਚਿੰਨ੍ਹ ਨਹੀਂ ਲਗਾ ਹੋਇਆ ਹੈ? 911 ਡਾਇਲ ਕਰੋ।

### ਲਾਈਟ ਰੇਲ

ਸਾਊਂਡ ਟ੍ਰਾਂਜ਼ਿਟ ਦੀ ਲਿੰਕ (Sound Transit's Link) ਲਾਈਟ ਰੇਲ ਲਾਈਨ Washington ਦੇ ਲੰਬੇ-ਵੇਲੇ ਦੇ ਆਵਾਜਾਈ ਨੈੱਟਵਰਕ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਰੇਲਵੇ ਸਟੇਸ਼ਨਾਂ ਅਤੇ ਲਾਈਨਾਂ ਦੇ ਨੇੜੇ ਗੱਡੀ ਚਲਾਉਣ ਲਈ ਕੁਝ ਦਿਸ਼ਾ-ਨਿਰਦੇਸ਼ ਇਸ ਤਰ੍ਹਾਂ ਹਨ:

- ਸਾਰੇ ਚਿੰਨ੍ਹਾਂ ਅਤੇ ਸੜਕ 'ਤੇ ਲਗੇ ਨਿਸ਼ਾਨਾਂ ਵੱਲ ਧਿਆਨ ਦਿਓ।
- ਚੁਕੰਨੇ ਰਹੋ ਅਤੇ ਨੇੜੇ ਆ ਰਹੀਆਂ ਲਾਈਟ ਟ੍ਰੇਨਾਂ 'ਤੇ ਨਜ਼ਰ ਰੱਖੋ।
- ਆਪਣੀ ਗੱਡੀ ਅਤੇ ਲਾਈਟ ਰੇਲ ਟ੍ਰੇਨਾਂ ਵਿਚਕਾਰ ਘੱਟੋ-ਘੱਟ ਇੱਕ ਕਾਰ (ਜਾਂ ਉਸ ਤੋਂ ਵੱਧ) ਜਿੰਨੀ ਦੂਰੀ ਛੱਡੋ।
- ਆਪਣੀ ਕਾਰ ਨੂੰ ਪਟੜੀਆਂ 'ਤੇ ਨਾ ਰੋਕੋ, ਨਾ ਪਾਰਕ ਕਰੋ ਅਤੇ ਨਾ ਹੀ ਛੱਡੋ! ਪਾਰਕਿੰਗ ਇਸ ਤਰ੍ਹਾਂ ਕਰੋ ਕਿ ਤੁਹਾਡੇ ਆਲੇ-ਦੁਆਲੇ ਟ੍ਰੇਨਾਂ ਦੇ ਆਉਣ-ਜਾਣ ਲਈ ਬਥੇਰੀ ਥਾਂ ਮੌਜੂਦ ਹੋਵੇ।

## 4.8 | ਖੇਤੀਬਾੜੀ ਵਾਲੇ ਵਾਹਨਾਂ ਨਾਲ ਸਾਂਝੀ ਕਰਨਾ

25 ਮੀਲ ਪ੍ਰਤੀ ਘੰਟਾ (Miles per hour, mph) ਜਾਂ ਇਸ ਤੋਂ ਘੱਟ ਦੀ ਰਫ਼ਤਾਰ ਨਾਲ ਚੱਲਣ ਵਾਲੇ ਖੇਤੀਬਾੜੀ ਵਾਲੇ ਵਾਹਨਾਂ ਅਤੇ ਫ਼ਾਰਮ ਵਾਹਨਾਂ ਦੇ ਪਿੱਛੇ ਇੱਕ ਤਿਕੋਣ ਦਾ ਚਿੰਨ੍ਹ ਜਾਂ ਪ੍ਰਤੀਕ ਲਗਿਆ ਹੋਵੇਗਾ। ਜਦੋਂ ਤੁਸੀਂ ਕਿਸੇ ਹੌਲੀ ਚਲਦੇ ਹੋਏ ਵਾਹਨ ਨੂੰ ਦੇਖਦੇ ਹੋ, ਤਾਂ ਯਾਦ ਰੱਖੋ ਕਿ:

- ਸਬਰ ਰੱਖੋ ਅਤੇ ਗੱਡੀ ਹੌਲੀ ਕਰ ਲਓ।
- ਬਹੁਤ ਸਾਰੀ ਥਾਂ ਦਿਓ ਅਤੇ ਕੋਲੋਂ ਲੰਘਦੇ ਵੇਲੇ ਸਾਵਧਾਨੀ ਵਰਤੋ।

ਜੇ ਤੁਹਾਨੂੰ ਕਿਸੇ ਖੇਤੀਬਾੜੀ ਵਾਲੇ ਵਾਹਨਾਂ ਤੋਂ ਅੱਗੇ ਲੰਘਣ ਦੀ ਲੋੜ ਹੈ ਅਤੇ ਇੱਕੋ ਦਿਸ਼ਾ ਵਿੱਚ ਦੋ ਲੇਨਾਂ ਹਨ, ਤਾਂ ਇੱਕ ਪੂਰੀ ਲੇਨ ਪਾਰ ਕਰਕੇ ਅੱਗੇ ਵੱਧ ਜਾਓ। ਜੇ ਹਰ ਦਿਸ਼ਾ ਵਿੱਚ ਸਿਰਫ਼ ਇੱਕੋ ਲੇਨ ਹੈ, ਤਾਂ ਸਾਹਮਣਿਓਂ ਆਉਣ ਵਾਲੇ ਟ੍ਰੈਫਿਕ ਨੂੰ ਦੇਖੋ ਅਤੇ ਧਿਆਨ ਨਾਲ ਅੱਗੇ ਵਧੋ। ਜਦੋਂ ਤੁਸੀਂ ਅੱਗੇ ਲੰਘਦੇ ਹੋ, ਤੁਹਾਡੀ ਗੱਡੀ ਦੇ ਸਭ ਤੋਂ ਚੌੜੇ ਹਿੱਸੇ ਅਤੇ ਖੇਤੀਬਾੜੀ ਵਾਲੇ ਵਾਹਨ ਵਿਚਕਾਰ ਘੱਟ ਤੋਂ ਘੱਟ 3 ਫੁੱਟ ਦਾ ਫ਼ਾਸਲਾ ਹੋਣਾ ਚਾਹੀਦਾ ਹੈ।

## 4.9 | ਐਮਰਜੈਂਸੀ ਵਾਹਨਾਂ ਨਾਲ ਸੜਕ ਸਾਂਝੀ ਕਰਨਾ

**ਲਾਈਟਾਂ ਅਤੇ/ਜਾਂ ਸਾਇਰਨ ਵਰਤਣ ਵਾਲੇ ਫਾਇਰ ਟਰੱਕਾਂ, ਐਂਬੂਲੈਂਸਾਂ ਅਤੇ ਪੁਲਿਸ ਕਾਰਾਂ ਨੂੰ ਹਮੇਸ਼ਾ ਪਹਿਲਾਂ ਨਿਕਲਣ-ਦਾ-ਅਧਿਕਾਰ ਹੁੰਦਾ ਹੈ।**

ਜਿਉਂ ਹੀ ਤੁਹਾਨੂੰ ਸਿਗਨਲ ਦਿਖਾਈ ਜਾਂ ਸੁਣਾਈ ਦਿੰਦੇ ਹਨ, ਉਸੇ ਵੇਲੇ ਆਪਣੀ ਗੱਡੀ ਨੂੰ ਸੜਕ ਦੇ ਸੱਜੇ ਪਾਸੇ ਲੈ ਜਾਓ ਅਤੇ ਰੋਕ ਦਿਓ। ਸਿਗਨਲ ਦੇਣ ਅਤੇ ਟ੍ਰੈਫਿਕ ਵਿੱਚ ਫਿਰ ਤੋਂ ਵੜਨ ਤੋਂ ਪਹਿਲਾਂ ਉਦੋਂ ਤੱਕ ਉਡੀਕ ਕਰੋ, ਜਦੋਂ ਤੱਕ ਕਿ ਐਮਰਜੈਂਸੀ ਵਾਹਨ ਲੰਘ ਨਾ ਜਾਵੇ। ਤੁਹਾਨੂੰ ਟ੍ਰੈਫਿਕ ਵਿੱਚ ਉਸੇ ਤਰਤੀਬ ਵਿੱਚ ਦੁਬਾਰਾ ਪ੍ਰਵੇਸ਼ ਕਰਨਾ ਚਾਹੀਦਾ ਹੈ ਜਿਵੇਂ ਕਿ ਤੁਸੀਂ ਪਹਿਲਾਂ ਯਾਤਰਾ ਕਰ ਰਹੇ ਸੀ। ਸਿਗਨਲ ਦੇਣ ਅਤੇ ਟ੍ਰੈਫਿਕ ਵਿੱਚ ਫਿਰ ਤੋਂ ਪ੍ਰਵੇਸ਼ ਕਰਨ ਤੋਂ ਪਹਿਲਾਂ ਉਦੋਂ ਤੱਕ ਉਡੀਕ ਕਰੋ, ਜਦੋਂ ਤੱਕ ਕਿ ਐਮਰਜੈਂਸੀ ਵਾਹਨ ਲੰਘ ਨਾ ਜਾਵੇ। ਤੁਹਾਨੂੰ ਟ੍ਰੈਫਿਕ ਵਿੱਚ ਉਸੇ ਤਰਤੀਬ ਵਿੱਚ ਦੁਬਾਰਾ ਪ੍ਰਵੇਸ਼ ਕਰਨਾ ਚਾਹੀਦਾ ਹੈ ਜਿਵੇਂ ਤੁਸੀਂ ਪਹਿਲਾਂ ਯਾਤਰਾ ਕਰ ਰਹੇ ਸੀ। ਸੱਜੇ ਪਾਸੇ ਨੂੰ ਹੋ ਕੇ, ਤੁਸੀਂ ਐਮਰਜੈਂਸੀ ਵਾਹਨ ਦੇ ਡਰਾਈਵਰਾਂ ਨੂੰ ਆਪਣਾ ਕੰਮ ਕਰਨ ਵਿੱਚ ਮਦਦ ਕਰਦੇ ਹੋ ਅਤੇ ਕਿਸੇ ਦੀ ਜਾਨ ਬਚਾਉਣ ਵਿੱਚ ਮਦਦ ਕਰ ਸਕਦੇ ਹੋ!

# ਸੜਕ ਦੇ ਨਿਯਮ

## 4.10 | ਟ੍ਰੈਫਿਕ ਸੰਬੰਧੀ ਕਾਨੂੰਨ

ਸੜਕ ਦੇ ਨਿਯਮ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਬਣਾਏ ਜਾਂਦੇ ਹਨ। ਇਹ ਅਜਿਹੇ ਨਿਯਮ ਬਣਾ ਕੇ ਟ੍ਰੈਫਿਕ ਨਾਲ ਸੰਬੰਧਿਤ ਘਟਨਾਵਾਂ ਦੀ ਰੋਕਥਾਮ ਕਰਦੇ ਹਨ ਜਿਨ੍ਹਾਂ ਦੀ ਪਾਲਣਾ ਕਰਨ ਲਈ, ਸੜਕ ਦੀ ਵਰਤੋਂ ਕਰਨ ਵਾਲਾ ਹਰ ਵਿਅਕਤੀ ਸਹਿਮਤ ਹੁੰਦਾ ਹੈ। ਇਹ ਕਾਨੂੰਨ ਸੜਕ ਪ੍ਰਣਾਲੀਆਂ ਨੂੰ ਨਿਰਵਿਘਨ ਤੌਰ 'ਤੇ ਚਲਦਾ ਰੱਖਣ ਲਈ ਮੌਜੂਦ ਹਨ।

ਜ਼ਿਆਦਾਤਰ ਹਿੱਸੇ ਲਈ, ਸੜਕ ਦੇ ਬੁਨਿਆਦੀ ਨਿਯਮ ਇੱਕ ਸਮਾਨ ਰਹਿੰਦੇ ਹਨ। ਹਾਲਾਂਕਿ, ਟ੍ਰੈਫਿਕ ਕਾਨੂੰਨ ਬਦਲ ਸਕਦੇ ਹਨ। ਤੁਸੀਂ ਔਨਲਾਈਨ **RCW 46.61** (Revised Code of Washington 46.61, ਵਾਸ਼ਿੰਗਟਨ ਦਾ ਸੋਧਿਆ ਹੋਇਆ ਜ਼ਾਬਤਾ 46.61) ਦੀ ਖੋਜ ਕਰਕੇ ਸੜਕ ਦੇ ਬਿਲਕੁਲ ਨਵੀਨਤਮ ਨਿਯਮ ਲੱਭ ਸਕਦੇ ਹੋ। ਜਿੰਨਾ ਚਿਰ ਤੁਸੀਂ ਗੱਡੀ ਚਲਾਉਂਦੇ ਹੋ, ਸੜਕ ਦੇ ਸਭ ਤੋਂ ਨਵੀਨਤਮ ਨਿਯਮਾਂ ਬਾਰੇ ਜਾਣਕਾਰੀ ਬਣਾਈ ਰੱਖਣਾ ਤੁਹਾਡੀ ਜ਼ਿੰਮੇਵਾਰੀ ਹੈ।

### ਗੱਡੀ ਚਲਾਉਣ ਲਈ ਆਮ ਮਾਰਗਦਰਸ਼ਨ

Washington ਰਾਜ ਵਿੱਚ ਇੱਕ ਡਰਾਈਵਰ ਹੋਣ ਦੇ ਨਾਤੇ, ਗੱਡੀ ਚਲਾਉਣ ਸੰਬੰਧੀ ਇਸ ਆਮ ਮਾਰਗਦਰਸ਼ਨ ਨੂੰ ਧਿਆਨ ਵਿੱਚ ਰੱਖਣਾ ਇੱਕ ਚੰਗਾ ਵਿਚਾਰ ਹੈ:

- ਗੱਡੀ ਸੜਕ ਦੇ ਸੱਜੇ ਪਾਸੇ ਚਲਾਓ। ਤੁਸੀਂ ਇੱਕ-ਅੱਧੇ ਪਲ ਲਈ ਸਿਰਫ਼ ਉਦੋਂ ਹੀ ਖੱਬੇ ਪਾਸੇ ਸਫ਼ਰ ਕਰ ਸਕਦੇ ਹੋ ਜਦੋਂ ਤੁਸੀਂ ਦੋ-ਲੇਨਾਂ ਵਾਲੀ ਸੜਕ 'ਤੇ ਕਿਸੇ ਹੋਰ ਗੱਡੀ ਕੋਲੋਂ ਸੁਰੱਖਿਅਤ ਢੰਗ ਨਾਲ ਅਤੇ ਕਾਨੂੰਨੀ ਤੌਰ 'ਤੇ ਅੱਗੇ ਲੰਘ ਰਹੇ ਹੋਵੋ।
- **ਸੱਜੇ ਪਾਸੇ ਹੀ ਰਹੋ ਬਸ਼ਰਤੇ ਅੱਗੇ ਲੰਘਣਾ ਹੋਵੇ।** ਜਦੋਂ ਇੱਕੋ ਦਿਸ਼ਾ ਵਿੱਚ ਕਈ ਲੇਨਾਂ ਚੱਲ ਰਹੀਆਂ ਹੋਣ, ਤਾਂ ਗੱਡੀ ਸੱਜੀ ਲੇਨ ਵਿੱਚ ਚਲਾਓ। ਹੌਲੀ ਚੱਲ ਰਹੇ ਟ੍ਰੈਫਿਕ ਤੋਂ ਅੱਗੇ ਲੰਘਣ ਲਈ ਖੱਬੀ ਲੇਨ ਦੀ ਵਰਤੋਂ ਕਰੋ।
- ਗਤੀ ਸੀਮਾ ਦੇ ਕਾਨੂੰਨਾਂ ਦੀ ਪਾਲਣਾ ਕਰੋ, ਉਦੋਂ ਵੀ ਜਦੋਂ ਅੱਗੇ ਲੰਘਣ ਲਈ ਖੱਬੀ ਲੇਨ ਦੀ ਵਰਤੋਂ ਕਰਦੇ ਹੋਵੋ।
- ਯਾਦ ਰੱਖੋ, ਕਾਰਪੂਲ ਲੇਨਾਂ ਅੱਗੇ ਲੰਘਣ ਵਾਲੀਆਂ (ਪਾਸਿੰਗ) ਲੇਨਾਂ ਨਹੀਂ ਹੁੰਦੀਆਂ।
- ਅੱਗੇ ਲੰਘਣ ਲਈ ਸੜਕ ਦੇ ਕਿਨਾਰਿਆਂ (ਸ਼ੋਲਡਰ) ਦਾ ਇਸਤੇਮਾਲ ਨਾ ਕਰੋ। ਜਦੋਂ ਤੱਕ ਕਿ ਅਧਿਕਾਰੀਆਂ ਜਾਂ ਸੰਕੇਤਾਂ ਦੁਆਰਾ ਹਿਦਾਇਤ ਨਾ ਦਿੱਤੀ ਗਈ ਹੋਵੇ, ਤੁਹਾਨੂੰ ਸੜਕ ਦੇ ਕਿਨਾਰੇ 'ਤੇ ਗੱਡੀ ਨਹੀਂ ਚਲਾਉਣੀ ਚਾਹੀਦੀ।
- ਯਾਤਰਾ ਲੇਨਾਂ ਵਿੱਚ ਰੁਕਾਵਟ ਪਾਉਣ ਤੋਂ ਬਚੋ। ਜੇ ਤੁਹਾਨੂੰ ਰੁਕਣ ਦੀ ਲੋੜ ਹੈ, ਤਾਂ ਜਦੋਂ ਤੱਕ ਕਿ ਤੁਸੀਂ ਸੁਰੱਖਿਅਤ ਢੰਗ ਨਾਲ ਗੱਡੀ ਨੂੰ ਸੜਕ ਕਿਨਾਰੇ ਰੋਕ ਨਹੀਂ ਸਕਦੇ ਹੋਵੋ ਉਦੋਂ ਤੱਕ ਚਲਦੇ ਰਹੋ।
- ਅੱਗੇ ਵਧਦੇ ਰਹੋ। ਸੜਕ 'ਤੇ ਪਿਛਲੇ ਪਾਸੇ (ਰਿਵਰਸ ਵਿੱਚ) ਵੱਲ ਗੱਡੀ ਨਾ ਚਲਾਓ, ਭਾਵੇਂ ਤੁਹਾਡੇ ਤੋਂ ਆਪਣਾ ਮੋੜ ਜਾਂ ਐਗਜ਼ਿਟ ਛੁੱਟ ਹੀ ਕਿਉਂ ਨਾ ਗਿਆ ਹੋਵੇ। ਸੜਕ ਦੇ ਕਿਨਾਰੇ ਜਾਂ ਫ੍ਰੀਵੇਅ 'ਤੇ ਗੱਡੀ ਨੂੰ ਪਿੱਛੇ (ਬੈਕ) ਕਰਨਾ ਗੈਰਕਾਨੂੰਨੀ ਹੈ।

- Washington ਫ੍ਰੀਵੇਅ 'ਤੇ ਮੁਫ਼ਤ ਰਾਈਡ (ਲਿਫ਼ਟ) ਨਾ ਲਓ ਅਤੇ ਨਾ ਹੀ ਦਿਓ। ਇਹ ਗੈਰਕਾਨੂੰਨੀ ਅਤੇ ਖਤਰਨਾਕ ਹੈ।

## ਟ੍ਰੈਫਿਕ ਕੰਟਰੋਲ ਕਰਨ ਵਾਲੇ ਡਿਵਾਈਸ

ਟ੍ਰੈਫਿਕ ਕੰਟਰੋਲ ਕਰਨ ਵਾਲੇ ਡਿਵਾਈਸ ਉਹ ਸਿਗਨਲ, ਚਿੰਨ੍ਹ ਅਤੇ ਸੜਕ ਉੱਤੇ ਲੱਗੇ ਨਿਸ਼ਾਨ ਹੁੰਦੇ ਹਨ ਜੋ ਟ੍ਰੈਫਿਕ ਦੇ ਪ੍ਰਵਾਹ ਨੂੰ ਕੰਟਰੋਲ ਕਰਦੇ ਹਨ, ਸੜਕਾਂ ਅਤੇ ਹਾਈਵੇਜ਼ ਨੂੰ ਮੋਟਰ ਚਾਲਕਾਂ, ਸਾਈਕਲ ਸਵਾਰਾਂ ਅਤੇ ਪੈਦਲ ਚੱਲਣ ਵਾਲਿਆਂ ਲਈ ਵਧੇਰੇ ਸੁਰੱਖਿਅਤ ਬਣਾਉਂਦੇ ਹਨ। ਸਾਰੇ ਸਿਗਨਲਾਂ, ਚਿੰਨ੍ਹਾਂ, ਅਤੇ ਸੜਕ 'ਤੇ ਲਗੇ ਨਿਸ਼ਾਨਾਂ 'ਤੇ ਨਜ਼ਰ ਰੱਖਣਾ ਅਤੇ ਇਨ੍ਹਾਂ ਦੀ ਪਾਲਣਾ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ।

ਵਿਸ਼ੇਸ਼ ਹਾਲਾਤ ਵਿੱਚ, ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ, ਉਸਾਰੀ ਵਰਕਰ, ਰੱਖ-ਰਖਾਅ ਕਰਮਚਾਰੀ, ਅਤੇ ਸਕੂਲ ਕਰੌਸਿੰਗ ਗਾਰਡ ਟ੍ਰੈਫਿਕ ਨੂੰ ਸੰਚਾਲਿਤ ਕਰ ਸਕਦੇ ਹਨ। ਇਹ ਲੋਕ ਟ੍ਰੈਫਿਕ ਸਿਗਨਲਾਂ ਦੀ ਉਲੰਘਣਾ ਕਰ ਸਕਦੇ ਹਨ, ਅਤੇ ਇਨ੍ਹਾਂ ਦੇ ਹੁਕਮਾਂ ਜਾਂ ਨਿਰਦੇਸ਼ਾਂ ਦੀ ਪਾਲਣਾ ਕਰਨੀ ਲਾਜ਼ਮੀ ਹੁੰਦੀ ਹੈ।

## ਖਰਾਬ ਹੋਈਆਂ ਲਾਈਟਾਂ ਜਾਂ ਸਿਗਨਲ

ਜੇ ਕੋਈ ਟ੍ਰੈਫਿਕ ਸਿਗਨਲ ਕੰਮ ਨਹੀਂ ਕਰ ਰਿਹਾ ਹੈ, ਤਾਂ ਚੌਰਾਹੇ ਨੂੰ ਇੱਕ ਚੌਤਰਫ਼ਾ ਸਟਾਪ ਵਾਂਗ ਸਮਝੋ। ਪੂਰੀ ਤਰ੍ਹਾਂ ਨਾਲ ਰੁਕ ਜਾਓ। ਆਪਣੇ ਸੱਜੇ ਪਾਸੇ ਵਾਲੇ ਟ੍ਰੈਫਿਕ ਨੂੰ ਰਾਹ ਦਿਓ। ਜਦੋਂ ਸੁਰੱਖਿਅਤ ਹੋਵੇ ਤਾਂ ਸਾਵਧਾਨੀ ਨਾਲ ਅੱਗੇ ਵਧੋ।

## 4.11 | ਟ੍ਰੈਫਿਕ ਲਾਈਟ ਦੇ ਸਿਗਨਲ



**ਪੂਰੀ ਤਰ੍ਹਾਂ ਲਾਲ**

ਰੁਕ ਜਾਓ। ਅੱਗੇ ਵਧਣ ਤੋਂ ਪਹਿਲਾਂ ਉਦੋਂ ਤੱਕ ਉਡੀਕ ਕਰੋ ਜਦੋਂ ਤੱਕ ਕਿ ਟ੍ਰੈਫਿਕ ਲਾਈਟ ਹਰੀ ਨਹੀਂ ਹੋ ਜਾਂਦੀ ਅਤੇ ਚੌਰਾਹੇ ਵਿੱਚ ਕੋਈ ਗੱਡੀਆਂ ਜਾਂ ਪੈਦਲ ਚੱਲਣ ਵਾਲੇ ਨਾ ਹੋਣ।

ਲਾਲ ਬੱਤੀ 'ਤੇ ਪੂਰੀ ਤਰ੍ਹਾਂ ਰੁਕਣ ਤੋਂ ਬਾਅਦ, ਜੇ ਤੁਹਾਨੂੰ no turn on red (ਲਾਲ ਬੱਤੇ 'ਤੇ ਮੁੜਨਾ ਵਰਜਿਤ) ਵਾਲਾ ਕੋਈ ਚਿੰਨ੍ਹ ਦਿਖਾਈ ਨਹੀਂ ਦਿੰਦਾ ਹੈ ਅਤੇ ਤੁਹਾਡੇ ਕੋਲ ਟ੍ਰੈਫਿਕ ਵਿੱਚ ਦਾਖ਼ਲ ਹੋਣ ਲਈ ਬਥੇਰੀ ਥਾਂ ਹੈ ਤਾਂ ਤੁਸੀਂ *ਸੱਜੇ* ਪਾਸੇ ਮੁੜ ਸਕਦੇ ਹੋ।

ਲਾਲ ਬੱਤੀ 'ਤੇ ਪੂਰੀ ਤਰ੍ਹਾਂ ਰੁਕਣ ਤੋਂ ਬਾਅਦ, ਜੇ ਤੁਹਾਨੂੰ "ਲਾਲ ਬੱਤੀ 'ਤੇ ਮੁੜਨਾ ਵਰਜਿਤ" ਵਾਲਾ ਕੋਈ ਚਿੰਨ੍ਹ ਦਿਖਾਈ ਨਹੀਂ ਦਿੰਦਾ ਹੈ ਅਤੇ ਤੁਹਾਡੇ ਕੋਲ ਟ੍ਰੈਫਿਕ ਵਿੱਚ ਦਾਖ਼ਲ ਹੋਣ ਲਈ ਬਥੇਰੀ ਥਾਂ ਹੈ ਤਾਂ ਤੁਸੀਂ ਇੱਕਤਰਫ਼ਾ ਸੜਕ 'ਤੇ *ਖੱਬੇ* ਪਾਸੇ ਮੁੜ ਸਕਦੇ ਹੋ।



**ਫਲੈਸ਼ ਕਰਦੀ ਹੋਈ ਲਾਲ ਲਾਈਟ**

ਰੁਕ ਜਾਓ। ਫਲੈਸ਼ ਕਰਦੀ (ਜਗਦੀ-ਬੁਝਦੀ) ਲਾਲ ਟ੍ਰੈਫਿਕ ਲਾਈਟ ਰੁਕੋ ਦੇ ਚਿੰਨ੍ਹ ਵਜੋਂ ਕੰਮ ਕਰਦੀ ਹੈ। ਪੂਰੀ ਤਰ੍ਹਾਂ ਰੁਕ ਜਾਓ, ਅਤੇ ਫਿਰ ਜਦੋਂ ਤੁਹਾਡੀ ਵਾਰੀ ਹੋਵੇ ਉਦੋਂ ਅੱਗੇ ਜਾਓ।



**ਲਾਲ ਤੀਰ**

ਰੁਕ ਜਾਓ। ਲਾਲ ਤੀਰ ਦਾ ਮਤਲਬ ਹੈ ਕਿ ਤੁਸੀਂ ਤੀਰ ਦੀ ਦਿਸ਼ਾ ਵਿੱਚ ਨਹੀਂ ਜਾ ਸਕਦੇ ਹੋ।



**ਪੂਰੀ ਤਰ੍ਹਾਂ ਪੀਲੀ**

ਗੱਡੀ ਹੌਲੀ ਕਰ ਲਓ। ਇਸਦਾ ਮਤਲਬ ਹੈ ਕਿ ਲਾਈਟ ਲਾਲ ਹੋਣ ਵਾਲੀ ਹੈ। ਜਦੋਂ ਤੁਹਾਨੂੰ ਪੀਲੀ ਲਾਈਟ ਦਿਖਾਈ ਦੇਵੇ, ਤਾਂ ਗੱਡੀ ਹੌਲੀ ਕਰ ਲਓ ਅਤੇ ਰੁਕਣ ਦੀ ਤਿਆਰੀ ਕਰੋ। ਜੇ ਤੁਸੀਂ ਪੀਲੀ ਲਾਈਟ ਦੇ ਜਗਣ 'ਤੇ ਚੌਰਾਹੇ ਵਿੱਚ ਹੋ, ਤਾਂ ਨਿਰਧਾਰਤ ਗਤੀ 'ਤੇ ਚੌਰਾਹੇ ਤੋਂ ਲੰਘਣਾ ਜਾਰੀ ਰੱਖੋ।

ਜਦੋਂ ਲਾਈਟ ਪੀਲੀ ਹੋਵੇ ਤਾਂ ਤੁਹਾਨੂੰ ਕਿਸੇ ਚੌਰਾਹੇ ਵਿੱਚ ਦਾਖ਼ਲ ਹੋਣ ਜਾਂ ਚੌਰਾਹੇ ਨੂੰ ਪਾਰ ਕਰਨ ਵਾਸਤੇ ਨਿਰਧਾਰਤ ਗਤੀ ਸੀਮਾ ਤੋਂ ਜ਼ਿਆਦਾ ਗਤੀ ਵਧਾਉਣ ਦੀ ਇਜਾਜ਼ਤ ਨਹੀਂ ਹੁੰਦੀ।



**ਫਲੈਸ਼ ਕਰਦੀ ਹੋਈ ਪੀਲੀ ਲਾਈਟ**

ਗੱਡੀ ਹੌਲੀ ਕਰ ਲਓ। ਫਲੈਸ਼ ਕਰਦੀ ਹੋਈ ਪੀਲੀ ਲਾਈਟ ਦਾ ਮਤਲਬ ਉਹੀ ਹੁੰਦਾ ਹੈ ਜੋ ਰਾਹ ਦੇਣ (yield) ਦੇ ਚਿੰਨ੍ਹ ਦਾ ਹੁੰਦਾ ਹੈ। ਚੌਰਾਹੇ ਨੂੰ ਇੱਕ ਅਨਿਯੰਤ੍ਰਿਤ ਚੌਰਾਹੇ ਵਾਂਗ ਸਮਝੋ। ਜਦੋਂ ਤੁਹਾਡੇ ਕੋਲ ਪਹਿਲਾਂ ਨਿਕਲਣ-ਦਾ-ਅਧਿਕਾਰ ਹੋਵੇ, ਉਦੋਂ ਅੱਗੇ ਵਧੋ।



**ਪੀਲਾ ਤੀਰ**

ਗੱਡੀ ਹੌਲੀ ਕਰ ਲਓ। ਪੀਲੇ ਤੀਰ ਦਾ ਮਤਲਬ ਹੈ ਲਾਈਟ ਛੇਤੀ ਹੀ ਲਾਲ ਹੋਣ ਵਾਲੀ ਹੈ। ਰੁਕਣ ਦੀ ਤਿਆਰੀ ਕਰੋ ਅਤੇ ਸਾਹਮਣਿਓਂ ਆਉਣ ਵਾਲੇ ਟ੍ਰੈਫਿਕ ਨੂੰ ਪਹਿਲਾਂ ਨਿਕਲਣ-ਦਾ-ਅਧਿਕਾਰ ਦਿਓ।



**ਪੂਰੀ ਹਰੀ**

ਅੱਗੇ ਵਧੋ, ਪਰ ਯਕੀਨੀ ਬਣਾਓ ਕਿ ਤੁਸੀਂ:

- ਚੌਰਾਹੇ ਦੇ ਖਾਲੀ ਹੋਣ ਦੀ ਉਡੀਕ ਕਰਦੇ ਹੋ।
- ਕਾਨੂੰਨ ਅਨੁਸਾਰ ਐਮਰਜੈਂਸੀ ਗੱਡੀਆਂ ਨੂੰ ਪਹਿਲਾਂ ਨਿਕਲਣ ਲਈ ਰਾਹ ਦਿੰਦੇ ਹੋ।
- ਪੈਦਲ ਚੱਲਣ ਵਾਲਿਆਂ ਨੂੰ ਪਹਿਲਾਂ ਨਿਕਲਣ ਲਈ ਰਾਹ ਦਿੰਦੇ ਹੋ।

ਜਦੋਂ ਤੁਸੀਂ ਹਰੀ ਲਾਈਟ 'ਤੇ ਖੱਬੇ ਮੁੜ ਰਹੇ ਹੋਵੋ, ਤਾਂ ਸਾਹਮਣਿਓਂ ਆ ਰਹੀਆਂ ਗੱਡੀਆਂ ਨੂੰ ਪਹਿਲਾਂ ਨਿਕਲਣ ਲਈ ਰਾਹ ਦਿੰਦੇ ਹੋ। ਸਾਹਮਣਿਓਂ ਆਉਣ ਵਾਲੇ ਟ੍ਰੈਫਿਕ ਨੂੰ ਪਹਿਲਾਂ ਨਿਕਲਣ-ਦਾ-ਅਧਿਕਾਰ ਹੁੰਦਾ ਹੈ। ਅਜਿਹੀ ਥਾਂ 'ਤੇ ਰੁਕੋ ਜਿੱਥੇ ਤੁਹਾਨੂੰ ਸਾਹਮਣਿਓਂ ਆ ਰਿਹਾ ਟ੍ਰੈਫਿਕ ਸਾਫ਼ ਦਿਖਾਈ ਦੇ ਰਿਹਾ ਹੋਵੇ, ਅਤੇ ਫਿਰ ਜਦੋਂ ਟ੍ਰੈਫਿਕ ਵਿੱਚ ਬ੍ਰੇਕ ਪਵੇ ਤਾਂ ਸੁਰੱਖਿਅਤ ਤਰੀਕੇ ਨਾਲ ਮੋੜ ਨੂੰ ਪੂਰਾ ਕਰੋ।



**ਫਲੈਸ਼ ਕਰਦੀ ਹੋਈ ਹਰੀ ਲਾਈਟ**

ਤੁਹਾਨੂੰ Washington ਰਾਜ ਵਿੱਚ ਫਲੈਸ਼ ਕਰਦੀ ਹੋਈ ਹਰੀ ਲਾਈਟ ਨਹੀਂ ਦਿਖਾਈ ਦੇਵੇਗੀ। ਹਾਲਾਂਕਿ, ਤੁਹਾਨੂੰ British Columbia, Canada ਵਿੱਚ ਇਹ ਸ਼ਾਇਦ ਚੇਤਾਵਨੀ ਵਜੋਂ ਦਿਖਾਈ ਦੇ ਸਕਦੀ ਹੈ, ਕਿ ਪੈਦਲ ਚੱਲਣ ਵਾਲੇ ਲੋਕ ਸੜਕ ਪਾਰ ਕਰਨ ਲਈ ਉਡੀਕ ਕਰ ਰਹੇ ਹਨ।



**ਹਰਾ ਤੀਰ**

ਤੀਰ ਦੀ ਦਿਸ਼ਾ ਵਿੱਚ ਜਾਓ। ਹਰਾ ਤੀਰ ਤੁਹਾਨੂੰ ਉਸ ਦਿਸ਼ਾ ਵਿੱਚ ਯਾਤਰਾ ਕਰਨ ਲਈ ਪਹਿਲਾਂ ਨਿਕਲਣ-ਦਾ-ਅਧਿਕਾਰ ਦਿੰਦਾ ਹੈ। ਜਦੋਂ ਤੀਰ ਹਰਾ ਹੋਵੇ ਤਾਂ ਕੋਈ ਸਾਹਮਣਿਓਂ ਆਉਂਦੀਆਂ ਗੱਡੀਆਂ, ਸੜਕ ਪਾਰ ਕਰ ਰਿਹਾ ਟ੍ਰੈਫਿਕ, ਜਾਂ ਪੈਦਲ ਚੱਲਣ ਵਾਲੇ ਲੋਕ ਨਹੀਂ ਹੋਣੇ ਚਾਹੀਦੇ।

### ਫ੍ਰੀਵੇਅ ਰੈਂਪ 'ਤੇ ਲਗੇ ਮੀਟਰ

ਰੈਂਪ 'ਤੇ ਲਗੇ ਮੀਟਰ ਆਮ ਟ੍ਰੈਫਿਕ ਸਿਗਨਲਾਂ ਵਾਂਗ ਹੀ ਕੰਮ ਕਰਦੇ ਹਨ। ਜਦੋਂ ਲਾਈਟ ਲਾਲ ਹੋਵੇ, ਤਾਂ ਚਿੱਟੀ ਸਟਾਪ ਲਾਈਨ 'ਤੇ ਰੁਕ ਜਾਓ। ਜਦੋਂ ਸਿਗਨਲ ਹਰਾ ਹੋ ਜਾਵੇ, ਤਾਂ ਤੁਸੀਂ ਔਨ-ਰੈਂਪ 'ਤੇ ਚੱਲਣਾ ਜਾਰੀ ਰੱਖ ਸਕਦੇ ਹੋ।

## 4.12 | ਸੰਕੇਤ

ਟ੍ਰੈਫਿਕ ਸੰਕੇਤ ਤੁਹਾਨੂੰ ਟ੍ਰੈਫਿਕ ਸੰਬੰਧੀ ਨਿਯਮਾਂ, ਖਤਰਿਆਂ, ਸੜਕ ਦੀਆਂ ਦਿਸ਼ਾਵਾਂ, ਅਤੇ ਸੜਕ ਸੇਵਾਵਾਂ ਦੀ ਲੋਕੇਸ਼ਨ ਬਾਰੇ ਦੱਸਦੇ ਹਨ। ਇਨ੍ਹਾਂ ਸੰਕੇਤਾਂ ਦਾ ਅਕਾਰ ਅਤੇ ਰੰਗ, ਉਨ੍ਹਾਂ ਦੇ ਚਿੰਨ੍ਹ ਅਤੇ ਸ਼ਬਦ, ਤੁਹਾਨੂੰ ਇਹ ਸੰਕੇਤ ਦਿੰਦੇ ਹਨ ਕਿ ਇਹ ਤੁਹਾਨੂੰ ਕਿਸ ਕਿਸਮ ਦੀ ਜਾਣਕਾਰੀ ਦਿੰਦੇ ਹਨ।

| | | |
|---|---|---|
| **ਲਾਲ** | ਪਾਬੰਦੀਸ਼ੁਦਾ ਜਾਂ ਪ੍ਰਤੀਬੰਧਿਤ ਕਾਰਵਾਈ |  |
| **ਸੰਤਰੀ** | ਉਸਾਰੀ ਅਤੇ ਰੱਖ-ਰਖਾਅ ਸੰਬੰਧੀ ਚੇਤਾਵਨੀ |  |
| **ਪੀਲਾ** | ਆਮ ਅਤੇ ਅਣਕਿਆਸੀ ਸੜਕ ਦੀਆਂ ਸਥਿਤੀਆਂ ਬਾਰੇ ਚੇਤਾਵਨੀ |  |
| **ਫਲੋਰੋਸੈਂਟ ਪੀਲਾ ਹੀਰਾ** | ਸਕੂਲ, ਪੈਦਲ ਲੋਕਾਂ, ਅਤੇ ਸਾਈਕਲਿੰਗ ਗਤੀਵਿਧੀ ਬਾਰੇ ਚੇਤਾਵਨੀ |  |
| **ਚਿੱਟਾ** | ਨਿਯਾਮਕ |  |
| **ਹਰਾ** | ਮਾਰਗਦਰਸ਼ਕ ਜਾਂ ਦਿਸ਼ਾ-ਸੂਚਕ ਜਾਣਕਾਰੀ |  |
| **ਨੀਲਾ** | ਮੋਟਰ ਚਾਲਕ ਸੇਵਾਵਾਂ ਬਾਰੇ ਮਾਰਗਦਰਸ਼ਨ |  |
| **ਭੂਰਾ** | ਜਨਤਕ ਮਨੋਰੰਜਨ, ਸਭਿਆਚਾਰਕ ਅਤੇ ਇਤਿਹਾਸਕ ਖੇਤਰ ਦੀ ਪਛਾਣ |  |




### ਰੁਕੋ

ਰੁਕੋ (Stop) ਸੰਕੇਤ ਦਾ ਮਤਲਬ ਹੈ ਕਿ ਤੁਹਾਨੂੰ ਲਾਈਨ, ਕ੍ਰਾਸਵਾਕ, ਜਾਂ ਕਿਨਾਰੇ 'ਤੇ ਰੁਕਣਾ ਪਵੇਗਾ। ਸਾਰੀਆਂ ਦਿਸ਼ਾਵਾਂ ਵਿੱਚ ਸੜਕ ਪਾਰ ਕਰਦੀਆਂ ਗੱਡੀਆਂ ਅਤੇ ਪੈਦਲ ਚੱਲਣ ਵਾਲਿਆਂ ਵੱਲ ਧਿਆਨ ਦਿਓ ਅਤੇ ਪਹਿਲਾਂ ਨਿਕਲਣ-ਦਾ-ਅਧਿਕਾਰ ਦਿਓ।




### ਰਾਹ ਦਿਓ

ਰਾਹ ਦਿਓ (Yield) ਸੰਕੇਤ ਦਾ ਮਤਲਬ ਹੈ ਕਿ ਤੁਹਾਡਾ ਗੱਡੀ ਹੌਲੀ ਕਰਨਾ ਅਤੇ ਉਸ ਟ੍ਰੈਫਿਕ ਨੂੰ ਲੰਘਣ ਦੇਣਾ ਲਾਜ਼ਮੀ ਹੈ ਜਿਸਨੂੰ ਪਹਿਲਾਂ ਪਾਰ ਕਰਨ ਲਈ ਨਿਕਲਣ-ਦਾ-ਅਧਿਕਾਰ ਹੈ।




### ਗਤੀ ਸੀਮਾ

ਇਹ ਸੰਕੇਤ ਤੁਹਾਨੂੰ ਵੱਧ ਤੋਂ ਵੱਧ ਸੁਰੱਖਿਅਤ ਗਤੀ ਜਾਂ ਲੋੜੀਂਦੀ ਘੱਟੋ-ਘੱਟ ਸੁਰੱਖਿਅਤ ਗਤੀ ਸੀਮਾਵਾਂ ਬਾਰੇ ਦੱਸਦੇ ਹਨ।

- ਵੱਧ ਤੋਂ ਵੱਧ ਗਤੀ ਸੀਮਾ ਆਦਰਸ਼ ਸਥਿਤੀਆਂ ਲਈ ਹੁੰਦੀ ਹੈ। ਜਦੋਂ ਸੜਕ ਦੀਆਂ ਸਥਿਤੀਆਂ ਅਨੁਸਾਰ ਜ਼ਰੂਰੀ ਹੋਵੇ ਤਾਂ ਆਪਣੀ ਗੱਡੀ ਦੀ ਗਤੀ ਨੂੰ ਘਟਾ ਲਓ — ਜਿਵੇਂ ਕਿ ਸੜਕ ਤਿਲਕਣ ਵਾਲੀ ਹੈ ਜਾਂ ਧੁੰਦ ਕਰਕੇ ਦੇਖਣਾ ਮੁਸ਼ਕਲ ਹੈ। ਭਾਵੇਂ ਤੁਸੀਂ ਨਿਰਧਾਰਤ ਗਤੀ ਸੀਮਾ ਤੋਂ ਘੱਟ ਗਤੀ 'ਤੇ ਗੱਡੀ ਚਲਾ ਰਹੇ ਹੋਵੋ, ਫਿਰ ਵੀ ਤੁਹਾਨੂੰ ਸੜਕ ਦੀਆਂ ਸਥਿਤੀਆਂ ਅਨੁਸਾਰ ਬਹੁਤ ਤੇਜ਼ ਗਤੀ ਨਾਲ ਯਾਤਰਾ ਕਰਨ ਲਈ ਟਿਕਟ ਮਿਲ ਸਕਦੀ ਹੈ।
- ਕੁਝ ਸੜਕਾਂ 'ਤੇ ਘੱਟੋ-ਘੱਟ ਗਤੀ ਸੀਮਾਵਾਂ ਹੁੰਦੀਆਂ ਹਨ। ਤੁਹਾਨੂੰ ਘੱਟੋ-ਘੱਟ ਇੰਨੀ ਕੁ ਤੇਜ਼ ਗਤੀ 'ਤੇ ਯਾਤਰਾ ਕਰਨੀ ਜ਼ਰੂਰੀ ਹੁੰਦੀ ਹੈ ਕਿ ਤੁਸੀਂ ਦੂਜੇ ਡਰਾਈਵਰਾਂ ਲਈ ਖਤਰਾ ਨਾ ਬਣੋ।



### ਸੱਜੇ ਪਾਸੇ ਰੱਖੋ

ਇਹ ਸੰਕੇਤ ਯਾਦ ਦਿਵਾਉਂਦਾ ਹੈ ਕਿ ਤੁਸੀਂ ਸੱਜੀ ਲੇਨ ਵਿੱਚ ਰਹਿਣਾ ਹੈ ਬਸ਼ਰਤੇ ਤੁਸੀਂ ਕਿਸੇ ਹੋਰ ਗੱਡੀ ਤੋਂ ਅੱਗੇ ਨਾ ਲੰਘ ਰਹੇ ਹੋਵੋ।

### ਆਟੋਮੇਟਿਡ ਟ੍ਰੈਫਿਕ ਸੁਰੱਖਿਆ ਕੈਮਰੇ




ਇਹ ਕੈਮਰੇ ਆਪਣੇ ਆਪ ਚਿੱਤਰ ਰਿਕਾਰਡ ਕਰਦੇ ਹਨ ਜੇ ਤੁਸੀਂ:

- ਸਥਿਰ ਲਾਲ ਬੱਤੀ 'ਤੇ ਰੁਕਣ ਵਿੱਚ ਅਸਫਲ ਰਹਿੰਦੇ ਹੋ।
- ਰੇਲਰੋਡ ਕ੍ਰਾਸਿੰਗ ਸਿਗਨਲ 'ਤੇ ਰੁਕਣ ਵਿੱਚ ਅਸਫਲ ਰਹਿੰਦੇ ਹੋ।
- ਸਕੂਲ ਜ਼ੋਨ ਵਿੱਚ ਗਤੀ ਸੀਮਾ ਤੋਂ ਵੱਧ 'ਤੇ ਗੱਡੀ ਚਲਾਉਂਦੇ ਹੋ।

ਟ੍ਰੈਫਿਕ ਕੈਮਰਿਆਂ ਵਾਲੀਆਂ ਸਾਰੀਆਂ ਲੋਕੇਸ਼ਨਾਂ 'ਤੇ ਸਪਸ਼ਟ ਰੂਪ ਵਿੱਚ ਨਿਸ਼ਾਨ ਲੱਗੇ ਹੁੰਦੇ ਹਨ। ਇਨ੍ਹਾਂ ਲੋਕੇਸ਼ਨਾਂ ਤੋਂ ਤੇਜ਼ ਗਤੀ ਨਾਲ ਗੱਡੀ ਚਲਾਉਣ ਲਈ ਟਿਕਟਾਂ ਗੱਡੀ ਦੇ ਮਾਲਕ ਨੂੰ ਡਾਕ ਰਾਹੀਂ ਭੇਜੀਆਂ ਜਾਂਦੀਆਂ ਹਨ।

### ਗਤੀ ਦੀ ਚੇਤਾਵਨੀ




ਇਹ ਸੰਕੇਤ ਦਰਸਾਉਂਦੇ ਹਨ ਕਿ ਸੰਭਾਵੀ ਖਤਰੇ ਜਾਂ ਸੜਕ ਦੀ ਸਥਿਤੀ (ਅਕਸਰ ਕਿਸੇ ਕਰਵ ਜਾਂ ਮੋੜ) ਲਈ ਗਤੀ ਨੂੰ ਬਦਲਣ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ। ਸਾਰੇ ਕਾਰਕਾਂ (ਸੜਕ, ਮੌਸਮ, ਟ੍ਰੈਫਿਕ, ਵਗੈਰਾ) ਦੇ ਮੱਦੇਨਜ਼ਰ ਆਪਣੀ ਗੱਡੀ ਦੀ ਗਤੀ ਨੂੰ ਸਹੀ ਤਰੀਕੇ ਨਾਲ ਸਮਾਯੋਜਿਤ ਕਰੋ ਅਤੇ ਗਤੀ ਚੇਤਾਵਨੀ ਸੀਮਾ ਦੀ ਪਾਲਣਾ ਕਰੋ।

### ਬਦਲਵੀਂ ਗਤੀ ਸੀਮਾ ਅਤੇ ਐਡਵਾਂਸਡ ਸੂਚਨਾ




ਇਹ ਡਿਜਿਟਲ ਸੰਕੇਤ ਬਦਲਦੀ ਹੋਈ ਗਤੀ ਸੀਮਾ ਨੂੰ ਦਰਸਾਉਂਦੇ ਹੋਏ ਟ੍ਰੈਫਿਕ ਦੇ ਪ੍ਰਵਾਹ ਨੂੰ ਵੰਡਣ ਦੀ ਕੋਸ਼ਿਸ਼ ਕਰਦੇ ਹਨ। ਡਿਜਿਟਲ ਐਡਵਾਂਸਡ ਸੂਚਨਾ ਸੰਕੇਤ ਸਾਰੀਆਂ ਲੇਨਾਂ ਨੂੰ ਤੇਜ਼ੀ ਨਾਲ ਬੰਦ ਵੀ ਕਰ ਸਕਦੇ ਹਨ ਅਤੇ ਡਰਾਈਵਰਾਂ ਦੇ ਹੌਲੀ ਚਲ ਰਹੇ ਟ੍ਰੈਫਿਕ ਵਿੱਚ ਪਹੁੰਚਣ ਤੋਂ ਪਹਿਲਾਂ ਉਨ੍ਹਾਂ ਨੂੰ ਚੇਤਾਵਨੀ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ।

### ਇੱਕ-ਤਰਫ਼ਾ







ਇਹ ਸੰਕੇਤ ਦੱਸਦੇ ਹਨ ਕਿ ਟ੍ਰੈਫਿਕ ਸਿਰਫ਼ ਤੀਰ ਦੀ ਦਿਸ਼ਾ ਵਿੱਚ ਕਿੱਧਰ ਵੱਲ ਜਾਂਦਾ ਹੈ। ਇੱਕ-ਤਰਫ਼ਾ ਸੜਕ 'ਤੇ ਕਦੇ ਵੀ ਗਲਤ ਦਿਸ਼ਾ ਵਿੱਚ ਗੱਡੀ ਨਾ ਚਲਾਓ।



**ਇਜਾਜ਼ਤ ਨਹੀਂ ਹੈ**

ਕੁਝ ਰੈਗੂਲੇਟਰ ਸੰਕੇਤਾਂ 'ਤੇ ਇੱਕ ਲਾਲ ਗੋਲੇ ਉੱਪਰ ਲਾਲ ਰੰਗ ਦਾ ਇੱਕ ਚੀਰਾ ਲਗਿਆ ਹੁੰਦਾ ਹੈ। ਇਹ ਚਿੰਨ੍ਹ ਦੱਸਦੇ ਹਨ ਕਿ ਕੁਝ ਹਰਕਤਾਂ, ਜਿਵੇਂ ਕਿ ਖੱਬੇ ਮੋੜ, ਸੱਜੇ ਮੋੜ, ਜਾਂ ਯੂ-ਟਰਨ ਦੀ ਇਜਾਜ਼ਤ ਨਹੀਂ ਹੈ।




**ਦਾਖ਼ਲ ਨਾ ਹੋਵੋ**

ਗੋਲ ਚੱਕਰ ਦੇ ਅੰਦਰ ਚਿੱਟੀ ਲੇਟਵੀਂ ਰੇਖਾ ਦੇ ਨਾਲ ਇੱਕ ਵਰਗਾਕਾਰ ਸੰਕੇਤ ਦਾ ਮਤਲਬ ਹੈ ਕਿ ਤੁਸੀਂ ਉਸ ਦਿਸ਼ਾ ਤੋਂ ਸੜਕ 'ਤੇ ਦਾਖ਼ਲ ਨਹੀਂ ਹੋ ਸਕਦੇ।




**ਗਲਤ ਰਾਹ**

ਇਹ ਤੁਹਾਨੂੰ ਚੁਕੰਨੇ ਕਰਦਾ ਹੈ ਕਿ ਤੁਸੀਂ ਗਲਤ ਦਿਸ਼ਾ ਵਿੱਚ ਗੱਡੀ ਚਲਾ ਰਹੇ ਹੋ ਅਤੇ ਇਸਦਾ ਮਕਸਦ ਆਹਮੋ-ਸਾਮ੍ਹਣੇ ਟੱਕਰਾਂ ਹੋਣ ਨੂੰ ਰੋਕਣਾ ਹੁੰਦਾ ਹੈ। ਰੁਕੋ ਅਤੇ ਤੁਰੰਤ ਵਾਪਸ ਮੁੜ ਜਾਓ।







**ਅੱਗੇ ਨਾ ਲੰਘੋ ਅਤੇ ਸੁਰੱਖਿਅਤ ਢੰਗ ਨਾਲ ਅੱਗੇ ਲੰਘੋ**

ਇਹ ਸੰਕੇਤ ਤੁਹਾਨੂੰ ਦੱਸਦੇ ਹਨ ਕਿ ਕਿੱਥੇ ਅੱਗੇ ਲੰਘਣ (ਪਾਸ ਕਰਨ) ਦੀ ਇਜਾਜ਼ਤ ਨਹੀਂ ਹੈ। ਤੁਹਾਨੂੰ ਇਹ ਸੰਕੇਤ ਉਨ੍ਹਾਂ ਥਾਂਵਾਂ 'ਤੇ ਦਿਖਾਈ ਦੇ ਸਕਦੇ ਹਨ ਜਿੱਥੇ ਸੰਭਾਵੀ ਖਤਰੇ ਹੋਣ, ਜਿਵੇਂ ਕਿ ਪਹਾੜੀਆਂ, ਮੋੜ, ਅਤੇ ਚੌਰਾਹੇ, ਅਤੇ ਹੋਰ ਥਾਂਵਾਂ ਜਿੱਥੋਂ ਕੋਈ ਵਾਹਨ ਸੜਕ ਵਿੱਚ ਦਾਖ਼ਲ ਹੋ ਸਕਦਾ ਹੈ। ਕੁਝ ਅਜਿਹੇ ਸੰਕੇਤ ਅਤੇ ਲੇਨ ਦੇ ਨਿਸ਼ਾਨ ਵੀ ਹੁੰਦੇ ਹਨ ਜੋ ਤੁਹਾਨੂੰ ਦੱਸਦੇ ਹਨ ਕਿ ਕਦੋਂ ਅੱਗੇ ਲੰਘਣਾ ਸੁਰੱਖਿਅਤ ਹੈ।




**ਸਾਂਝੀ ਸੈਂਟਰ ਲੇਨ ਸਿਰਫ਼ ਖੱਬੇ ਮੋੜ ਲਈ**

ਇਹ ਸੰਕੇਤ ਦਰਸਾਉਂਦਾ ਹੈ ਕਿ ਕਿਸੇ ਵੀ ਦਿਸ਼ਾ ਤੋਂ ਖੱਬੇ ਮੁੜਨ ਵਾਲੀਆਂ ਗੱਡੀਆਂ ਲਈ ਲੇਨ ਕਿੱਥੇ ਰਾਖਵੀਂ ਹੈ ਅਤੇ ਸਿੱਧੇ ਟ੍ਰੈਫਿਕ ਜਾਂ ਹੋਰ ਵਾਹਨਾਂ ਦੁਆਰਾ ਲੰਘਣ ਵਾਸਤੇ ਵਰਤਣ ਲਈ ਨਹੀਂ ਹੈ। ਸੜਕ 'ਤੇ ਅਕਸਰ ਤੀਰ ਪੇਂਟ ਕੀਤੇ ਹੁੰਦੇ ਹਨ।



**ਗੋਲ ਚੱਕਰ**

ਇਹ ਸੰਕੇਤ ਕਿਸੇ ਗੋਲ ਚੱਕਰ ਵਿੱਚ ਦਾਖਲੇ ਨੂੰ ਦਰਸਾਉਂਦੇ ਹਨ। ਗੋਲ ਚੱਕਰਾਂ 'ਤੇ ਵੀ ਰਾਹ ਦੇਣ, ਪੈਦਲ ਚੱਲਣ ਵਾਲਿਆਂ ਲਈ ਚੇਤਾਵਨੀ, ਅਤੇ ਦਿਸ਼ਾਸੂਚਕ ਤੀਰ ਵਾਲੇ ਸੰਕੇਤ ਲੱਗੇ ਹੋ ਸਕਦੇ ਹਨ।

## ਕੰਮ ਦੇ ਜ਼ੋਨ ਲਈ ਸੰਕੇਤ




ਇਹ ਉਸਾਰੀ, ਰੱਖ-ਰਖਾਅ, ਜਾਂ ਐਮਰਜੈਂਸੀ ਕਾਰਜਾਂ ਦੇ ਸੰਕੇਤ ਤੁਹਾਨੂੰ ਚੇਤਾਵਨੀ ਦਿੰਦੇ ਹਨ ਕਿ ਲੋਕ ਸੜਕ ਦੇ ਨੇੜੇ ਕੰਮ ਕਰ ਰਹੇ ਹਨ। ਮੋਟਰ ਚਾਲਕਾਂ, ਪੈਦਲ ਚੱਲਣ ਵਾਲਿਆਂ ਅਤੇ ਸਾਈਕਲ ਸਵਾਰਾਂ ਲਈ ਹਾਈਵੇਅ ਨਿਰਮਾਣ ਦੇ ਕਿਸੇ ਕਰਮਚਾਰੀ, ਫਲੈਸ਼ ਕਰਦੀਆਂ ਪੀਲੀਆਂ ਲਾਈਟਾਂ ਵਾਲੀਆਂ ਗੱਡੀਆਂ, ਜਾਂ ਹਾਈਵੇਅ ਨਿਰਮਾਣ ਜਾਂ ਰੱਖ-ਰਖਾਅ ਦੇ ਕੰਮ ਵਾਲੇ ਖੇਤਰ ਦੇ ਅੰਦਰ ਉਪਕਰਣਾਂ ਲਈ ਰਾਹ ਦੇਣਾ ਜ਼ਰੂਰੀ ਹੈ। ਉਸਾਰੀ ਵਾਲੇ ਖੇਤਰਾਂ ਵਿੱਚ ਕਰਮੀਆਂ ਦੇ ਮੌਜੂਦ ਹੋਣ ਵੇਲੇ ਗੱਡੀ ਚਲਾਉਂਦਿਆਂ ਕੀਤੇ ਗਏ ਅਪਰਾਧਾਂ ਲਈ ਜੁਰਮਾਨਾ ਦੁੱਗਣਾ ਹੋ ਜਾਂਦਾ ਹੈ।

## ਸੇਵਾ ਸੰਕੇਤ




ਸੇਵਾ ਸੰਕੇਤ ਹਸਪਤਾਲਾਂ, ਇਲੈਕਟ੍ਰਿਕ ਗੱਡੀਆਂ ਦੇ ਚਾਰਜਿੰਗ ਸਟੇਸ਼ਨਾਂ, ਅਤੇ ਅਰਾਮ ਵਾਲੇ ਖੇਤਰਾਂ ਵਰਗੀਆਂ ਵੱਖ-ਵੱਖ ਸੇਵਾਵਾਂ ਦੀ ਲੋਕੇਸ਼ਨ ਨੂੰ ਦਰਸਾਉਂਦੇ ਹਨ।

## ਮਨੋਰੰਜਨ ਸੰਕੇਤ



ਮਨੋਰੰਜਨ ਸੰਕੇਤ ਹਾਈਕਿੰਗ ਟ੍ਰੇਲਾਂ, ਪਿਕਨਿਕ ਦੀਆਂ ਥਾਂਵਾਂ, ਅਤੇ ਸਕੀਇੰਗ ਖੇਤਰਾਂ ਵਰਗੇ ਸਥਾਨਕ ਆਕਰਸ਼ਣਾਂ ਨੂੰ ਦਰਸਾਉਂਦੇ ਹਨ।

## ਟਿਕਾਣਿਆਂ ਦੇ ਸੰਕੇਤ

ਟਿਕਾਣਿਆਂ ਭਾਵ ਡੈਸਟਿਨੇਸ਼ਨ ਦੇ ਚਿੰਨ੍ਹ ਵੱਖ-ਵੱਖ ਲੋਕੇਸ਼ਨਾਂ ਲਈ ਦਿਸ਼ਾਵਾਂ ਅਤੇ ਦੂਰੀਆਂ ਦਰਸਾਉਂਦੇ ਹਨ, ਜਿਵੇਂ ਕਿ ਸ਼ਹਿਰ, ਹਵਾਈ ਅੱਡੇ, ਜਾਂ ਸਟੇਟ ਸੀਮਾਵਾਂ ਜਾਂ ਰਾਸ਼ਟਰੀ ਪਾਰਕਾਂ, ਇਤਿਹਾਸਕ ਖੇਤਰਾਂ, ਜਾਂ ਅਜਾਇਬ ਘਰਾਂ ਵਰਗੇ ਵਿਸ਼ੇਸ਼ ਖੇਤਰ।

ਰੂਟ ਨੰਬਰ ਦੇ ਸੰਕੇਤਾਂ ਦਾ ਅਕਾਰ ਅਤੇ ਰੰਗ ਸੜਕ ਦੀ ਕਿਸਮ ਬਾਰੇ ਦੱਸਦੇ ਹਨ — ਅੰਤਰਰਾਜੀ, ਅਮਰੀਕਾ, ਰਾਜ, ਸ਼ਹਿਰ, ਜਾਂ ਕਾਉਂਟੀ ਦੀ ਸੜਕ।




ਸ਼ਹਿਰ ਦੀ ਮਾਈਲੇਜ




ਵਿਕਲਪਕ ਐਗਜ਼ਿਟ ਅਤੇ ਸਿਰਫ਼ ਐਗਜ਼ਿਟ




ਹਾਈਵੇਅ ਸੰਕੇਤ

# ਹੋਰ ਟ੍ਰੈਫਿਕ ਸੰਕੇਤ

Washington ਰਾਜ ਦੇ ਸਾਰੇ ਨਹੀਂ, ਪਰ ਕੁਝ ਸੰਕੇਤਾਂ ਨੂੰ ਹੇਠਾਂ ਦਿਖਾਇਆ ਗਿਆ ਹੈ। ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਹਾਨੂੰ ਸ਼ਹਿਰ ਅਤੇ ਕਾਉਂਟੀ ਦੇ ਸੰਕੇਤਾਂ ਸਮੇਤ, ਇਨ੍ਹਾਂ ਸਾਰੇ ਸੰਕੇਤਾਂ ਬਾਰੇ ਪਤਾ ਹੋਵੇ।



ਲਾਲ 'ਤੇ ਮੁੜਨਾ ਨਹੀਂ



ਲੇਨ ਵਰਤੋਂ ਕੰਟਰੋਲ



ਮੀਲ ਮਾਰਕਰ



ਸਕੂਲ ਖੇਤਰ ਗਤੀ ਸੀਮਾ



ਅੱਗੇ ਘਟੀ ਹੋਈ ਗਤੀ ਸੀਮਾ



ਰੇਲਰੋਡ ਚੌਰਾਹਾ


ਕ੍ਰਾਸ ਰੋਡ


ਕਰਵ (ਤਿੱਖਾ ਮੋੜ)


ਅੱਗੇ ਹਿਰਨ ਹੋ ਸਕਦਾ ਹੈ


ਪਹਾੜੀ



ਲੋਅ ਕਲੀਅਰੈਂਸ


ਰੱਲਣਾ


ਰੱਲਦਾ ਹੋਇਆ ਟ੍ਰੈਫਿਕ



ਓਵਰਟੇਕ ਕਰਨ ਲਈ ਮਨਾਹੀ ਵਾਲਾ ਖੇਤਰ


ਪੈਦਲ ਚੱਲਣ ਵਾਲਿਆਂ ਲਈ ਕ੍ਰਾਸਿੰਗ


ਉਲਟੀ ਦਿਸ਼ਾਵਾਂ ਵਾਲੇ ਮੋੜ


ਸਕੂਲ ਕ੍ਰਾਸਿੰਗ


ਸਾਈਡ ਰੋਡ



ਅੱਗੇ ਸਿਗਨਲ ਹੈ



ਗਿੱਲੀ ਹੋਣ 'ਤੇ ਫਿਸਲਣ ਵਾਲੀ ਹੁੰਦੀ ਹੈ




ਸੜਕ ਦਾ ਕੱਚਾ ਕਿਨਾਰਾ



ਅੱਗੇ ਰੁਕੋ ਦਾ ਚਿੰਨ੍ਹ ਹੈ



ਤਿੱਖਾ ਮੋੜ



ਦੋ-ਤਰਫ਼ਾ ਟ੍ਰੈਫਿਕ



ਜੋੜੀ ਗਈ ਲੇਨ (ਸੱਜੇ ਪਾਸਿਓਂ, ਲੇਨ ਵਿੱਚ ਰੱਲਣ ਦੀ ਲੋੜ ਨਹੀਂ)



ਅਗਾਊਂ ਚੇਤਾਵਨੀ ਸਾਈਕਲ ਸਵਾਰ



ਅੱਗੇ ਤੰਗ ਸੜਕ ਜਾਂ ਪੁੱਲ ਹੈ



ਗੋਲਾਕਾਰ ਚੌਰਾਹਾ




ਖੱਬੇ ਪਾਸੇ ਮੋੜ 35 ਮੀਲ ਪ੍ਰਤੀ ਘੰਟਾ (Miles per hour, mph) 'ਤੇ ਚੱਲੋ



ਵੰਡਿਆ ਹੋਇਆ ਹਾਈਵੇ (ਸੜਕ) ਸ਼ੁਰੂ ਹੁੰਦਾ ਹੈ



ਵੰਡਿਆ ਹੋਇਆ ਹਾਈਵੇ (ਸੜਕ) ਸਮਾਪਤ ਹੁੰਦਾ ਹੈ




ਹੌਲੀ ਚੱਲਦਾ ਵਾਹਨ



ਘੁਮਾਓਦਾਰ ਸੜਕ




ਸਲਾਹਕਾਰੀ ਗਤੀ




ਟਾਇਰ ਚੇਨ ਦੀ ਵਰਤੋਂ ਬਾਰੇ ਸਲਾਹ



ਲਾਈਟ ਰੇਲ



ਅੱਗੇ ਤਿੱਖਾ ਮੋੜ




ਰੇਲਰੋਡ ਕ੍ਰਾਸਿੰਗ



ਟ੍ਰੈਫਿਕ ਦੀ ਦਿਸ਼ਾ




ਸੁਨਾਮੀ ਖਤਰੇ ਵਾਲਾ ਜ਼ੋਨ




ਰਾਸ਼ਟਰੀ ਜੰਗਲ




ਜਵਾਲਾਮੁਖੀ ਨਿਕਾਸੀ ਰੂਟ

## 4.13 | ਆਮ ਚੌਰਾਹੇ

ਚੌਰਾਹਾ ਕੋਈ ਵੀ ਅਜਿਹਾ ਸਥਾਨ ਹੁੰਦਾ ਹੈ ਜਿੱਥੇ ਦੋ ਜਾਂ ਦੋ ਤੋਂ ਵੱਧ ਸੜਕਾਂ ਇਕੱਠੀਆਂ ਹੁੰਦੀਆਂ ਹਨ। ਚੌਰਾਹੇ ਕਈ ਤਰ੍ਹਾਂ ਦੇ ਹੁੰਦੇ ਹਨ: ਕ੍ਰਾਸ ਸਟ੍ਰੀਟ, ਗੋਲ ਚੱਕਰ, ਹੌਲੀ ਕਰਨ ਵਾਲੇ ਚੱਕਰ, ਸਾਈਡ ਸਟ੍ਰੀਟ, ਡ੍ਰਾਈਵ-ਵੇਅ, ਸ਼ਾਪਿੰਗ ਸੈਂਟਰ, ਅਤੇ ਪਾਰਕਿੰਗ ਲਾਟ ਦੇ ਪ੍ਰਵੇਸ਼ ਦੁਆਰ। ਹਰ ਚੌਰਾਹਾ ਕਾਨੂੰਨੀ ਤੌਰ 'ਤੇ ਇੱਕ ਕ੍ਰਾਸਵਾਕ ਹੁੰਦਾ ਹੈ, ਭਾਵੇਂ ਇਸ 'ਤੇ ਨਿਸ਼ਾਨ ਲੱਗੇ ਹੋਣ ਜਾਂ ਨਹੀਂ। ਹਰ ਕਿਸਮ ਦੇ ਚੌਰਾਹੇ ਲਈ ਸਮਝਦਾਰੀ ਨਾਲ ਫੈਸਲੇ ਲੈਣ, ਸਾਵਧਾਨੀ ਭਰੇ ਵਿਵਹਾਰ, ਅਤੇ ਆਪਣੇ ਆਪ ਬਾਰੇ ਅਤੇ ਦੂਜਿਆਂ ਪ੍ਰਤੀ ਜਾਗਰੂਕਤਾ ਦੀ ਲੋੜ ਹੁੰਦੀ ਹੈ।

ਕਿਸੇ ਚੌਰਾਹੇ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ:

- ਰੁਕੋ ਅਤੇ ਚੌਰਾਹੇ ਵਿੱਚ ਮੌਜੂਦ ਪੈਦਲ ਚੱਲਣ ਵਾਲਿਆਂ ਅਤੇ ਟ੍ਰੈਫਿਕ ਨੂੰ ਨਿਕਲਣ ਦੀ ਰਾਹ ਦਿਓ।
- ਹਰ ਦਿਸ਼ਾ ਵਿੱਚ ਕਈ ਵਾਰ ਦੇਖੋ।
- ਆਪਣੀ ਗੱਡੀ ਦੇ ਸਾਈਡ ਵਾਲੇ ਸ਼ੀਸ਼ਿਆਂ ਅਤੇ ਆਪਣੇ ਮੋਢੇ ਉੱਪਰੋਂ ਸਾਰੇ ਪਾਸੇ ਦੇਖਦੇ ਹੋਏ ਇਹ ਪੱਕਾ ਕਰੋ ਕਿ ਕੋਈ ਸਾਈਕਲ ਸਵਾਰ, ਮੋਟਰਸਾਈਕਲ ਸਵਾਰ, ਜਾਂ ਪੈਦਲ ਯਾਤਰੀ ਤੁਹਾਡੇ ਰਾਹ ਵਿੱਚ ਤਾਂ ਨਹੀਂ ਆ ਰਿਹਾ।
- ਜਦੋਂ ਤੁਸੀਂ ਕਿਸੇ ਨਵੀਂ ਲੇਨ ਜਾਂ ਸੜਕ 'ਤੇ ਅੱਗੇ ਵਧਦੇ ਹੋ ਤਾਂ ਸੜਕ 'ਤੇ ਲੱਗੇ ਨਿਸ਼ਾਨਾਂ ਵੱਲ ਧਿਆਨ ਦਿਓ।
- ਕਿਸੇ ਚੌਰਾਹੇ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਇਹ ਪੱਕਾ ਕਰ ਲਓ ਕਿ ਪਾਰ ਕਰ ਰਿਹਾ ਟ੍ਰੈਫਿਕ ਤੁਹਾਨੂੰ ਸਾਫ਼ ਤੌਰ 'ਤੇ ਦਿਖਾਈ ਦਿੰਦਾ ਹੋਵੇ। ਜੇ ਤੁਸੀਂ ਸਟਾਪ ਲਾਈਨ 'ਤੇ ਰੁਕਦੇ ਹੋ, ਪਰ ਤੁਹਾਨੂੰ ਕ੍ਰਾਸ ਸਟ੍ਰੀਟ 'ਤੇ ਸਾਫ਼ ਦਿਖਾਈ ਨਹੀਂ ਦਿੰਦਾ ਹੈ, ਤਾਂ ਹੌਲੀ-ਹੌਲੀ ਅੱਗੇ ਵਧੋ ਜਦੋਂ ਤੱਕ ਕਿ ਤੁਹਾਨੂੰ ਦਿਖਾਈ ਨਾ ਦੇਣ ਲੱਗ ਜਾਵੇ। ਇਸ ਨਾਲ ਸੜਕ ਪਾਰ ਰਹੇ ਡਰਾਈਵਰਾਂ ਨੂੰ ਤੁਹਾਡੀ ਗੱਡੀ ਦਾ ਮੂਹਰਲਾ ਹਿੱਸਾ ਦਿਖਾਈ ਦੇ ਸਕਦਾ ਹੈ, ਇਸ ਤੋਂ ਪਹਿਲਾਂ ਕਿ ਤੁਸੀਂ ਉਨ੍ਹਾਂ ਨੂੰ ਦੇਖ ਸਕੋ। ਇਸ ਨਾਲ ਉਨ੍ਹਾਂ ਨੂੰ ਗਤੀ ਹੌਲੀ ਕਰਨ ਅਤੇ ਲੋੜ ਪੈਣ 'ਤੇ ਤੁਹਾਨੂੰ ਚੇਤਾਵਨੀ ਦੇਣ ਦਾ ਮੌਕਾ ਮਿਲ ਜਾਂਦਾ ਹੈ।

- ਇਹ ਪੱਕਾ ਕਰ ਲਓ ਕਿ ਚੌਰਾਹੇ ਵਿੱਚ ਕੋਈ ਰੁਕਾਵਟ ਪਾਏ ਬਗੈਰ, ਤੁਹਾਡੇ ਕੋਲ ਸੜਕ ਪਾਰ ਕਰਨ ਜਾਂ ਮੁੜਨ ਲਈ ਬਥੇਰੀ ਥਾਂ ਹੋਵੇ।

ਕਿਸੇ ਚੌਰਾਹੇ ਦੇ ਆਲੇ-ਦੁਆਲੇ ਦੇ ਪੂਰੇ ਖੇਤਰ ਨੂੰ ਸਕੈਨ ਕਰਨਾ ਬਹੁਤ ਹੀ ਜ਼ਰੂਰੀ ਹੁੰਦਾ ਹੈ, ਖਾਸ ਕਰਕੇ ਜਦੋਂ ਤੁਸੀਂ ਸ਼ਾਪਿੰਗ ਸੈਂਟਰਾਂ, ਪਾਰਕਿੰਗ ਸਥਾਨਾਂ, ਉਸਾਰੀ ਵਾਲੇ ਖੇਤਰਾਂ, ਭੀੜਭਾੜ ਵਾਲੇ ਫੁੱਟਪਾਥਾਂ, ਖੇਡ ਦੇ ਮੈਦਾਨਾਂ, ਪਾਰਕਾਂ ਅਤੇ ਸਕੂਲ ਦੇ ਮੈਦਾਨਾਂ ਦੇ ਨੇੜੇ ਹੋਵੋ।

**ਪਹਿਲਾਂ ਨਿਕਲਣ-ਦਾ-ਅਧਿਕਾਰ**

ਪਹਿਲਾਂ ਨਿਕਲਣ-ਦਾ-ਅਧਿਕਾਰ ਸੰਬੰਧੀ ਨਿਯਮ ਉਸ ਕ੍ਰਮ ਨੂੰ ਨਿਰਧਾਰਤ ਕਰਦੇ ਹਨ ਜਿਸ ਵਿੱਚ ਗੱਡੀਆਂ ਚੌਰਾਹੇ ਤੋਂ ਲੰਘਦੀਆਂ ਹਨ। ਇਹ ਕਾਨੂੰਨ ਨਿਰਧਾਰਤ ਕਰਦਾ ਹੈ ਕਿ ਕਿਸ ਨੂੰ ਪਹਿਲਾਂ ਨਿਕਲਣ-ਦਾ-ਅਧਿਕਾਰ ਦੇਣਾ (ਛੱਡਣਾ) ਪਵੇਗਾ।

**ਚੌ-ਤਰਫ਼ਾ ਸਟਾਪ**

ਜਦੋਂ ਤੁਸੀਂ ਸਟਾਪ ਸਾਈਨਾਂ ਦੁਆਰਾ ਨਿਯੰਤ੍ਰਿਤ ਕੀਤੇ ਜਾਂਦੇ ਕਿਸੇ ਚੌਰਾਹੇ 'ਤੇ ਪਹੁੰਚਦੇ ਹੋ, ਤਾਂ ਹੇਠਾਂ ਦੱਸੇ ਗਏ ਨਿਯਮ ਲਾਗੂ ਹੁੰਦੇ ਹਨ:

- ਜੋ ਗੱਡੀ ਉੱਥੇ ਪਹਿਲਾਂ ਪਹੁੰਚਦੀ ਹੈ, ਉਹ ਪਹਿਲਾਂ ਨਿਕਲਦੀ ਹੈ।
- ਦੂਜੀ ਆਉਣ ਵਾਲੀ ਗੱਡੀ ਦੂਜੇ ਨੰਬਰ 'ਤੇ ਜਾਂਦੀ ਹੈ, ਵਗੈਰਾ।
- ਜੇ ਦੋ ਗੱਡੀਆਂ ਤਕਰੀਬਨ ਇੱਕੋ ਵੇਲੇ 'ਤੇ ਪਹੁੰਚਦੀਆਂ ਹਨ, ਤਾਂ ਸੱਜੇ ਪਾਸੇ ਵਾਲੀ ਗੱਡੀ ਨੂੰ ਨਿਕਲਣ ਦਾ ਰਾਹ ਦਿਓ।
- ਖੱਬੇ ਮੁੜਨ ਵਾਲੀ ਕਿਸੇ ਵੀ ਗੱਡੀ ਨੂੰ ਸਿੱਧਾ ਜਾਂ ਸੱਜੇ ਮੁੜਨ ਵਾਲੀਆਂ ਗੱਡੀਆਂ ਲਈ ਨਿਕਲਣ ਦਾ ਰਾਹ ਦੇਣਾ ਜ਼ਰੂਰੀ ਹੁੰਦਾ ਹੈ।

**ਦੋ-ਤਰਫ਼ਾ ਸਟਾਪ**

ਮੋੜ ਮੁੜਨ ਵਾਲੀਆਂ ਗੱਡੀਆਂ ਸਿੱਧਾ ਜਾਣ ਵਾਲੀ ਗੱਡੀ ਨੂੰ ਨਿਕਲਣ ਦਾ ਰਾਹ ਜ਼ਰੂਰ ਦੇਣ।
ਸਿੱਧੀ ਜਾ ਰਹੀ ਗੱਡੀ ਨੂੰ ਪਹਿਲਾਂ ਨਿਕਲਣ-ਦਾ-ਅਧਿਕਾਰ ਹੁੰਦਾ ਹੈ।

## 4.14 | ਮੁੜਨਾ

ਭਾਵੇਂ ਤੁਸੀਂ ਕਿਸੇ ਚੌਰਾਹੇ ਤੋਂ ਖੱਬੇ ਮੁੜ ਰਹੇ ਹੋਵੋ ਜਾਂ ਸੱਜੇ, ਰਾਜ ਦੇ ਕਾਨੂੰਨ ਅਨੁਸਾਰ ਇਹ ਜ਼ਰੂਰੀ ਹੈ ਕਿ ਤੁਸੀਂ ਉਸ ਦਿਸ਼ਾ ਦੇ ਸਭ ਤੋਂ ਨੇੜੇ ਵਾਲੀ ਲੇਨ ਵਿੱਚ ਮੁੜੋ ਜਿੱਥੋਂ ਤੁਸੀਂ ਆ ਰਹੇ ਹੋ।

ਜੇ ਮੁੜਨ ਲਈ ਇੱਕ ਤੋਂ ਵੱਧ ਲੇਨਾਂ ਹਨ, ਤਾਂ ਮੁੜਨ ਵੇਲੇ ਆਪਣੀ ਅਸਲ ਲੇਨ ਵਿੱਚ ਹੀ ਰਹੋ। ਇਹ ਪੱਕਾ ਕਰੋ ਕਿ ਤੁਸੀਂ ਮੁੜਨ ਦੀ ਯੋਜਨਾ ਸਾਵਧਾਨੀ ਨਾਲ ਬਣਾਉਂਦੇ ਹੋ, ਤਾਂ ਜੋ ਤੁਸੀਂ ਮੁੜਦੇ ਵੇਲੇ ਕਿਸੇ ਹੋਰ ਲੇਨ ਵਿੱਚ ਨਾ ਮੁੜ ਜਾਓ।

ਜਦੋਂ ਤੁਸੀਂ ਪੂਰੀ ਤਰ੍ਹਾਂ ਮੁੜ ਜਾਓ, ਤਾਂ ਲੋੜ ਪੈਣ 'ਤੇ ਤੁਸੀਂ ਕਿਸੇ ਹੋਰ ਲੇਨ ਵਿੱਚ ਜਾ ਸਕਦੇ ਹੋ।






ਸਾਹਮਣਿਓਂ ਆਉਣ ਵਾਲੇ ਟ੍ਰੈਫਿਕ ਦੇ ਖੱਬੇ ਜਾਂ ਸੱਜੇ ਮੁੜਨ ਤੋਂ ਘੱਟੋ-ਘੱਟ 100 ਫੁੱਟ ਪਹਿਲਾਂ ਹੀ ਆਪਣੀ ਗੱਡੀ ਦਾ ਮੁੜਨ ਦਾ ਸਿਗਨਲ ਚਾਲੂ ਕਰ ਦਿਓ। ਉਸ ਤੋਂ ਬਾਅਦ, ਟ੍ਰੈਫਿਕ ਵਿੱਚ ਇੱਕ ਸੁਰੱਖਿਅਤ ਫ਼ਾਸਲਾ ਲੱਭੋ। ਜਿਸ ਸੜਕ 'ਤੇ ਤੁਸੀਂ ਮੁੜ ਰਹੇ ਹੋ, ਉਸਨੂੰ ਦੇਖ ਕੇ ਇਹ ਪੱਕਾ ਕਰ ਲਓ ਕਿ ਕੋਈ ਗੱਡੀਆਂ, ਪੈਦਲ ਚੱਲਣ ਵਾਲੇ ਜਾਂ ਸਾਈਕਲ ਸਵਾਰ ਤੁਹਾਡੇ ਰਸਤੇ ਵਿੱਚ ਜਾਂ ਰਸਤੇ ਦੇ ਨੇੜੇ ਤਾਂ ਨਹੀਂ ਆ ਰਹੇ।

**ਆਪਣੇ ਪਿੱਛੇ ਸਾਈਕਲ ਸਵਾਰਾਂ ਨੂੰ ਦੇਖੋ ਅਤੇ ਮੋੜ ਮੁੜਨ ਤੋਂ ਪਹਿਲਾਂ ਉਨ੍ਹਾਂ ਨੂੰ ਲੰਘਣ ਦਿਓ।**

ਸਾਈਕਲ ਸਵਾਰ ਤੁਹਾਡੇ ਵੱਲ ਤੁਹਾਡੀ ਸੋਚ ਤੋਂ ਵੀ ਵਧੇਰੇ ਤੇਜ਼ੀ ਨਾਲ ਆ ਰਹੇ ਹੋ ਸਕਦੇ ਹਨ। ਇਹ ਯਕੀਨੀ ਬਣਾਓ ਕਿ ਤੁਹਾਡੇ ਕੋਲ ਸੁਰੱਖਿਅਤ ਤੌਰ 'ਤੇ ਮੁੜਨ ਲਈ ਸਮਾਂ ਹੋਵੇ।

## ਯੂ-ਟਰਨ

ਜੇ ਤੁਹਾਨੂੰ ਵਾਪਸ ਮੁੜਨ ਦੀ ਲੋੜ ਹੋਵੇ, ਤਾਂ ਅਜਿਹੇ ਸੰਕੇਤਾਂ ਨੂੰ ਦੇਖੋ ਜੋ ਦੱਸਦੇ ਹਨ ਕਿ ਯੂ-ਟਰਨ ਲੈਣ ਦੀ ਇਜਾਜ਼ਤ ਹੈ ਜਾਂ ਨਹੀਂ। ਯੂ-ਟਰਨ ਲੈਣ ਤੋਂ ਪਹਿਲਾਂ ਤੁਹਾਨੂੰ ਸਾਰੀਆਂ ਦਿਸ਼ਾਵਾਂ ਵਿੱਚ ਸਾਫ਼ ਦਿਖਾਈ ਦੇਣਾ ਜ਼ਰੂਰੀ ਹੈ। ਇਸ ਕਰਕੇ, ਕਿਸੇ ਕਰਵ 'ਤੇ ਜਾਂ ਪਹਾੜੀ ਦੀ ਚੋਟੀ ਦੇ ਨੇੜੇ ਪਹੁੰਚਣ 'ਤੇ ਯੂ-ਟਰਨ ਨਾ ਲਓ। Washington ਵਿੱਚ, ਆਮ ਤੌਰ 'ਤੇ ਯੂ-ਟਰਨ ਦੀ ਇਜਾਜ਼ਤ ਹੁੰਦੀ ਹੈ ਬਸ਼ਰਤੇ ਇਹ ਦੱਸਦਾ ਹੋਇਆ ਸੰਕੇਤ ਨਾ ਲੱਗਿਆ ਹੋਵੇ ਕਿ ਯੂ-ਟਰਨ ਲੈਣ ਦੀ ਇਜਾਜ਼ਤ ਨਹੀਂ ਹੈ।




### ਕ੍ਰਾਸ ਇੰਟਰਸੈਕਸ਼ਨ (ਚੌਰਾਹਾ)

ਚੌਰਾਹਾ ਇੱਕ ਚੌਤਰਫ਼ਾ ਜੰਕਸ਼ਨ ਹੁੰਦਾ ਹੈ ਜਿਸ ਵਿੱਚ ਹਰ ਦਿਸ਼ਾ ਤੋਂ ਇੱਕ ਜਾਂ ਵੱਧ ਲੇਨਾਂ ਆ-ਜਾ ਰਹੀਆਂ ਹੁੰਦੀਆਂ ਹਨ। ਇਸ ਉੱਪਰ ਟ੍ਰੈਫਿਕ ਲਾਈਟਾਂ, ਸੜਕਾਂ ਲਈ ਸੰਕੇਤ, ਅਤੇ ਜਾਂ ਸੜਕ ਉੱਪਰ ਨਿਸ਼ਾਨ ਲੱਗੇ ਹੋ ਸਕਦੇ ਹਨ। ਚੌਰਾਹਿਆਂ 'ਤੇ ਪਹਿਲਾਂ ਨਿਕਲਣ-ਦੇ-ਅਧਿਕਾਰ ਸੰਬੰਧੀ ਕਾਨੂੰਨ ਬਾਰੇ ਜਾਣੋ ਅਤੇ ਉਨ੍ਹਾਂ ਦੀ ਪਾਲਣਾ ਕਰੋ।




### ਟੀ-ਅਕਾਰ ਵਾਲਾ ਚੌਰਾਹਾ

ਟੀ-ਅਕਾਰ ਵਾਲਾ ਚੌਰਾਹਾ ਇੱਕ ਤਿੰਨ-ਤਰਫ਼ਾ ਜੰਕਸ਼ਨ ਹੁੰਦਾ ਹੈ ਜਿੱਥੇ ਇੱਕ ਸੜਕ ਖਤਮ ਹੁੰਦੀ ਹੈ ਅਤੇ ਕਿਸੇ ਸਿੱਧੀ ਸੜਕ ਵਿੱਚ ਜਾ ਮਿਲਦੀ ਹੈ। ਕੁਝ ਟੀ-ਅਕਾਰ ਵਾਲਾ ਚੌਰਾਹਿਆਂ ਵਿੱਚ ਰਾਹ ਦਿਓ ਜਾਂ ਰੁਕੋ ਦਾ ਸੰਕੇਤ ਲੱਗਿਆ ਹੋਵੇਗਾ ਜੋ ਤੁਹਾਨੂੰ ਦੱਸਦਾ ਹੈ ਕਿ ਲੰਘ ਰਹੇ ਟ੍ਰੈਫਿਕ ਨੂੰ ਪਹਿਲਾਂ ਨਿਕਲਣ-ਦਾ-ਅਧਿਕਾਰ ਹੈ।




### ਵਾਈ-ਅਕਾਰ ਵਾਲਾ ਚੌਰਾਹਾ

ਵਾਈ-ਅਕਾਰ ਵਾਲਾ ਚੌਰਾਹਾ ਉਹ ਹੁੰਦਾ ਹੈ ਜਿੱਥੇ ਇੱਕ ਛੋਟੀ ਸੜਕ ਵਧੇਰੇ ਮੁੱਖ ਰੂਟਾਂ ਨਾਲ ਜੁੜਦੀ ਹੈ। ਜਿਸ ਥਾਂ ਛੋਟੀ ਸੜਕ ਮੁੱਖ ਸੜਕ ਨਾਲ ਜੁੜਦੀ ਹੈ, ਉੱਥੇ ਇੱਕ ਰੁਕੋ ਦਾ ਸੰਕੇਤ ਲਗਿਆ ਹੋ ਸਕਦਾ ਹੈ। ਮੁੱਖ ਸੜਕਾਂ 'ਤੇ ਮੌਜੂਦ ਕਾਰਾਂ ਨੂੰ ਪਹਿਲਾਂ ਨਿਕਲਣ-ਦਾ-ਅਧਿਕਾਰ ਹੁੰਦਾ ਹੈ।



**ਬਲੌਕ ਦੇ ਵਿਚਕਾਰ ਕ੍ਰਾਸਿੰਗ**

ਇਹ ਸੜਕ ਦੇ ਵਿਚਕਾਰ ਬਣੇ ਕ੍ਰਾਸਵਾਕ (ਪੈਦਲ ਸੜਕ ਪਾਰ ਕਰਨ ਵਾਲੇ ਰਸਤੇ) ਹੁੰਦੇ ਹਨ। ਪੈਦਲ ਚੱਲਣ ਵਾਲਿਆਂ ਨੂੰ **ਹਮੇਸ਼ਾ** ਇੱਕ ਨਿਸ਼ਾਨ ਲੱਗੇ ਕ੍ਰਾਸਵਾਕ 'ਤੇ ਪਹਿਲਾਂ ਨਿਕਲਣ-ਦਾ-ਅਧਿਕਾਰ ਹੁੰਦਾ ਹੈ।

ਡਰਾਈਵਰਾਂ ਨੂੰ ਪੈਦਲ ਚੱਲਣ ਵਾਲਿਆਂ ਅਤੇ ਸਾਈਕਲ ਸਵਾਰਾਂ ਨੂੰ ਸੜਕ ਪਾਰ ਕਰਨ ਦੇਣ ਲਈ ਰੁਕਣਾ ਚਾਹੀਦਾ ਹੈ, ਭਾਵੇਂ ਕ੍ਰਾਸਵਾਕ 'ਤੇ ਰੁਕੋ ਦਾ ਸੰਕੇਤ ਲਗਿਆ ਹੋਵੇ ਜਾਂ ਨਹੀਂ।

## 4.15 | ਹੋਰ ਚੌਰਾਹੇ



**ਟ੍ਰੈਫਿਕ ਨੂੰ ਹੌਲੀ ਕਰਨ ਵਾਲੇ ਚੱਕਰ**

ਟ੍ਰੈਫਿਕ ਨੂੰ ਹੌਲੀ ਕਰਨ ਵਾਲਾ ਚੱਕਰ ਇੱਕ ਚੌਰਾਹਾ ਹੁੰਦਾ ਹੈ ਜਿਸ ਦੇ ਸੈਂਟਰ ਵਿੱਚ ਇੱਕ ਪੇਂਟ ਕੀਤਾ ਹੋਇਆ ਜਾਂ ਉੱਚਾ ਜਿਹਾ ਸਥਾਨ (ਆਈਲੈਂਡ) ਹੁੰਦਾ ਹੈ ਜਿਸਦੇ ਆਲੇ-ਦੁਆਲੇ ਟ੍ਰੈਫਿਕ ਘੜੀ ਦੀ ਉਲਟ ਦਿਸ਼ਾ ਵਿੱਚ ਚਲਦਾ ਹੈ। ਇਸ ਕਿਸਮ ਦੇ ਚੌਰਾਹੇ 'ਤੇ ਆਉਂਦੇ ਸਾਰੇ ਜਾਂ ਕੁਝ ਮਾਰਗਾਂ 'ਤੇ ਰਾਹ ਦਿਓ ਦੇ ਸੰਕੇਤ ਹੋ ਸਕਦੇ ਹਨ, ਜਾਂ ਕਿਸੇ 'ਤੇ ਵੀ ਨਹੀਂ। ਇਹ 4-ਤਰਫ਼ਾ, 3-ਤਰਫ਼ਾ, ਜਾਂ 2-ਤਰਫ਼ਾ ਚੌਰਾਹਿਆਂ 'ਤੇ ਮਿਲ ਸਕਦੇ ਹਨ। ਪਹਿਲਾਂ ਨਿਕਲਣ-ਦੇ-ਅਧਿਕਾਰ ਦੇ ਉਹੀ ਨਿਯਮ ਲਾਗੂ ਕਰੋ ਜੋ ਤੁਸੀਂ ਕਿਸੇ ਵੀ ਹੋਰ ਚੌਰਾਹੇ 'ਤੇ ਲਾਗੂ ਕਰਦੇ ਹੋ।

ਟ੍ਰੈਫਿਕ ਨੂੰ ਹੌਲੀ ਕਰਨ ਵਾਲੇ ਚੱਕਰ ਯਾਤਰੀ ਲਿਜਾਉਣ ਵਾਲੇ ਵਾਹਨਾਂ ਲਈ ਹੁੰਦੇ ਹਨ ਅਤੇ ਇਨ੍ਹਾਂ ਵਿੱਚ ਫਾਇਰ ਟਰੱਕਾਂ, ਬੱਸਾਂ, ਜਾਂ ਡਿਲਿਵਰੀ ਟਰੱਕਾਂ ਵਰਗੇ ਵੱਡੇ ਵਾਹਨਾਂ ਆਸਾਨੀ ਨਾਲ ਨਹੀਂ ਨਿਕਲ ਸਕਦੇ ਹਨ। ਜ਼ਿਆਦਾ ਵੱਡੇ ਵਾਹਨਾਂ ਨੂੰ ਬਥੇਰੀ ਥਾਂ ਦਿਓ ਅਤੇ ਇਹ ਜਾਣ ਲਓ ਕਿ ਉਨ੍ਹਾਂ ਨੂੰ ਇਸ ਚੱਕਰ ਤੋਂ ਲੰਘਣ ਲਈ ਘੜੀ ਦੀ ਦਿਸ਼ਾ ਵੱਲ ਚਲਣਾ ਪੈ ਸਕਦਾ ਹੈ।

## ਗੋਲ ਚੱਕਰ

ਗੋਲ ਚੱਕਰ ਇੱਕ ਗੋਲ ਚੌਰਾਹਾ ਹੁੰਦਾ ਹੈ ਜਿੱਥੇ ਆਉਣ ਵਾਲੇ ਸਾਰੇ ਵਾਹਨ ਪ੍ਰਵੇਸ਼ ਕਰਨ ਵੇਲੇ ਰੁਕਦੇ ਹਨ ਅਤੇ ਸੈਂਟਰ ਵਿੱਚ ਇੱਕ ਉਭਰੀ ਹੋਈ ਥਾਂ (ਆਈਲੈਂਡ) ਦੇ ਆਲੇ-ਦੁਆਲੇ ਘੜੀ ਦੀ ਉਲਟ ਦਿਸ਼ਾ ਵਿੱਚ ਯਾਤਰਾ ਕਰਦੇ ਹਨ।

ਗੋਲ ਚੱਕਰਾਂ ਨੂੰ ਵੱਖ-ਵੱਖ ਤਰ੍ਹਾਂ ਦੇ ਵਰਤੋਂਕਾਰਾਂ ਲਈ ਤਿਆਰ ਕੀਤਾ ਜਾਂਦਾ ਹੈ, ਜਿਨ੍ਹਾਂ ਵਿੱਚ ਕਾਰਾਂ, ਫਾਇਰ ਟਰੱਕ, ਬੱਸਾਂ, ਡਿਲੀਵਰੀ ਕਰਨ ਵਾਲੀਆਂ ਗੱਡੀਆਂ, ਮਾਲ ਢੋਣ ਵਾਲੇ ਟਰੱਕ, ਸਾਈਕਲ ਸਵਾਰ ਅਤੇ ਪੈਦਲ ਯਾਤਰੀ ਸ਼ਾਮਲ ਹੁੰਦੇ ਹਨ।



ਗੋਲ ਚੱਕਰਾਂ ਦੇ ਸੈਂਟਰ ਵਿੱਚ ਉਭਰੀ ਹੋਈ ਥਾਂ ਦੇ ਆਲੇ-ਦੁਆਲੇ ਇੱਕ ਟਰੱਕ ਦੇ ਮੋੜਨ ਲਈ ਬਣਾਈ ਗਈ ਥਾਂ ਹੋ ਸਕਦੀ ਹੈ। ਟਰੱਕ ਦੇ ਮੋੜਨ ਲਈ ਬਣਾਈ ਗਈ ਥਾਂ ਵੱਡੇ ਵਾਹਨਾਂ ਵਾਸਤੇ ਤਿਆਰ ਕੀਤੀ ਜਾਂਦੀ ਹੈ। ਵੱਡੇ ਵਾਹਨਾਂ ਨੂੰ ਬਹੁਤ ਸਾਰੀ ਥਾਂ ਦਿਓ ਕਿਉਂਕਿ ਜਦੋਂ ਉਹ ਚੌਰਾਹੇ ਕੋਲ ਪਹੁੰਚਦੇ ਅਤੇ ਉੱਥੋਂ ਲੰਘਦੇ ਹਨ ਤਾਂ ਉਨ੍ਹਾਂ ਨੂੰ ਟਰੱਕ ਦੇ ਮੋੜਨ ਲਈ ਬਣਾਈ ਗਈ ਥਾਂ ਅਤੇ ਦੋਵੇਂ ਲੇਨਾਂ ਨੂੰ ਪਾਰ ਕਰਨ ਦੀ ਇਜਾਜ਼ਤ ਹੁੰਦੀ ਹੈ।

ਸਾਈਕਲ ਸਵਾਰ ਪੈਦਲ ਚੱਲਣ ਵਾਲੇ ਲੋਕਾਂ ਜਾਂ ਇੱਕ ਗੱਡੀ ਦੇ ਤੌਰ 'ਤੇ ਗੋਲ ਚੱਕਰ ਤੋਂ ਲੰਘਣ ਦੀ ਚੋਣ ਕਰ ਸਕਦੇ ਹਨ। ਇੱਕ ਵਾਹਨ ਦੇ ਤੌਰ 'ਤੇ ਯਾਤਰਾ ਕਰਦੇ ਹੋਏ, ਸਾਈਕਲ ਸਵਾਰਾਂ ਨੂੰ ਲੇਨ ਦੇ ਵਿਚਕਾਰ ਸਾਈਕਲ ਚਲਾਉਣਾ ਚਾਹੀਦਾ ਹੈ ਤਾਂ ਜੋ ਉਹ ਡਰਾਈਵਰਾਂ ਨੂੰ ਦਿਖਾਈ ਦੇ ਸਕਣ।

**ਗੋਲ ਚੱਕਰ 'ਤੇ ਕਿਵੇਂ ਡਰਾਈਵ ਕਰੀਏ**

1. ਗੋਲ ਚੱਕਰ ਕੋਲ ਪਹੁੰਚਦਿਆਂ ਹੌਲੀ ਹੋ ਜਾਓ। ਗੋਲ ਚੱਕਰਾਂ ਨੂੰ 15 ਅਤੇ 25 ਮੀਲ ਪ੍ਰਤੀ ਘੰਟਾ ਦੇ ਵਿਚਕਾਰ ਦੀ ਗਤੀ ਲਈ ਬਣਾਇਆ ਗਿਆ ਹੁੰਦਾ ਹੈ।
2. ਜਦੋਂ ਤੁਸੀਂ ਗੋਲ ਚੱਕਰ ਦੇ ਕੋਲ ਪਹੁੰਚਦੇ ਹੋ ਤਾਂ ਇੱਕ ਲੇਨ ਚੁਣੋ। ਲੇਨ ਦੀ ਚੋਣ ਦਾ ਸੰਕੇਤ ਤੁਹਾਨੂੰ ਦੱਸਦਾ ਹੈ ਕਿ ਕਿਹੜੀਆਂ ਲੇਨਾਂ ਨੂੰ ਸੱਜੇ ਮੋੜ ਲਈ, ਸਿੱਧਾ ਜਾਣ ਲਈ, ਅਤੇ ਖੱਬੇ ਮੁੜਨ ਲਈ ਵਰਤਿਆ ਜਾਂਦਾ ਹੈ। ਜਦੋਂ ਤੁਸੀਂ ਕੋਈ ਲੇਨ ਚੁਣ ਲੈਂਦੇ ਹੋ, ਤਾਂ ਜਦੋਂ ਤੱਕ ਤੁਸੀਂ ਗੋਲ ਚੱਕਰ ਤੋਂ ਬਾਹਰ ਨਹੀਂ ਨਿਕਲ ਜਾਂਦੇ ਉਦੋਂ ਤੱਕ ਉਸੇ ਲੇਨ ਵਿੱਚ ਹੀ ਰਹੋ।
3. ਗੋਲ ਚੱਕਰ ਵਿੱਚ ਦਾਖ਼ਲ ਹੋਣ ਅਤੇ ਬਾਹਰ ਨਿਕਲਣ ਵੇਲੇ, ਕ੍ਰਾਸਵਾਕ 'ਤੇ ਪੈਦਲ ਚੱਲਣ ਵਾਲਿਆਂ ਅਤੇ ਸਾਈਕਲ ਸਵਾਰਾਂ ਲਈ ਰੁਕੋ।
4. ਗੋਲ ਚੱਕਰ ਵਿੱਚ ਮੌਜੂਦ ਸਾਰੇ ਟ੍ਰੈਫਿਕ ਨੂੰ ਪਹਿਲਾਂ ਨਿਕਲਣ ਦਾ ਅਧਿਕਾਰ ਦਿਓ। ਗੋਲ ਚੱਕਰ ਵਿੱਚ ਪਹਿਲਾਂ ਤੋਂ ਮੌਜੂਦ ਸਾਰੇ ਟ੍ਰੈਫਿਕ ਲਈ ਖੱਬੇ ਪਾਸੇ ਦੇਖੋ ਅਤੇ ਰਾਹ ਦਿਓ ਕਿਉਂਕਿ ਉਨ੍ਹਾਂ ਨੂੰ ਪਹਿਲਾਂ ਨਿਕਲਣ-ਦਾ-ਅਧਿਕਾਰ ਹੈ। ਜਦੋਂ ਤੁਹਾਨੂੰ ਟ੍ਰੈਫਿਕ ਵਿੱਚ ਕੋਈ ਫ਼ਾਸਲਾ ਦਿਖਾਈ ਦੇਵੇ, ਤਾਂ ਗੋਲ ਚੱਕਰ ਵਿੱਚ ਦਾਖ਼ਲ ਹੋਵੋ ਅਤੇ ਆਪਣੀ ਐਗਜ਼ਿਟ ਵੱਲ ਵਧੋ। ਟਰੱਕਾਂ ਦੇ ਪਿੱਛੇ ਸੁਰੱਖਿਅਤ ਦੂਰੀ ਬਣਾ ਕੇ ਰੱਖਣਾ ਯਾਦ ਰੱਖੋ ਕਿਉਂਕਿ ਉਨ੍ਹਾਂ ਨੂੰ ਬਹੁਤ ਸਾਰੀ ਥਾਂ ਦੀ ਲੋੜ ਹੁੰਦੀ ਹੈ ਅਤੇ ਦੋਵੇਂ ਲੇਨਾਂ ਵਰਤਣ ਦੀ ਇਜਾਜ਼ਤ ਹੁੰਦੀ ਹੈ।
5. ਘੜੀ ਦੀ ਉਲਟ ਦਿਸ਼ਾ ਵੱਲ ਗੱਡੀ ਚਲਾਉਂਦੇ ਹੋਏ ਅਤੇ ਆਪਣੀ ਲੇਨ ਵਿੱਚ ਰਹਿੰਦੇ ਹੋਏ, ਗੋਲ ਚੱਕਰ ਦੇ ਸੱਜੇ ਪਾਸੇ ਵੱਲ ਦਾਖ਼ਲ ਹੋਵੋ।
6. ਜਿਸ ਸੜਕ ਤੋਂ ਤੁਸੀਂ ਐਗਜ਼ਿਟ ਕਰਨੀ ਚਾਹੁੰਦੇ ਹੋ, ਉੱਥੋਂ ਬਾਹਰ ਨਿਕਲ ਜਾਓ।
7. ਜੇ ਕੋਈ ਐਮਰਜੈਂਸੀ ਗੱਡੀ ਨੇੜੇ ਆਉਂਦੀ ਹੈ ਤਾਂ ਗੋਲ ਚੱਕਰ ਵਿੱਚੋਂ ਲੰਘਦਿਆਂ ਗੱਡੀ ਨੂੰ ਬਿਲਕੁਲ ਉਸੇ ਤਰ੍ਹਾਂ ਸੜਕ ਦੇ ਕਿਨਾਰੇ 'ਤੇ ਰੋਕ ਲਓ, ਜਿਵੇਂ ਤੁਸੀਂ ਕਿਸੇ ਵੀ ਹੋਰ ਚੌਰਾਹੇ 'ਤੇ ਕਰੋਗੇ।




## ਡਾਇਵਰਜਿੰਗ ਡਾਇਮੰਡਜ਼

ਵਿਖਰਦੇ ਹੀਰੇ ਦੇ ਆਕਾਰ ਵਾਲਾ ਇੰਟਰਚੇਂਜ Washington ਵਿੱਚ ਇੱਕ ਨਵੀਂ ਤਰ੍ਹਾਂ ਦਾ ਚੌਰਾਹਾ ਹੈ। ਇਸਨੂੰ ਅਜਿਹੇ ਤਰੀਕੇ ਨਾਲ ਡਿਜ਼ਾਈਨ ਕੀਤਾ ਜਾਂਦਾ ਹੈ ਤਾਂ ਜੋ ਟ੍ਰੈਫਿਕ ਸੜਕ ਪਾਰ ਕਰਕੇ ਇਸਦੇ ਦੂਜੇ ਪਾਸੇ ਜਾ ਸਕੇ। ਹੋ ਸਕਦਾ ਹੈ ਕਿ ਇਹ ਤਰਕਸੰਗਤ ਨਾ ਲੱਗੇ ਕਿਉਂਕਿ ਤੁਸੀਂ ਉਲਟ ਦਿਸ਼ਾ ਵਿੱਚ ਜਾ ਰਹੇ ਟ੍ਰੈਫਿਕ ਵਾਲੀਆਂ ਲੇਨਾਂ ਨੂੰ ਪਾਰ ਕਰਦੇ ਹੋ। ਇਸ ਚੌਰਾਹੇ ਨਾਲ ਵਾਹਨ ਖੱਬੇ ਪਾਸੇ (ਫ੍ਰੀਵੇਅ ਰੈਂਪ 'ਤੇ ਅਤੇ ਇਸ ਤੋਂ ਬਾਹਰ) ਵੱਲ ਵਧੇਰੇ ਕਾਰਗਰ ਤਰੀਕੇ ਨਾਲ ਮੁੜ ਸਕਦੇ ਹਨ। ਇਹ ਚੌਰਾਹੇ ਅਜਿਹੇ ਸਥਾਨਾਂ ਦੀ ਗਿਣਤੀ ਨੂੰ ਘਟਾਉਂਦੇ ਹਨ ਜਿੱਥੇ ਗੱਡੀਆਂ ਇੱਕ ਦੂਜੇ ਦੇ ਰਾਹਾਂ ਨੂੰ ਪਾਰ ਕਰਦੀਆਂ ਹਨ, ਜਿਸ ਨਾਲ ਟੱਕਰਾਂ ਹੋਣ ਦਾ ਜੋਖ਼ਮ ਘੱਟ ਜਾਂਦਾ ਹੈ। ਸਾਹਮਣਿਓਂ ਆਉਂਦੇ ਟ੍ਰੈਫਿਕ ਵਿੱਚੋਂ ਖੱਬੇ ਮੋੜ ਨੂੰ ਖਤਮ ਕਰਕੇ, ਵਿਖਰਦੇ ਹੀਰੇ ਦੇ ਆਕਾਰ ਵਾਲੇ ਚੌਰਾਹੇ ਟ੍ਰੈਫਿਕ ਦੀ ਚਾਲ ਵਿੱਚ ਸੁਧਾਰ ਕਰਦੇ ਹਨ ਅਤੇ ਟ੍ਰੈਫਿਕ ਦੀ ਭੀੜ ਨੂੰ ਘਟਾਉਂਦੇ ਹਨ।

### ਕੀ ਉਮੀਦ ਕੀਤੀ ਜਾਵੇ

- ਲੇਨ ਬਦਲਣਾ। ਜਦੋਂ ਹੀ ਤੁਸੀਂ ਇੰਟਰਚੇਂਜ ਦੇ ਨੇੜੇ ਪਹੁੰਚੋਗੇ, ਤੁਹਾਨੂੰ ਸੜਕ ਦੇ ਖੱਬੇ ਪਾਸੇ ਵੱਲ ਜਾਣ ਵਾਸਤੇ ਰਾਹ ਦਿਖਾਇਆ ਜਾਵੇਗਾ। ਸ਼ੁਰੂ ਵਿੱਚ ਇਹ ਸ਼ਾਇਦ ਅਜੀਬ ਲੱਗ ਸਕਦਾ ਹੈ, ਕਿਉਂਕਿ ਤੁਸੀਂ ਸੜਕ ਦੇ ਉਲਟ ਪਾਸੇ ਵੱਲ ਗੱਡੀ ਚਲਾ ਰਹੇ ਹੋਵੋਗੇ, ਪਰ ਸਪਸ਼ਟ ਤੌਰ 'ਤੇ ਲੱਗੇ ਨਿਸ਼ਾਨ ਅਤੇ ਸਿਗਨਲ ਤੁਹਾਨੂੰ ਰਾਹ ਦਿਖਾਉਣਗੇ।
- ਫ੍ਰੀ-ਫਲੋ ਵਾਲੇ ਖੱਬੇ ਮੋੜ। ਇਸਦਾ ਮੁੱਖ ਫਾਇਦਾ ਇਹ ਹੈ ਕਿ ਇਸ ਨਾਲ ਤੁਸੀਂ ਬਿਨਾਂ ਰੁਕੇ ਜਾਂ ਸਾਹਮਣਿਓਂ ਆਉਂਦੇ ਟ੍ਰੈਫਿਕ ਨੂੰ ਰਾਹ ਦਿੱਤੇ ਬਗੈਰ ਫ੍ਰੀਵੇਅ 'ਤੇ ਖੱਬੇ ਮੁੜ ਸਕਦੇ ਹੋ।
- ਨਾਰਮਲ ਵੱਲ ਵਾਪਸੀ। ਓਵਰਪਾਸ ਜਾਂ ਅੰਡਰਪਾਸ ਨੂੰ ਪਾਰ ਕਰਨ ਮਗਰੋਂ, ਤੁਹਾਨੂੰ ਸੜਕ ਦੇ ਸੱਜੇ ਪਾਸੇ ਵਾਪਸ ਪਾਰ ਜਾਣ ਲਈ ਕਿਹਾ ਜਾਵੇਗਾ।

### ਕੀ ਕੀਤਾ ਜਾਵੇ

- ਸੰਕੇਤਾਂ ਅਤੇ ਫੁੱਟਪਾਥ ਦੇ ਨਿਸ਼ਾਨਾਂ ਵੱਲ ਪੂਰਾ ਧਿਆਨ ਦਿਓ। ਇਹ ਤੁਹਾਨੂੰ ਲੇਨ ਬਦਲੀ ਕਰਨ ਅਤੇ ਮੋੜਾਂ ਬਾਰੇ ਰਾਹ ਦਿਖਾਉਣਗੇ।
- ਫ੍ਰੀਵੇਅ ਉੱਪਰ ਖੱਬੇ ਮੁੜਦੇ ਵੇਲੇ ਸਾਹਮਣਿਓਂ ਆਉਂਦੇ ਟ੍ਰੈਫਿਕ ਦੀ ਚਿੰਤਾ ਨਾ ਕਰੋ। ਇਹ ਡਿਜ਼ਾਈਨ ਸਾਹਮਣਿਓਂ ਆਉਣ ਵਾਲੀਆਂ ਗੱਡੀਆਂ ਨਾਲ ਟਕਰਾਅ ਨੂੰ ਖਤਮ ਕਰ ਦਿੰਦਾ ਹੈ।
- ਚੁਕੰਨੇ ਰਹੋ ਅਤੇ ਸੁਰੱਖਿਅਤ ਗਤੀ ਨਾਲ ਗੱਡੀ ਚਲਾਓ। ਭਾਵੇਂ ਟ੍ਰੈਫਿਕ ਦੀ ਚਾਲ ਵਿੱਚ ਸੁਧਾਰ ਹੋਇਆ ਹੋਵੇ, ਫਿਰ ਵੀ ਆਪਣੇ ਆਲੇ-ਦੁਆਲੇ ਤੋਂ ਜਾਣੂ ਰਹਿਣਾ ਜ਼ਰੂਰੀ ਹੁੰਦਾ ਹੈ।

## ਅਨਿਯੰਤ੍ਰਿਤ ਚੌਰਾਹਾ

ਅਨਿਯੰਤ੍ਰਿਤ ਚੌਰਾਹਿਆਂ 'ਤੇ ਕੋਈ ਸੰਕੇਤ ਨਹੀਂ ਲੱਗੇ ਹੁੰਦੇ, ਪਰ ਪਹਿਲਾਂ ਨਿਕਲਣ-ਦੇ-ਅਧਿਕਾਰ ਦੇ ਆਮ ਨਿਯਮ ਲਾਗੂ ਹੁੰਦੇ ਹਨ। ਇਹ ਚੌਰਾਹੇ ਆਮ ਤੌਰ 'ਤੇ ਸਥਾਨਕ ਸੜਕਾਂ ਅਤੇ ਗਲੀਆਂ 'ਤੇ ਬਣੇ ਹੁੰਦੇ ਹਨ। ਜਦੋਂ ਤੁਸੀਂ ਕਿਸੇ ਅਨਿਯੰਤ੍ਰਿਤ ਚੌਰਾਹੇ ਵਿੱਚ ਦਾਖ਼ਲ ਹੁੰਦੇ ਹੋ, ਤਾਂ ਤੁਹਾਨੂੰ ਹੇਠਾਂ ਲਿਖਿਆਂ 'ਚੋਂ ਲਾਗੂ ਹੁੰਦਾ ਕੋਈ ਵੀ ਪਹਿਲਾਂ ਨਿਕਲਣ-ਦਾ-ਅਧਿਕਾਰ ਦੇਣਾ ਪਵੇਗਾ:

- ਕੋਈ ਗੱਡੀ ਪਹਿਲਾਂ ਤੋਂ ਚੌਰਾਹੇ ਵਿੱਚ ਹੈ।
- ਤੁਸੀਂ ਕਿਸੇ ਸੈਕੰਡਰੀ ਸੜਕ ਤੋਂ ਇੱਕ ਸਟੇਟ ਹਾਈਵੇਅ ਵਿੱਚ ਦਾਖ਼ਲ ਹੁੰਦੇ ਹੋ ਜਾਂ ਇਸਨੂੰ ਪਾਰ ਕਰਦੇ ਹੋ।
- ਤੁਸੀਂ ਕਿਸੇ ਕੱਚੀ ਤੋਂ ਪੱਕੀ ਸੜਕ ਵਿੱਚ ਦਾਖ਼ਲ ਹੁੰਦੇ ਹੋ।
- ਤੁਹਾਡੀ ਯੋਜਨਾ ਖੱਬੇ ਪਾਸੇ ਮੋੜ ਮੁੜਨ ਦੀ ਹੈ ਅਤੇ ਉਲਟ ਦਿਸ਼ਾ ਤੋਂ ਕੋਈ ਗੱਡੀ ਆ ਰਹੀ ਹੈ।

# 4.16 | ਸੜਕ 'ਤੇ ਲੱਗੇ ਨਿਸ਼ਾਨ

ਸੜਕ 'ਤੇ ਲੱਗੇ ਨਿਸ਼ਾਨ ਉਹ ਲਾਈਨਾਂ, ਤੀਰ, ਸ਼ਬਦ, ਜਾਂ ਚਿੰਨ੍ਹ ਹੁੰਦੇ ਹਨ ਜੋ ਤੁਹਾਨੂੰ ਦਿਸ਼ਾਵਾਂ ਜਾਂ ਚੇਤਾਵਨੀਆਂ ਦੇਣ ਲਈ ਸੜਕ 'ਤੇ ਪੇਂਟ ਕੀਤੇ ਗਏ ਹੁੰਦੇ ਹਨ। ਇਨ੍ਹਾਂ ਨੂੰ ਲੇਨਾਂ ਵੰਡਣ ਲਈ ਵਰਤਿਆ ਜਾਂਦਾ ਹੈ। ਸੜਕ 'ਤੇ ਲੱਗੇ ਨਿਸ਼ਾਨ ਦੱਸਦੇ ਹਨ ਕਿ ਤੁਸੀਂ ਕਦੋਂ ਦੂਜੀਆਂ ਗੱਡੀਆਂ ਕੋਲੋਂ ਅੱਗੇ ਲੰਘ ਸਕਦੇ ਹੋ ਜਾਂ ਕਦੋਂ ਲੇਨਾਂ ਬਦਲ ਸਕਦੇ ਹੋ। ਇਹ ਦੱਸਦੇ ਹਨ ਕਿ ਮੋੜ ਮੁੜਨ ਲਈ ਕਿਹੜੀਆਂ ਲੇਨਾਂ ਦੀ ਵਰਤੋਂ ਕਰਨੀ ਹੈ, ਪੈਦਲ ਚੱਲਣ ਵਾਲਿਆਂ ਲਈ ਰਾਹ ਨਿਰਧਾਰਤ ਕਰਦੇ ਹਨ, ਅਤੇ ਦੱਸਦੇ ਹਨ ਕਿ ਤੁਹਾਨੂੰ ਕਿਹੜੇ ਸੰਕੇਤਾਂ ਜਾਂ ਟ੍ਰੈਫਿਕ ਸਿਗਨਲਾਂ 'ਤੇ ਰੁਕਣਾ ਹੈ।

## ਲੇਨਾਂ



ਠੋਸ ਚਿੱਟੀਆਂ ਲਾਈਨਾਂ ਸੜਕ ਦੇ ਕਿਨਾਰੇ ਨੂੰ ਦਰਸਾਉਣ ਲਈ ਹੁੰਦੀਆਂ ਹਨ ਅਤੇ ਸਾਈਕਲ ਲੇਨਾਂ ਨੂੰ ਹੋਰ ਟ੍ਰੈਫਿਕ ਤੋਂ ਵੱਖ ਕਰਦੀਆਂ ਹਨ।



ਜੇ ਸੜਕ 'ਤੇ ਕੋਈ ਨਿਸ਼ਾਨ ਨਾ ਲੱਗੇ ਹੋਣ, ਤਾਂ ਜਿੰਨਾ ਹੋ ਸਕੇ ਸੁਰੱਖਿਅਤ ਤੌਰ 'ਤੇ ਸੱਜੇ ਪਾਸੇ ਦੇ ਨੇੜੇ ਰਹੋ।



ਯਾਤਰਾ ਲੇਨਾਂ ਨੂੰ ਵੱਖ ਕਰਨ ਵਾਲੀਆਂ ਜਾਂ ਸੜਕ ਦੇ ਸੈਂਟਰ ਨੂੰ ਦਰਸਾਉਣ ਵਾਲੀਆਂ ਚਿੱਟੀਆਂ ਅਤੇ ਪੀਲੀਆਂ ਲਾਈਨਾਂ ਤੁਹਾਨੂੰ ਦੱਸਦੀਆਂ ਹਨ ਕਿ ਟ੍ਰੈਫਿਕ ਇੱਕ ਦਿਸ਼ਾ ਵਿੱਚ ਜਾ ਰਿਹਾ ਹੈ ਜਾਂ ਦੋ ਦਿਸ਼ਾਵਾਂ ਵਿੱਚ।

ਪੀਲੀਆਂ ਲਾਈਨਾਂ ਉਲਟ ਦਿਸ਼ਾਵਾਂ ਵਿੱਚ ਮੌਜੂਦ ਟ੍ਰੈਫਿਕ ਨੂੰ ਅੱਡ ਕਰਦੀਆਂ ਹਨ। ਚਿੱਟੀਆਂ ਲਾਈਨਾਂ ਇੱਕੋ ਦਿਸ਼ਾ ਵਿੱਚ ਜਾਣ ਵਾਲੀਆਂ ਟ੍ਰੈਫਿਕ ਲੇਨਾਂ ਨੂੰ ਅੱਡ ਕਰਦੀਆਂ ਹਨ।



ਛੋਟੀਆਂ ਚਿੱਟੀਆਂ ਡੈਸ਼ ਵਾਲੀਆਂ (ਟੁੱਟੀ ਹੋਈ) ਲਾਈਨਾਂ ਦਾ ਮਤਲਬ ਹੈ ਕਿ ਲੇਨ ਖਤਮ ਹੋ ਰਹੀ ਹੈ। ਤੁਹਾਨੂੰ ਜਾਂ ਤਾਂ ਟ੍ਰੈਫਿਕ ਵਿੱਚ ਰਲਣਾ ਪਵੇਗਾ ਜਾਂ ਬਾਹਰ ਨਿਕਲਣਾ ਪਵੇਗਾ। ਜੇ ਸੁਰੱਖਿਅਤ ਹੋਵੇ ਤਾਂ ਤੁਸੀਂ ਡੈਸ਼ ਵਾਲੀਆਂ (ਟੁੱਟੀ ਹੋਈ) ਲਾਈਨਾਂ ਨੂੰ ਪਾਰ ਕਰ ਸਕਦੇ ਹੋ।



ਮੀਡੀਅਨ ਦੋ ਜਾਂ ਦੋ ਤੋਂ ਵੱਧ ਸੜਕਾਂ ਨੂੰ ਵੰਡਦੇ ਹਨ। ਇਹ ਖੁੱਲੀਆਂ ਥਾਂਵਾਂ, ਸੀਮੰਟ ਵਾਲੇ ਡਿਵਾਈਡਰ, ਜਾਂ 18-ਇੰਚ ਦੇ ਠੋਸ ਪੀਲੇ ਫੁੱਟਪਾਥ ਦੇ ਧਾਰੀਆਂ ਵਾਲੇ ਨਿਸ਼ਾਨ ਹੋ ਸਕਦੇ ਹਨ। ਮੀਡੀਅਨਾਂ ਦੇ ਅੰਦਰ, ਉੱਪਰ ਜਾਂ ਪਾਰ ਗੱਡੀ ਚਲਾਉਣਾ ਗੈਰਕਾਨੂੰਨੀ ਹੈ।



ਟ੍ਰੈਫਿਕ ਲੇਨਾਂ ਦੇ ਵਿਚਕਾਰ ਇੱਕ ਚਿੱਟੀ ਡੈਸ਼ ਵਾਲੀ (ਟੁੱਟੀ ਹੋਈ) ਲਾਈਨ ਦਾ ਮਤਲਬ ਹੈ ਕਿ ਜੇ ਸੁਰੱਖਿਅਤ ਹੋਵੇ ਤਾਂ ਤੁਸੀਂ ਲੇਨਾਂ ਬਦਲਣ ਲਈ ਇਸਨੂੰ ਪਾਰ ਕਰ ਸਕਦੇ ਹੋ।

ਠੋਸ ਚਿੱਟੀ ਲਾਈਨ ਦਾ ਮਤਲਬ ਹੈ ਕਿ ਤੁਹਾਨੂੰ ਆਪਣੀ ਲੇਨ ਵਿੱਚ ਹੀ ਰਹਿਣਾ ਚਾਹੀਦਾ ਹੈ ਬਸ਼ਰਤੇ ਕਿਸੇ ਖਾਸ ਸਥਿਤੀ ਵਿੱਚ ਤੁਹਾਨੂੰ ਲੇਨ ਬਦਲਣ ਦੀ ਲੋੜ ਹੋਵੇ।

ਦੋਹਰੀਆਂ ਠੋਸ ਚਿੱਟੀਆਂ ਲਾਈਨਾਂ ਦੋ ਲੇਨਾਂ ਦੇ ਵਿਚਕਾਰ ਰੁਕਾਵਟ ਦਾ ਕੰਮ ਕਰਦੀਆਂ ਹਨ। ਦੋਹਰੀਆਂ ਚਿੱਟੀਆਂ ਲਾਈਨਾਂ ਨੂੰ ਪਾਰ ਕਰਨਾ ਗੈਰਕਾਨੂੰਨੀ ਹੈ।



ਡੈਸ਼ ਵਾਲੀ (ਟੁੱਟੀ ਹੋਈ) ਪੀਲੀ ਲਾਈਨ ਦੋ-ਤਰਫ਼ਾ ਸੜਕ, ਦੋ-ਲੇਨ ਵਾਲੀ ਸੜਕ ਦੇ ਮੱਧ ਨੂੰ ਦਰਸਾਉਂਦੀ ਹੈ। ਜੇ ਸੁਰੱਖਿਅਤ ਹੋਵੇ, ਤਾਂ ਤੁਸੀਂ ਕਿਸੇ ਹੋਰ ਗੱਡੀ ਕੋਲੋਂ ਅੱਗੇ ਲੰਘਣ ਲਈ ਸਾਹਮਣਿਓਂ ਆਉਂਦੀ ਲੇਨ ਦਾ ਇਸਤੇਮਾਲ ਕਰ ਸਕਦੇ ਹੋ।

ਇੱਕ ਠੋਸ ਪੀਲੀ ਲਾਈਨ ਸੜਕ ਦੇ ਕਿਨਾਰੇ ਜਾਂ ਓਵਰਟੇਕ ਨਾ ਕਰਨ ਵਾਲੇ ਖੇਤਰ ਨੂੰ ਦਰਸਾ ਸਕਦੀ ਹੈ। ਕਿਸੇ ਹੋਰ ਗੱਡੀ ਤੋਂ ਅੱਗੇ ਲੰਘਣ ਲਈ ਠੋਸ ਪੀਲੀ ਲਾਈਨ ਨੂੰ ਪਾਰ ਨਾ ਕਰੋ।

ਦੋਹਰੀਆਂ ਠੋਸ ਪੀਲੀਆਂ ਸੈਂਟਰ ਲਾਈਨਾਂ ਇੱਕ ਦੋ-ਤਰਫ਼ਾ ਸੜਕ ਦੇ ਅੱਧ ਨੂੰ ਦਰਸਾਉਂਦੀਆਂ ਹਨ। ਤੁਹਾਨੂੰ ਦੋਹਰੀਆਂ ਪੀਲੀਆਂ ਲਾਈਨਾਂ ਵਾਲੀਆਂ ਸੜਕਾਂ 'ਤੇ, ਕਿਸੇ ਵੀ ਦਿਸ਼ਾ ਵਿੱਚ ਅੱਗੇ ਲੰਘਣ ਦੀ ਇਜਾਜ਼ਤ ਨਹੀਂ ਹੁੰਦੀ।



ਇੱਕ ਠੋਸ ਪੀਲੀ ਅਤੇ ਇੱਕ ਡੈਸ਼ ਵਾਲੀ (ਟੁੱਟੀ ਹੋਈ) ਪੀਲੀ ਲਾਈਨ ਵੀ ਇੱਕ ਦੋ-ਤਰਫ਼ਾ ਸੜਕ ਦੇ ਸੈਂਟਰ ਨੂੰ ਦਰਸਾਉਂਦੀ ਹੈ। ਜਦੋਂ ਠੋਸ ਪੀਲੀ ਲਾਈਨ ਸੜਕ ਦੇ ਤੁਹਾਡੇ ਵਾਲੇ ਪਾਸੇ ਹੋਵੇ ਤਾਂ ਤੁਹਾਨੂੰ ਕਿਸੇ ਵਾਹਨ ਤੋਂ ਅੱਗੇ ਲੰਘਣ ਦੀ ਇਜਾਜ਼ਤ ਨਹੀਂ ਹੁੰਦੀ। ਜੇ ਡੈਸ਼ ਵਾਲੀ (ਟੁੱਟੀ ਹੋਈ) ਲਾਈਨ ਸੜਕ ਦੇ ਤੁਹਾਡੇ ਵਾਲੇ ਪਾਸੇ ਹੈ, ਤਾਂ ਜੇ ਅਜਿਹਾ ਕਰਨਾ ਸੁਰੱਖਿਅਤ ਹੋਵੇ ਤਾਂ ਤੁਸੀਂ ਕਿਸੇ ਵਾਹਨ ਤੋਂ ਅੱਗੇ ਲੰਘ ਸਕਦੇ ਹੋ।



ਮੋੜ ਵਾਲੀਆਂ ਲੇਨਾਂ ਆਮ ਤੌਰ 'ਤੇ ਵੱਡੇ ਚੌਰਾਹਿਆਂ 'ਤੇ ਹੁੰਦੀਆਂ ਹਨ। ਇਨ੍ਹਾਂ ਲੇਨਾਂ ਨੂੰ ਦਰਸਾਉਂਦੇ ਸੰਕੇਤ ਅਤੇ ਸੜਕ 'ਤੇ ਨਿਸ਼ਾਨ ਲਗੇ ਹੁੰਦੇ ਹਨ। ਕਈ ਵਾਰ ਇੱਕ ਤੀਰ ਵਾਲਾ ਸਿਗਨਲ ਇਨ੍ਹਾਂ ਲੇਨਾਂ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦਾ ਹੈ। ਜਦੋਂ ਤੁਸੀਂ ਮੋੜ ਵਾਲੀ ਲੇਨ ਵਿੱਚ ਹੁੰਦੇ ਹੋ, ਤਾਂ ਇਹ **ਜ਼ਰੂਰੀ** ਹੈ ਕਿ ਤੁਸੀਂ ਮੋੜ ਦੇ ਨਾਲ-ਨਾਲ ਅੱਗੇ ਵਧੋ।



ਤੁਸੀਂ ਸੈਂਟਰ ਲੇਨ ਵਿੱਚ ਜਾਣ ਵਾਸਤੇ ਸੜਕ ਦੇ ਆਪਣੇ ਵਾਲੇ ਪਾਸੇ ਇੱਕ ਠੋਸ ਪੀਲੀ ਲਾਈਨ ਨੂੰ ਪਾਰ ਕਰ ਸਕਦੇ ਹੋ। ਇਸ ਲੇਨ ਉੱਪਰ ਖੱਬੇ ਮੋੜ ਦੇ ਤੀਰ ਵਾਲੇ ਨਿਸ਼ਾਨ ਲੱਗੇ ਹੁੰਦੇ ਹਨ।

ਇਹ ਸਾਂਝੀਆਂ ਸੈਂਟਰ ਲੇਨਾਂ ਉਨ੍ਹਾਂ ਗੱਡੀਆਂ ਲਈ ਰਾਖਵੀਆਂ ਹੁੰਦੀਆਂ ਹਨ ਜੋ ਸੜਕ ਤੋਂ ਜਾਂ ਸੜਕ ਵਿੱਚ ਕਿਸੇ ਵੀ ਦਿਸ਼ਾ ਤੋਂ ਖੱਬਾ ਮੋੜ ਲੈਂਦੀਆਂ ਹਨ (ਜਾਂ ਜਦੋਂ ਇਜਾਜ਼ਤ ਹੋਵੇ ਤਾਂ ਯੂ-ਟਰਨ ਲੈਂਦੀਆਂ ਹਨ)।

ਦੂਜੀ ਦਿਸ਼ਾ ਤੋਂ ਆਉਣ ਵਾਲੇ ਟ੍ਰੈਫਿਕ 'ਤੇ ਨਜ਼ਰ ਬਣਾਈ ਰੱਖੋ ਕਿਉਂਕਿ ਉਨ੍ਹਾਂ ਕਾਰਾਂ ਨੂੰ ਵੀ ਉਸੇ ਮੋੜ ਵਾਲੀ ਲੇਨ ਨੂੰ ਵਰਤਣ ਦਾ ਅਧਿਕਾਰ ਹੁੰਦਾ ਹੈ।

ਇਨ੍ਹਾਂ ਲੇਨਾਂ ਨੂੰ ਅੱਗੇ ਲੰਘਣ ਲਈ ਬਿਲਕੁਲ ਨਹੀਂ ਵਰਤਣਾ ਚਾਹੀਦਾ। ਤੁਹਾਨੂੰ ਇੱਕ ਸੈਂਟਰ ਲੇਨ ਵਿੱਚ 300 ਫੁੱਟ ਤੋਂ ਵੱਧ ਦੂਰ ਨਹੀਂ ਜਾਣਾ ਚਾਹੀਦਾ।

## HOV / ਕਾਰਪੂਲ






HOV (HIGH OCCUPANCY VEHICLE, ਵਾਧੂ ਯਾਤਰੀਆਂਵਾਲਾ ਵਾਹਨ) ਲੇਨਾਂ ਕਾਰਪੂਲ, ਵੈਨਪੂਲ ਅਤੇ ਬੱਸਾਂ ਲਈ ਰਾਖਵੀਆਂ ਹੁੰਦੀਆਂ ਹਨ। HOV ਲੇਨਾਂ ਦੀ ਪਛਾਣ ਸੰਕੇਤਾਂ ਅਤੇ ਫੁੱਟਪਾਥ ਉੱਤੇ ਡਾਇਮੰਡ (ਹੀਰੇ) ਦੇ ਚਿੰਨ੍ਹ ਨਾਲ ਕੀਤੀ ਜਾਂਦੀ ਹੈ। ਇਨ੍ਹਾਂ ਨੂੰ ਹਾਈਵੇਅ ਉੱਤੇ ਦੂਜੀਆਂ ਲੇਨਾਂ ਤੋਂ ਇੱਕ ਠੋਸ ਚਿੱਟੀ ਲਕੀਰ ਨਾਲ ਵੱਖ ਕਰਕੇ ਦਿਖਾਇਆ ਗਿਆ ਹੁੰਦਾ ਹੈ। HOV ਲੇਨ ਵਿੱਚ ਸਫ਼ਰ ਕਰਨ ਲਈ, ਇਹ ਜ਼ਰੂਰੀ ਹੈ ਕਿ ਵਾਹਨ ਚਿੰਨ੍ਹਾਂ 'ਤੇ ਦੱਸੀਆਂ ਯਾਤਰੀਆਂ ਦੀਆਂ ਨਿਰਧਾਰਤ ਲੋੜਾਂ ਨੂੰ ਪੂਰਾ ਕਰਦਾ ਹੋਵੇ। ਮੋਟਰਸਾਈਕਲਾਂ ਨੂੰ ਵੀ HOV ਲੇਨਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਹੁੰਦੀ ਹੈ।



## ਦੋਹਾਂ ਦਿਸ਼ਾਵਾਂ ਵਿੱਚ ਚਲਣ ਵਾਲੀਆਂ ਲੇਨਾਂ

ਐਕਸਪ੍ਰੈਸ ਲੇਨਾਂ ਵਾਂਗ, ਦੋਹਾਂ ਦਿਸ਼ਾਵਾਂ ਵਿੱਚ ਚਲਣ ਵਾਲੀਆਂ ਲੇਨਾਂ ਵੀ, ਵਾਧੂ ਸਮਰੱਥਾ ਦੀ ਲੋੜ ਹੋਣ 'ਤੇ ਇੱਕ ਜਾਂ ਵੱਧ ਲੇਨਾਂ ਦੀ ਯਾਤਰਾ ਦਿਸ਼ਾ ਵਿੱਚ ਬਦਲਾਅ ਕਰਕੇ ਟ੍ਰੈਫਿਕ ਦੇ ਜਮਾਵੜੇ ਨੂੰ ਹੱਲ ਕਰਨ ਵਿੱਚ ਮਦਦ ਕਰਦੀਆਂ ਹਨ। ਦੋਹਾਂ ਦਿਸ਼ਾਵਾਂ ਵਿੱਚ ਚਲਣ ਵਾਲੀਆਂ ਲੇਨਾਂ ਨੂੰ ਆਮ ਤੌਰ 'ਤੇ ਨਿਯਮਿਤ, ਨਿਸ਼ਚਿਤ ਸ਼ਡਿਊਲਾਂ 'ਤੇ ਚਲਾਇਆ ਜਾਂਦਾ ਹੈ ਜੋ ਰੋਜ਼ਾਨਾ ਆਵਾਜਾਈ ਦੇ ਪੈਟਰਨਾਂ ਅਨੁਸਾਰ ਹੁੰਦੇ ਹਨ। ਇਨ੍ਹਾਂ ਨੂੰ ਵੱਡੀਆਂ ਘਟਨਾਵਾਂ ਜਾਂ ਹਾਦਸਿਆਂ ਲਈ ਵੀ ਚਾਲੂ ਕੀਤਾ ਜਾ ਸਕਦਾ ਹੈ।

ਇਨ੍ਹਾਂ ਲੇਨਾਂ ਉੱਪਰ ਆਮ ਤੌਰ 'ਤੇ ਦੋਹਰੀ-ਡੈਸ਼ ਵਾਲੀਆਂ ਚਿੱਟੀਆਂ ਲਾਈਨਾਂ ਨਾਲ ਨਿਸ਼ਾਨ ਲੱਗੇ ਹੁੰਦੇ ਹਨ। ਕਿਸੇ ਦੋਹਾਂ ਦਿਸ਼ਾਵਾਂ ਵਿੱਚ ਚਲਣ ਵਾਲੀ ਲੇਨ ਵਿੱਚ ਗੱਡੀ ਚਲਾਉਣੀ ਸ਼ੁਰੂ ਕਰਨ ਤੋਂ ਪਹਿਲਾਂ ਉੱਪਰ ਲੱਗੇ ਸੰਕੇਤਾਂ ਦੀ ਜਾਂਚ ਕਰੋ। ਹਰੇ ਤੀਰ ਦਾ ਮਤਲਬ ਹੁੰਦਾ ਹੈ ਕਿ ਤੁਸੀਂ ਲੇਨ ਵਰਤ ਸਕਦੇ ਹੋ, ਅਤੇ ਲਾਲ X ਦਾ ਮਤਲਬ ਹੁੰਦਾ ਹੈ ਕਿ ਤੁਸੀਂ ਨਹੀਂ ਵਰਤ ਸਕਦੇ। ਸਥਿਰ ਪੀਲੇ X ਦਾ ਮਤਲਬ ਹੁੰਦਾ ਹੈ ਕਿ ਲੇਨ ਦੀ ਦਿਸ਼ਾ ਬਦਲ ਰਹੀ ਹੈ, ਅਤੇ ਜਦੋਂ ਹੀ ਅਜਿਹਾ ਕਰਨਾ ਸੁਰੱਖਿਅਤ ਹੋਵੇ, ਤੁਹਾਨੂੰ ਲੇਨ ਤੋਂ ਬਾਹਰ ਨਿਕਲ ਜਾਣਾ ਚਾਹੀਦਾ ਹੈ।

## ਰਾਖਵੀਆਂ ਲੇਨਾਂ

ਰਾਖਵੀਆਂ ਲੇਨਾਂ ਦੀ ਪਛਾਣ ਅਜਿਹੇ ਸੰਕੇਤਾਂ ਅਤੇ/ਜਾਂ ਫੁੱਟਪਾਥ ਦੇ ਨਿਸ਼ਾਨਾਂ ਨਾਲ ਕੀਤੀ ਜਾਂਦੀ ਹੈ ਜੋ ਦਰਸਾਉਂਦੇ ਹਨ ਕਿ ਉਹ ਲੇਨ ਖਾਸ ਇਸਤੇਮਾਲ ਲਈ ਰਾਖਵੀਂ ਹੈ। ਉਦਾਹਰਨ ਲਈ, ਟ੍ਰਾਂਜ਼ਿਟ ਲੇਨਾਂ ਸਿਰਫ਼ ਬੱਸਾਂ ਦੀ ਵਰਤੋਂ ਲਈ ਹੁੰਦੀਆਂ ਹਨ।

## ਟੋਲ ਲੇਨਾਂ

ਐਕਸਪ੍ਰੈਸ ਟੋਲ ਲੇਨਾਂ ਅਤੇ ਵਾਧੂ ਯਾਤਰੀਆਂ ਵਾਲੇ ਵਾਹਨਾਂ ਲਈ ਟੋਲ ਲੇਨਾਂ ਬੱਸਾਂ, ਵੈਨਪੂਲ, ਕਾਰਪੂਲ ਅਤੇ ਮੋਟਰਸਾਈਕਲਾਂ ਵਾਸਤੇ ਟੋਲ-ਫ੍ਰੀ ਐਕਸਪ੍ਰੈਸ ਯਾਤਰਾਵਾਂ ਪ੍ਰਦਾਨ ਕਰਦੀਆਂ ਹਨ, ਪਰ ਇਹ ਇਕਲੌਤੇ ਡਰਾਈਵਰਾਂ ਨੂੰ ਵੀ ਵਧੇਰੇ ਤੇਜ਼ ਯਾਤਰਾ ਕਰਨ ਲਈ ਲੇਨਾਂ ਦੀ ਵਰਤੋਂ ਕਰਨ ਵਾਸਤੇ ਟੋਲ ਦਾ ਭੁਗਤਾਨ ਕਰਨ ਦੀ ਚੋਣ ਦਿੰਦੀਆਂ ਹਨ।

ਵਧੇਰੇ ਜਾਣਕਾਰੀ ਵਾਸਤੇ, wsdot.wa.gov 'ਤੇ **toll roads** (ਟੋਲ ਸੜਕਾਂ) ਦੀ ਭਾਲ ਕਰੋ।

Washington ਵਿੱਚ ਟੋਲ ਦਾ ਭੁਗਤਾਨ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ Good To Go! (ਗੁੱਡ ਟੂ ਗੋ) ਅਕਾਊਂਟ ਦੀ ਵਰਤੋਂ ਕਰਨਾ ਹੈ। Good To Go! ਅਕਾਊਂਟ ਰਾਜ ਦੀ ਹਰ ਟੋਲ ਸੜਕ 'ਤੇ ਤੁਹਾਡਾ ਪੈਸਾ ਬਚਾਉਂਦੇ ਹਨ ਅਤੇ ਤੁਹਾਨੂੰ ਆਟੋਮੈਟਿਕ ਭੁਗਤਾਨਾਂ ਦੀ ਸਹੂਲਤ ਦਿੰਦੇ ਹਨ।

Good To Go! ਅਕਾਊਂਟ ਬਾਰੇ ਵਧੇਰੇ ਜਾਣਕਾਰੀ ਲਈ, ਇੱਥੇ ਜਾਓ mygoodtogo.com.

## ਸੜਕ 'ਤੇ ਹੋਰ ਨਿਸ਼ਾਨ



**ਕ੍ਰਾਸਵਾਕ** ਪੈਦਲ ਚੱਲਣ ਵਾਲਿਆਂ ਅਤੇ ਸਾਈਕਲ ਸਵਾਰਾਂ ਨੂੰ ਸੜਕ ਪਾਰ ਕਰਨ ਵਾਸਤੇ ਇੱਕ ਸੁਰੱਖਿਅਤ ਰਾਹ ਪ੍ਦਾਨ ਕਰਦੇ ਹਨ। ਤੁਹਾਡੇ ਲਈ ਕ੍ਰਾਸਵਾਕ ਵਿੱਚ ਚੱਲ ਰਹੇ ਜਾਂ ਦਾਖ਼ਲ ਹੋਣ ਵਾਲੇ ਲੋਕਾਂ ਨੂੰ ਰਾਹ ਦੇਣਾ ਜ਼ਰੂਰੀ ਹੈ।

ਜਦੋਂ ਤੁਸੀਂ ਕਿਸੇ ਚੌਰਾਹੇ ਨੂੰ ਪਾਰ ਕਰ ਰਹੇ ਹੋਵੋ ਜਾਂ ਮੋੜ ਮੁੜ ਰਹੇ ਹੋਵੋ ਤਾਂ ਇਹ ਆਦਤ ਪਾ ਲਓ ਕਿ ਪੈਦਲ ਚੱਲਣ ਵਾਲਿਆਂ ਅਤੇ ਸਾਈਕਲ ਸਵਾਰਾਂ ਪ੍ਰਤੀ ਚੁਕੰਨੇ ਰਹਿਣਾ ਹੈ।

ਕੁਝ ਕ੍ਰਾਸਵਾਕਾਂ ਵਿੱਚ ਫੁੱਟਪਾਥ ਉੱਤੇ ਵੀ ਲਾਈਟਾਂ ਲੱਗੀਆਂ ਹੋ ਸਕਦੀਆਂ ਹਨ ਜਿਨ੍ਹਾਂ ਨੂੰ ਪੈਦਲ ਚੱਲਣ ਵਾਲੇ ਸੜਕ ਪਾਰ ਕਰਨ ਵੇਲੇ ਐਕਟਿਵੇਟ ਕਰਦੇ ਹਨ। ਜਦੋਂ ਇਹ ਲਾਈਟਾਂ ਫਲੈਸ਼ ਕਰਦੀਆਂ ਹੋਣ ਤਾਂ ਤੁਹਾਡਾ ਰਾਹ ਦੇਣਾ ਜ਼ਰੂਰੀ ਹੈ।

**ਸਾਰੇ ਕ੍ਰਾਸਵਾਕਾਂ 'ਤੇ ਨਿਸ਼ਾਨ ਨਹੀਂ ਲੱਗੇ ਹੁੰਦੇ! ਹਰ ਚੌਰਾਹੇ ਨੂੰ ਕਾਨੂੰਨੀ ਤੌਰ 'ਤੇ ਇੱਕ ਕ੍ਰਾਸਵਾਕ ਵਜੋਂ ਪਰਿਭਾਸ਼ਤ ਕੀਤਾ ਜਾਂਦਾ ਹੈ ਭਾਵੇਂ ਇਸ ਉੱਤੇ ਕ੍ਰਾਸਵਾਕ ਦਾ ਨਿਸ਼ਾਨ ਲੱਗਾ ਹੋਵੇ ਜਾਂ ਨਹੀਂ।**



**ਬਾਈਕ ਲੇਨਾਂ** ਉੱਤੇ ਠੋਸ ਚਿੱਟੀਆਂ ਲਾਈਨਾਂ ਅਤੇ ਬਾਈਕ ਦੇ ਚਿੰਨ੍ਹ ਬਣੇ ਹੁੰਦੇ ਹਨ।

ਕੁਝ ਬਾਈਕ ਲੇਨਾਂ ਨੂੰ ਨਾਲ ਲੱਗਦੀ ਯਾਤਰਾ ਲੇਨ ਤੋਂ ਇੱਕ ਬਫ਼ਰ ਨਾਲ ਅੱਡ ਕੀਤਾ ਜਾਂਦਾ ਹੈ ਜੋ ਦੋ ਠੋਸ ਚਿੱਟੀਆਂ ਲਾਈਨਾਂ ਦਾ ਬਣਿਆ ਹੁੰਦਾ ਹੈ ਅਤੇ ਜਿਨ੍ਹਾਂ ਦੇ ਵਿਚਕਾਰ ਤਿਰਛੀ ਕ੍ਰਾਸਹੈਚਿੰਗ (ਰੇਖਾਵਾਂ ਨਾਲ ਬਣਾਇਆ ਖਾਲੀ ਖੇਤਰ) ਹੁੰਦੀ ਹੈ। ਇਸ ਬਫ਼ਰ ਨੂੰ ਬਾਈਕ ਲੇਨ ਦਾ ਹਿੱਸਾ ਮੰਨਿਆ ਜਾਂਦਾ ਹੈ ਅਤੇ ਇਸ ਵਿੱਚ ਉਦੋਂ ਤੱਕ ਦਾਖ਼ਲ ਨਹੀਂ ਹੋਣਾ ਚਾਹੀਦਾ ਜਦੋਂ ਤੱਕ ਕਿ ਤੁਸੀਂ ਇਹ ਚੈੱਕ ਕਰ ਲੈਣ ਤੋਂ ਬਾਅਦ ਕਿ ਅਜਿਹਾ ਕਰਨਾ ਸੁਰੱਖਿਅਤ ਹੋ, ਕਾਨੂੰਨੀ ਤੌਰ 'ਤੇ ਮੋੜ ਨਾ ਮੁੜ ਰਹੇ ਹੋਵੋ।

ਕੁਝ ਬਾਈਕ ਲੇਨਾਂ ਨੂੰ ਬੋਲਾਰਡਸ, ਪੋਸਟਾਂ, ਜਾਂ ਗਮਲਿਆਂ ਵਰਗੇ ਤਰੀਕਿਆਂ ਨਾਲ ਲੰਘ ਰਹੇ ਟ੍ਰੈਫਿਕ ਤੋਂ ਭੌਤਿਕ ਤੌਰ 'ਤੇ ਅਲੱਗ ਕੀਤਾ ਜਾਂਦਾ ਹੈ।




**ਸਟਾਪ ਲਾਈਨਾਂ** ਰੁਕੋ ਦੇ ਸੰਕੇਤ ਜਾਂ ਸਿਗਨਲ 'ਤੇ ਦਿਖਾਈ ਦਿੰਦੀਆਂ ਹਨ। ਤੁਹਾਨੂੰ ਆਪਣੀ ਗੱਡੀ ਨੂੰ ਰੁਕੋ ਦੀ ਲਾਈਨ ਜਾਂ ਕ੍ਰਾਸਵਾਕ (ਜੇ ਕੋਈ ਹੋਵੇ ਤਾਂ) 'ਤੇ ਪਹੁੰਚਣ ਤੋਂ ਪਹਿਲਾਂ ਹੀ ਰੋਕਣਾ ਲਾਜ਼ਮੀ ਹੈ।




**ਫਾਇਰ ਲੇਨਾਂ** 'ਤੇ ਅਕਸਰ ਲਾਲ ਧਾਰੀਆਂ ਜਾਂ ਇੱਕ ਲਾਲ ਕਰਬ ਨਾਲ ਨਿਸ਼ਾਨ ਲੱਗੇ ਹੁੰਦੇ ਹਨ। ਫਾਇਰ ਲੇਨਾਂ ਵਿੱਚ ਗੱਡੀ ਖੜ੍ਹੀ ਨਾ ਕਰੋ ਜਾਂ ਨਾ ਰੋਕੋ। ਕੁਝ ਭਾਈਚਾਰਿਆਂ ਵਿੱਚ, ਫਾਇਰ ਸਟੇਸ਼ਨ ਦੇ ਸਾਮ੍ਹਣੇ ਵਾਲੀ ਸੜਕ ਉੱਤੇ ਫਾਇਰ ਲੇਨ ਦਾ ਨਿਸ਼ਾਨ ਲੱਗਿਆ ਹੁੰਦਾ ਹੈ ਤਾਂ ਜੋ ਰਾਹ ਨੂੰ ਸਹਾਇਤਾ ਗੱਡੀਆਂ ਲਈ ਸਾਫ਼ ਰੱਖਿਆ ਜਾ ਸਕੇ।



**ਪੀਲੀਆਂ ਧਾਰੀਆਂ** ਦਰਸਾਉਂਦੀਆਂ ਹਨ ਕਿ ਤੁਹਾਨੂੰ ਕਿੱਥੇ ਗੱਡੀ ਚਲਾਉਣ ਦੀ ਇਜਾਜ਼ਤ ਨਹੀਂ ਹੈ।



**ਸ਼ੈਰੋਜ਼** ਸੜਕ 'ਤੇ ਲਗਾਏ ਗਏ ਨਿਸ਼ਾਨ ਹੁੰਦੇ ਹਨ ਜੋ ਇਹ ਦਰਸਾਉਣ ਲਈ ਵਰਤੇ ਜਾਂਦੇ ਹਨ ਕਿ ਇੱਕ ਵਾਹਨ ਲੇਨ ਸਾਈਕਲ ਵਾਲੇ ਟ੍ਰੈਫਿਕ ਨਾਲ ਵਰਤੀ ਜਾਂਦੀ ਹੈ।

ਜੇ ਤੁਹਾਨੂੰ ਸ਼ੈਰੋ ਦੇ ਨਿਸ਼ਾਨ ਦਿਖਾਈ ਦਿੰਦੇ ਹਨ, ਤਾਂ ਸਾਈਕਲ 'ਤੇ ਸਵਾਰ ਲੋਕਾਂ 'ਤੇ ਨਜ਼ਰ ਰੱਖੋ। ਗੱਡੀ ਹੌਲੀ ਚਲਾਓ ਅਤੇ ਅੱਗੇ ਲੰਘਦੇ ਵੇਲੇ ਘੱਟ ਤੋਂ ਘੱਟ 3 ਫੁੱਟ ਦੀ ਦੂਰੀ ਬਣਾਈ ਰੱਖੋ।

ਸਾਈਕਲਾਂ ਨੂੰ ਸ਼ੈਰੋ ਦੇ ਨਿਸ਼ਾਨਾਂ ਅਨੁਸਾਰ ਰਹਿਣਾ ਚਾਹੀਦਾ ਹੈ ਅਤੇ ਜਿਸ ਦਿਸ਼ਾ ਵੱਲ ਤੀਰ ਇਸ਼ਾਰਾ ਕਰ ਰਿਹਾ ਹੋਵੇ ਉਸੇ ਦਿਸ਼ਾ ਵਿੱਚ ਚਲਣਾ ਚਾਹੀਦਾ ਹੈ।




**ਸਾਈਕਲ ਬੌਕਸ**
ਜਦੋਂ ਲਾਈਟ ਹਰੀ ਹੋ ਜਾਂਦੀ ਹੈ, ਤਾਂ ਸਾਈਕਲ ਸਵਾਰ ਪਹਿਲਾਂ ਚੌਰਾਹੇ ਨੂੰ ਪਾਰ ਕਰਦੇ ਹਨ ਅਤੇ ਚੌਰਾਹੇ ਦੇ ਦੂਜੇ ਪਾਸੇ ਸਾਈਕਲ ਲੇਨ ਵਿੱਚ ਦਾਖ਼ਲ ਹੁੰਦੇ ਹਨ। ਤੁਸੀਂ ਲਾਲ ਲਾਈਟ 'ਤੇ ਸਾਈਕਲ ਬੌਕਸ ਦੇ ਨੇੜੇ ਸੱਜੇ ਨਹੀਂ ਮੁੜ ਸਕਦੇ। ਜਦੋਂ ਤੱਕ ਸਾਈਕਲ ਬੌਕਸ ਖਾਲੀ ਨਹੀਂ ਹੋ ਜਾਂਦਾ ਉਦੋਂ ਤੱਕ ਚਿੱਟੀ ਲਾਈਨ ਦੇ ਪਿੱਛੇ ਹੀ ਰਹੋ।

ਸਾਈਕਲਾਂ ਨੂੰ ਚੌਰਾਹੇ 'ਤੇ ਗੱਡੀਆਂ ਦੇ ਅੱਗੇ ਖੜ੍ਹੇ ਹੋਣਾ ਚਾਹੀਦਾ ਹੈ।

## 4.17 | ਜ਼ੋਨ (ਖੇਤਰ)




### ਸਕੂਲ ਵਾਲਾ ਖੇਤਰ

ਸਕੂਲ ਵਾਲੇ ਖੇਤਰ ਤੋਂ ਭਾਵ ਹੈ ਕਿਸੇ ਸਕੂਲ ਦੀ ਬਿਲਡਿੰਗ ਜਾਂ ਖੇਡ ਦੇ ਮੈਦਾਨ ਦੇ ਆਲੇ-ਦੁਆਲੇ ਦੀਆਂ ਸੜਕਾਂ। ਇਨ੍ਹਾਂ ਖੇਤਰਾਂ ਨੂੰ ਸੰਕੇਤਾਂ, ਫੁੱਟਪਾਥ ਦੇ ਨਿਸ਼ਾਨਾਂ, ਅਤੇ ਫਲੈਸ਼ ਕਰਦੀਆਂ ਲਾਈਟਾਂ ਨਾਲ ਦਰਸਾਇਆ ਗਿਆ ਹੋ ਸਕਦਾ ਹੈ।

ਸਕੂਲ ਵਾਲੇ ਖੇਤਰ ਵਿੱਚ ਗਤੀ ਸੀਮਾ 20 ਮੀਲ ਪ੍ਰਤੀ ਘੰਟਾ ਹੁੰਦੀ ਹੈ ਕਿਉਂਕਿ ਇਸ ਤੋਂ ਵੱਧ ਗਤੀ ਨਾਲ ਘਾਤਕ ਹਾਦਸਿਆਂ ਦੇ ਹੋਣ ਦਾ ਜੋਖ਼ਮ ਵੱਧ ਜਾਂਦਾ ਹੈ। ਤੁਹਾਨੂੰ ਅਜਿਹੇ ਸੰਕੇਤ ਦਿਖਾਈ ਦੇ ਸਕਦੇ ਹਨ ਜੋ ਸਪਸ਼ਟ ਦੱਸਦੇ ਹਨ ਕਿ 20 ਮੀਲ ਪ੍ਰਤੀ ਘੰਟਾ ਦੀ ਗਤੀ ਸੀਮਾ ਕਦੋਂ ਲਾਗੂ ਹੁੰਦੀ ਹੈ।

ਯਾਦ ਰੱਖੋ: ਵਿਦਿਆਰਥੀਆਂ ਨੂੰ ਸਕੂਲ ਤੋਂ ਬਾਅਦ ਦੀਆਂ ਗਤੀਵਿਧੀਆਂ, ਖੇਡਾਂ ਵਾਲੀਆਂ ਟੀਮਾਂ ਵਿੱਚ ਹਿੱਸਾ ਲੈਣਾ ਪੈ ਸਕਦਾ ਹੈ, ਜਾਂ ਸਕੂਲੀ ਘੰਟਿਆਂ ਤੋਂ ਬਾਅਦ ਖੇਡ ਦੇ ਮੈਦਾਨ ਵਿੱਚ ਜਾਣਾ ਪੈ ਸਕਦਾ ਹੈ। ਜਦੋਂ ਤੁਸੀਂ ਸਕੂਲ ਦੇ ਨੇੜੇ ਗੱਡੀ ਚਲਾ ਰਹੇ ਹੋਵੋ ਤਾਂ ਗੱਡੀ ਹੌਲੀ ਰੱਖੋ ਅਤੇ ਸਾਵਧਾਨੀ ਵਰਤੋ। ਬੱਚਿਆਂ ਲਈ ਖਤਰੇ ਨੂੰ ਘਟਾਉਣ ਵਾਸਤੇ ਕੀਤੇ ਗਏ ਕਿਸੇ ਵੀ ਉਪਰਾਲੇ ਲਈ ਤੁਹਾਡਾ ਸਮਾਂ ਅਤੇ ਧਿਆਨ ਦੇਣਾ ਬਣਦਾ ਹੈ।




## ਕੰਮ ਵਾਲਾ ਖੇਤਰ

ਕੰਮ ਵਾਲਾ ਖੇਤਰ ਉਹ ਖੇਤਰ ਹੁੰਦਾ ਹੈ ਜਿੱਥੇ ਸੜਕ ਦਾ ਕੰਮ ਜਾਂ ਉਸਾਰੀ ਕਾਰਜ ਚਲਦੇ ਹੋਣ। ਇਸ ਵਿੱਚ ਲੇਨਾਂ ਨੂੰ ਬੰਦ ਕਰਨਾ, ਰੂਟ ਬਦਲਣਾ, ਅਤੇ ਉਪਕਰਣ ਲਿਜਾਉਣਾ ਸ਼ਾਮਲ ਹੋ ਸਕਦੇ ਹਨ।




ਟੋਲੀ ਦੇ ਉਨ੍ਹਾਂ ਮੈਂਬਰਾਂ ਪ੍ਰਤੀ ਸੁਚੇਤ ਰਹੋ ਜੋ ਵਾਹਨਾਂ ਦੇ ਤੇਜ਼ ਰਫ਼ਤਾਰ ਨਾਲ ਕੋਲੋਂ ਲੰਘਦੇ ਵੇਲੇ ਯਾਤਰੀਆਂ ਨੂੰ ਸੁਰੱਖਿਅਤ ਰੱਖਣ ਲਈ ਕੰਮ ਕਰਦੇ ਹੁੰਦੇ ਹਨ। ਕੰਮ ਵਾਲੇ ਖੇਤਰਾਂ ਵਿੱਚ ਸ਼ਾਮਲ ਕਰਮਚਾਰੀ ਉਹ ਮਾਪੇ, ਸਾਥੀ, ਭੈਣ-ਭਰਾ ਅਤੇ ਦੋਸਤ ਹੁੰਦੇ ਹਨ ਜਿਨ੍ਹਾਂ ਨੂੰ ਕੰਮ ਦੇ ਇੱਕ ਸੁਰੱਖਿਅਤ ਮਾਹੌਲ ਦੀ ਲੋੜ ਹੁੰਦੀ ਹੈ।

**ਕਿਰਪਾ ਕਰਕੇ ਇਨ੍ਹਾਂ ਕਰਮੀਆਂ ਨੂੰ ਸੁਰੱਖਿਅਤ ਰੱਖਣ ਲਈ ਆਪਣਾ ਫਰਜ਼ ਨਿਭਾਓ।**

- ਕੰਮ ਵਾਲੇ ਖੇਤਰ ਦੇ ਨੇੜੇ ਪਹੁੰਚਣ ਵੇਲੇ ਸੰਕੇਤਾਂ, ਕੋਣਾਂ, ਬੈਰਲਾਂ, ਵੱਡੀਆਂ ਵਾਹਨਾਂ ਅਤੇ ਕਰਮੀਆਂ 'ਤੇ ਨਜ਼ਰ ਰੱਖੋ।
- ਫੋਕਸ ਨੂੰ ਵਧਾਉਣ ਲਈ ਧਿਆਨ ਭਟਕਾਉਣ ਵਾਲੀਆਂ ਚੀਜ਼ਾਂ ਨੂੰ ਹਟਾ ਦਿਓ। ਸੰਗੀਤ ਬੰਦ ਕਰ ਦਿਓ ਅਤੇ ਗੱਲਬਾਤ ਰੋਕ ਦਿਓ।
- ਕੰਮ ਵਾਲੇ ਖੇਤਰ ਵਿੱਚ ਹਮੇਸ਼ਾ ਆਪਣੀ ਗਤੀ ਘਟਾ ਦਿਓ, ਭਾਵੇਂ ਉੱਥੇ ਕੋਈ ਕਰਮਚਾਰੀ ਨਾ ਵੀ ਹੋਵੇ। ਵਧੇਰੇ ਤੰਗ ਲੇਨਾਂ ਅਤੇ ਉੱਚਾ-ਨੀਵਾਂ ਫੁੱਟਪਾਥ ਇੱਕ ਖਤਰਨਾਕ ਸਥਿਤੀ ਪੈਦਾ ਕਰ ਸਕਦਾ ਹੈ।
- ਆਪਣੀ ਪਿੱਛੇ ਚੱਲਣ ਦੀ ਦੂਰੀ ਨੂੰ ਵਧਾ ਕੇ, ਆਲੇ-ਦੁਆਲੇ ਦੇ ਟ੍ਰੈਫਿਕ ਤੇ ਨਜ਼ਰ ਰੱਖੋ, ਅਤੇ ਰੁਕਣ ਲਈ ਤਿਆਰ ਰਹੋ।

- ਰਾਤ ਵੇਲੇ ਕੰਮ ਵਾਲੇ ਜ਼ੋਨ ਵਿੱਚੋਂ ਡਰਾਈਵ ਕਰਦਿਆਂ ਬੇਹੱਦ ਸਾਵਧਾਨੀ ਵਰਤੋ, ਭਾਵੇਂ ਤੁਹਾਨੂੰ ਕੋਈ ਵਰਕਰ ਨਾ ਵੀ ਦਿਖਾਈ ਦਿੰਦੇ ਹੋਣ।
- ਜਦ ਵੀ ਸੰਭਵ ਹੋਵੇ, ਮਜ਼ਦੂਰਾਂ ਅਤੇ ਉਸਾਰੀ ਵਾਹਨਾਂ ਲਈ ਥਾਂ ਬਣਾਉਣ ਵਾਸਤੇ ਪਾਸੇ ਵੱਲ ਚਲੇ ਜਾਓ।
- ਜਦੋਂ ਤੱਕ ਤੁਹਾਨੂੰ End Road Word (ਸੜਕੀ ਕੰਮ ਖਤਮ) ਦਾ ਸੰਕੇਤ ਨਾ ਦਿਖਾਈ ਦੇਵੇ, ਉਦੋਂ ਤੱਕ ਪੋਸਟ ਕੀਤੇ ਹੋਏ ਕੰਮ ਵਾਲੇ ਜ਼ੋਨ ਦੇ ਚਿੰਨ੍ਹਾਂ ਦੀ ਪਾਲਣਾ ਕਰੋ।
- ਦੇਰੀ ਹੋ ਸਕਦੀ ਹੈ, ਉਸੇ ਅਨੁਸਾਰ ਯੋਜਨਾ ਬਣਾਓ, ਅਤੇ ਆਪਣੀ ਮੰਜ਼ਿਲ ਤੇ ਵੇਲੇ ਸਿਰ ਪਹੁੰਚਣ ਲਈ ਛੇਤੀ ਨਿਕਲੋ।
- ਜਦੋਂ ਵੀ ਸੰਭਵ ਹੋਵੇ, ਕੰਮ ਦੇ ਖੇਤਰਾਂ ਤੋਂ ਬਚਣ ਲਈ ਵੱਖਰੇ ਰੂਟ ਦੀ ਵਰਤੋਂ ਕਰੋ।




## ਐਮਰਜੈਂਸੀ ਵਾਲਾ ਖੇਤਰ

ਐਮਰਜੈਂਸੀ ਵਾਲਾ ਖੇਤਰ ਸੜਕ ਤੇ ਕਿਸੇ ਅਜਿਹੀ ਸਥਿਤੀ ਪ੍ਰਤੀ ਜਵਾਬੀ ਪ੍ਰਤੀਕਿਰਿਆ ਵਜੋਂ ਤਿਆਰ ਕੀਤਾ ਜਾਂਦਾ ਹੈ ਜੋ ਫੌਰੀ ਧਿਆਨ ਮੰਗਦੀ ਹੋਵੇ। ਇਹ ਕੋਈ ਟੱਕਰ, ਟੁੱਟੀ ਹੋਈ ਗੱਡੀ, ਜਾਂ ਪਰੇਸ਼ਾਨੀਗ੍ਰਸਤ ਵਿਅਕਤੀ ਹੋ ਸਕਦਾ ਹੈ। ਇਹ ਅਜਿਹੀਆਂ ਸਥਿਤੀਆਂ ਹੁੰਦੀਆਂ ਹਨ ਜਿਨ੍ਹਾਂ ਬਾਰੇ ਕਿਸੇ ਨੇ ਯੋਜਨਾ ਨਹੀਂ ਬਣਾਈ ਹੁੰਦੀ, ਅਤੇ ਇਨ੍ਹਾਂ ਲਈ ਸਾਡੇ ਸੜਕ ਵਰਤਣ ਵਾਲਿਆਂ ਤੋਂ ਸਾਵਧਾਨੀ ਅਤੇ ਸਬਰ ਦੀ ਲੋੜ ਹੁੰਦੀ ਹੈ।

ਐਮਰਜੈਂਸੀ ਵਾਲੇ ਖੇਤਰਾਂ ਵਿੱਚ ਸੜਕਾਂ ਲਈ ਫਲੇਅਰ ਜਾਂ ਸੰਕੇਤ ਲਗਾਏ ਜਾ ਸਕਦੇ ਹਨ, ਪਰ ਸੜਕ ਕਿਨਾਰੇ ਪ੍ਰਤੀਕਿਰਿਆ ਦੇਣ ਵਾਲੇ ਵਾਹਨ ਫਲੈਸ਼ ਕਰਦੀਆਂ ਲਾਈਟਾਂ ਦੀ ਵਰਤੋਂ ਕਰਨਗੇ। ਜਿਉਂ ਹੀ ਤੁਹਾਨੂੰ ਫਲੈਸ਼ ਕਰਦੀਆਂ ਲਾਈਟਾਂ ਦੇ ਨਾਲ ਸੜਕ ਕਿਨਾਰੇ ਕੋਈ ਪ੍ਰਤੀਕਿਰਿਆ ਕਰਨ ਵਾਲਾ ਵਾਹਨ ਦਿਖਾਈ ਦਿੰਦਾ ਹੈ, ਤਾਂ ਤੁਹਾਡਾ ਇਨ੍ਹਾਂ ਕੰਮਾਂ ਵਿੱਚੋਂ ਇੱਕ ਕਰਨਾ ਲਾਜ਼ਮੀ ਹੈ:

1. ਦੂਰ ਦੀ ਕਿਸੇ ਲੇਨ ਵਿੱਚ **ਚਲੇ ਜਾਓ**।
2. ਗਤੀ ਨੂੰ ਤੈਅਸ਼ੁਦਾ ਗਤੀ ਸੀਮਾ ਤੋਂ ਘੱਟੋ-ਘੱਟ 10 ਮੀਲ ਪ੍ਰਤੀ ਘੰਟਾ ਤੱਕ **ਘਟਾ ਲਓ**। ਕਿਸੇ ਐਮਰਜੈਂਸੀ ਜ਼ੋਨ ਵਿੱਚ ਕਦੇ ਵੀ 50 ਮੀਲ ਪ੍ਰਤੀ ਘੰਟਾ ਤੋਂ ਤੇਜ਼ ਗੱਡੀ ਨਾ ਚਲਾਓ।

ਸੜਕ ਕਿਨਾਰੇ ਪ੍ਰਤੀਕਿਰਿਆ ਕਰਨ ਵਾਲੇ ਵਾਹਨਾਂ ਵਿੱਚ ਟੋਅ ਟਰੱਕ, ਠੋਸ ਕੂੜਾ ਚੁੱਕਣ ਵਾਲੇ ਟਰੱਕ, ਘਟਨਾ ਵੇਲੇ ਪ੍ਰਤੀਕਿਰਿਆ ਕਰਨ ਵਾਲੇ, ਹਾਈਵੇਅ ਰੱਖ-ਰਖਾਅ, ਉਪਯੋਗਿਤਾ ਵਾਹਨ, ਕਾਨੂੰਨ ਲਾਗੂ ਕਰਨ ਵਾਲੇ, ਫਾਇਰ ਟਰੱਕ ਅਤੇ ਐਂਬੂਲੈਂਸਾਂ ਸ਼ਾਮਲ ਹੋ ਸਕਦੇ ਹਨ।

ਜਿੰਨੀ ਛੇਤੀ ਹੋ ਸਕੇ ਸੜਕ ਕਿਨਾਰੇ ਕੰਮ ਕਰਦੇ ਕਰਮੀਆਂ ਲਈ ਇੱਕ ਸੁਰੱਖਿਅਤ ਥਾਂ ਬਣਾਓ। ਜਦੋਂ ਉਹ ਹੋਰ ਲੋਕਾਂ ਦੀ ਮਦਦ ਕਰ ਰਹੇ ਹੋਣ ਤਾਂ ਤੁਸੀਂ ਉਨ੍ਹਾਂ ਦੀ ਮਦਦ ਕਰ ਸਕਦੇ ਹੋ।

## 4.18 | ਪਾਰਕਿੰਗ

### ਪਾਰਕਿੰਗ ਸੰਬੰਧੀ ਆਮ ਨਿਯਮ

ਇਹ ਪੱਕਾ ਕਰਨਾ ਤੁਹਾਡੀ ਜ਼ਿੰਮੇਵਾਰੀ ਹੁੰਦੀ ਹੈ ਕਿ ਤੁਹਾਡੀ ਪਾਰਕ ਕੀਤੀ ਹੋਈ ਗੱਡੀ ਹੋਰਾਂ ਲੋਕਾਂ ਲਈ ਕੋਈ ਖਤਰਾ ਨਾ ਬਣੇ।

ਗੱਡੀ ਨੂੰ ਸਿਰਫ਼ ਨਿਰਧਾਰਤ ਥਾਂਵਾਂ ਵਿੱਚ ਹੀ ਖੜ੍ਹਾ ਕਰਨਾ ਯਕੀਨੀ ਬਣਾਓ। ਪਾਰਕਿੰਗ ਕਰਨ ਦੀ ਮਨਾਹੀ ਵਾਲੇ ਜਾਂ ਸੀਮਿਤ ਕਰਨ ਵਾਲੇ ਸੰਕੇਤਾਂ 'ਤੇ ਨਜ਼ਰ ਰੱਖੋ। ਰੰਗਦਾਰ ਕਰਬ ਵਾਲੇ ਨਿਸ਼ਾਨ ਪਾਰਕਿੰਗ ਪਾਬੰਦੀਆਂ ਨੂੰ ਦਰਸਾ ਸਕਦੇ ਹਨ। ਇਹ ਪੱਕਾ ਕਰਨਾ ਤੁਹਾਡੀ ਜ਼ਿੰਮੇਵਾਰੀ ਹੁੰਦੀ ਹੈ ਕਿ ਤੁਹਾਡੀ ਪਾਰਕ ਕੀਤੀ ਹੋਈ ਗੱਡੀ ਹੋਰਾਂ ਲੋਕਾਂ ਲਈ ਕੋਈ ਖਤਰਾ ਨਾ ਬਣੇ।

**ਇਨ੍ਹਾਂ ਥਾਂਵਾਂ 'ਤੇ ਗੱਡੀ ਖੜ੍ਹੀ ਨਾ ਕਰੋ:**

- ਕਿਸੇ ਚੌਰਾਹੇ ਵਿੱਚ।
- ਕਿਸੇ ਕ੍ਰਾਸਵਾਕ, ਸਾਈਡਵਾਕ, ਜਾਂ ਸਾਈਕਲ ਲੇਨ 'ਤੇ।
- ਕਿਸੇ ਟ੍ਰੈਫਿਕ ਸਿਗਨਲ, ਸਟੌਪ ਸੰਕੇਤ, ਜਾਂ ਰਾਹ ਦੇਣ ਦੇ ਸੰਕੇਤ ਦੇ 30 ਫੁੱਟ ਦੇ ਅੰਦਰ-ਅੰਦਰ।
- ਕਿਸੇ ਡ੍ਰਾਈਵ-ਵੇਅ, ਗਲੀ, ਜਾਂ ਨਿੱਜੀ ਸੜਕ ਤੋਂ 5 ਫੁੱਟ ਦੇ ਅੰਦਰ-ਅੰਦਰ।
- ਸੜਕ ਦੇ ਦੂਜੇ ਪਾਸੇ ਫਾਇਰ ਸਟੇਸ਼ਨ ਦੇ ਡ੍ਰਾਈਵ-ਵੇਅ ਤੋਂ 75 ਫੁੱਟ ਦੇ ਅੰਦਰ-ਅੰਦਰ।

- ਪੈਦਲ ਚੱਲਣ ਵਾਲਿਆਂ ਲਈ ਸੁਰੱਖਿਆ ਖੇਤਰਾਂ ਦੇ 20 ਫੁੱਟ ਦੇ ਅੰਦਰ-ਅੰਦਰ।
- ਰੇਲਰੋਡ ਪਟੜੀਆਂ 'ਤੇ।
- ਰੇਲਰੋਡ ਕ੍ਰਾਸਿੰਗ ਤੋਂ 50 ਫੁੱਟ ਦੇ ਅੰਦਰ-ਅੰਦਰ।
- ਕਿਸੇ ਉਸਾਰੀ ਖੇਤਰ ਵਿੱਚ।
- ਪਹਿਲਾਂ ਤੋਂ ਖੜ੍ਹੀ ਹੋਈ ਕਿਸੇ ਗੱਡੀ ਦੇ ਨਾਲ (ਡਬਲ ਪਾਰਕਿੰਗ)।
- ਫ੍ਰੀਵੇਅ ਦੇ ਕਿਨਾਰੇ 'ਤੇ (ਜਦੋਂ ਤੱਕ ਕਿ ਤੁਹਾਨੂੰ ਕੋਈ ਐਮਰਜੈਂਸੀ ਨਾ ਹੋਵੇ)।
- ਕਿਸੇ ਪੁਲ, ਓਵਰਪਾਸ, ਜਾਂ ਕਿਸੇ ਸੁਰੰਗ ਜਾਂ ਅੰਡਰਪਾਸ ਵਿੱਚ।
- ਸਾਹਮਣਿਓਂ ਆ ਰਹੇ ਟ੍ਰੈਫਿਕ ਵੱਲ ਮੂੰਹ ਕਰਕੇ।
- ਕਰਬ ਤੋਂ 12 ਇੰਚ ਤੋਂ ਵੱਧ ਦੂਰੀ 'ਤੇ।
- ਜਿੱਥੇ ਵੀ ਇਹ ਦੱਸਦਾ ਹੋਇਆ ਕੋਈ ਸੰਕੇਤ ਲੱਗਿਆ ਹੋਵੇ ਕਿ ਤੁਸੀਂ ਗੱਡੀ ਨਹੀਂ ਖੜ੍ਹੀ ਕਰ ਸਕਦੇ ਹੋ।
- ਫਾਇਰ ਹਾਈਡ੍ਰੈਂਟ ਦੇ 15 ਫੁੱਟ ਦੇ ਅੰਦਰ-ਅੰਦਰ।

ਸੰਕੇਤ ਜਾਂ ਪੇਂਟ ਕੀਤੀ ਹੋਈਆਂ ਪਟਰਿਆਂ ਪਾਰਕਿੰਗ ਸੰਬੰਧੀ ਹੋਰਾਂ ਪਾਬੰਦੀਆਂ ਨੂੰ ਦਰਸਾ ਸਕਦੀਆਂ ਹਨ:

- ਚਿੱਟੇ ਦਾ ਮਤਲਬ ਹੈ ਕਿ ਸਿਰਫ਼ ਥੋੜ੍ਹੀ ਜਿਹੀ ਦੇਰ ਰੁਕਣ ਦੀ ਹੀ ਇਜਾਜ਼ਤ ਹੈ।
- ਪੀਲਾ ਜਾਂ ਲਾਲ ਰੰਗ ਲੋਡਿੰਗ ਜ਼ੋਨ ਜਾਂ ਕਿਸੇ ਹੋਰ ਪਾਬੰਦੀ ਨੂੰ ਦਰਸਾਉਂਦਾ ਹੈ।

### ਆਪਣੀ ਪਾਰਕਿੰਗ ਬ੍ਰੇਕ ਲਗਾਓ

ਹਮੇਸ਼ਾ ਆਪਣੀ ਪਾਰਕਿੰਗ ਬ੍ਰੇਕ ਲਗਾਓ, ਖਾਸ ਕਰਕੇ ਪਹਾੜੀ 'ਤੇ।

### ਆਪਣਾ ਦਰਵਾਜ਼ਾ ਖੋਲ੍ਹਣ ਤੋਂ ਪਹਿਲਾਂ ਟ੍ਰੈਫਿਕ ਚੈੱਕ ਕਰੋ

- ਆਪਣਾ ਪਿਛਲਾ ਅਤੇ ਸਾਈਡ-ਵਿਊ ਵਾਲਾ ਸ਼ੀਸ਼ਾ ਚੈੱਕ ਕਰੋ।
- ਦਰਵਾਜ਼ੇ ਨੂੰ ਆਪਣੇ ਉਸ ਹੱਥ ਨਾਲ ਖੋਲ੍ਹੋ ਜੋ ਦਰਵਾਜ਼ੇ ਤੋਂ ਸਭ ਤੋਂ ਦੂਰ ਹੋਵੇ। ਇਸਨੂੰ ਡੱਚ ਰੀਚ (Dutch Reach) ਵਿਧੀ ਕਿਹਾ ਜਾਂਦਾ ਹੈ। ਇਸ ਨਾਲ ਤੁਹਾਡਾ ਸਰੀਰ ਮੁੜਨ ਲਈ ਮਜਬੂਰ ਹੋ ਜਾਂਦਾ ਹੈ, ਜਿਸ ਨਾਲ ਤੁਸੀਂ ਨੇੜੇ ਆ ਰਹੇ ਸਾਈਕਲ ਸਵਾਰਾਂ ਨੂੰ ਦੇਖ ਸਕਦੇ ਹੋ। ਇਹ ਗੱਡੀ ਦੇ ਦਰਵਾਜ਼ੇ ਨੂੰ ਬਹੁਤੀ ਤੇਜ਼ੀ ਨਾਲ ਖੋਲ੍ਹਣ ਤੋਂ ਵੀ ਰੋਕਦਾ ਹੈ। ਇਹ ਸਾਈਕਲ ਸਵਾਰਾਂ ਨੂੰ ਬਚਾ ਸਕਦਾ ਹੈ ਅਤੇ ਤੁਹਾਡੇ ਦਰਵਾਜ਼ੇ ਨੂੰ ਨੇੜੇ ਆ ਰਹੀ ਗੱਡੀ ਦੁਆਰਾ ਨੁਕਸਾਨ ਪਹੁੰਚਣ ਤੋਂ ਰੋਕ ਸਕਦਾ ਹੈ।

**ਬੱਚਿਆਂ ਜਾਂ ਜਾਨਵਰਾਂ ਨੂੰ ਕਦੇ ਵੀ ਖੜ੍ਹੀ ਕੀਤੀ ਹੋਈ ਗੱਡੀ ਵਿੱਚ ਇਕੱਲਿਆਂ ਨਾ ਛੱਡੋ।**

**ਇਹ ਯਕੀਨੀ ਬਣਾਓ ਕਿ ਬਾਲਗ, ਬੱਚੇ, ਅਤੇ ਜਾਨਵਰ ਗੱਡੀ ਤੋਂ ਚੰਗੀ ਤਰ੍ਹਾਂ ਨਾਲ ਬਾਹਰ ਨਿਕਲ ਗਏ ਹਨ।**

- ਜਦੋਂ ਮੋਟਰ ਚੱਲ ਰਹੀ ਹੋਵੇ ਤਾਂ 16 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਖੜ੍ਹੀ ਕੀਤੀ ਹੋਈ ਗੱਡੀ ਵਿੱਚ ਇਕੱਲਿਆਂ ਛੱਡਣਾ ਅਪਰਾਧ ਹੈ।
- 12 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਖੜ੍ਹੀ ਕੀਤੀ ਹੋਈ ਗੱਡੀ ਵਿੱਚ ਇਕੱਲਿਆਂ ਛੱਡਣਾ ਅਪਰਾਧ ਹੈ।
- ਜੇ ਜਾਨਵਰ ਨੂੰ ਬਹੁਤ ਜ਼ਿਆਦਾ ਗਰਮੀ, ਠੰਡ, ਹਵਾਦਾਰੀ ਦੀ ਕਮੀ, ਜਾਂ ਲੋੜੀਂਦੇ ਪਾਣੀ ਦੀ ਕਮੀ ਕਰਕੇ ਨੁਕਸਾਨ ਪਹੁੰਚ ਸਕਦਾ ਹੈ ਜਾਂ ਉਸਦੀ ਮੌਤ ਹੋ ਸਕਦੀ ਹੈ, ਤਾਂ ਉਸਨੂੰ ਗੱਡੀ ਵਿੱਚ ਇਕੱਲਿਆਂ ਛੱਡਣਾ ਅਪਰਾਧ ਹੈ।
- ਜੇ ਨੇੜਲੇ ਖੇਤਰ ਵਿੱਚ ਕਿਸੇ ਵੀ ਵਿਅਕਤੀ ਕੋਲ ਵਾਹਨ ਤੱਕ ਪਹੁੰਚ ਨਹੀਂ ਹੈ, ਤਾਂ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਬੱਚਿਆਂ ਜਾਂ ਜਾਨਵਰਾਂ ਦੀ ਸਿਹਤ ਅਤੇ ਸੁਰੱਖਿਆ ਦੀ ਰਾਖੀ ਲਈ ਉਨ੍ਹਾਂ ਨੂੰ ਫੌਰਨ ਕਿਸੇ ਵੀ ਵਾਜਬ ਤਰੀਕੇ ਨਾਲ ਗੱਡੀ ਵਿੱਚੋਂ ਬਾਹਰ ਕੱਢਣ ਦਾ ਅਧਿਕਾਰ ਹੈ। ਜੇ ਕਾਨੂੰਨੀ ਜਾਂ ਸੁਰੱਖਿਆ ਕਾਰਨਾਂ ਕਰਕੇ ਬੱਚਿਆਂ ਜਾਂ ਜਾਨਵਰਾਂ ਨੂੰ ਗੱਡੀ ਵਿੱਚੋਂ ਬਾਹਰ ਕੱਢਣ ਦੀ ਲੋੜ ਪੈਂਦੀ ਹੈ, ਤਾਂ ਅਫ਼ਸਰ, ਜਾਂ ਅਫ਼ਸਰ ਨੂੰ ਨਿਯੁਕਤ ਕਰਨ ਵਾਲੀ ਏਜੰਸੀ, ਵਾਹਨ ਨੂੰ ਹੋਏ ਨੁਕਸਾਨ ਲਈ ਜ਼ਿੰਮੇਵਾਰ ਨਹੀਂ ਹੋਵੇਗੀ।

**ਆਪਣੀ ਚਾਬੀਆਂ ਲਓ ਅਤੇ ਦਰਵਾਜ਼ੇ ਨੂੰ ਲੌਕ ਕਰ ਦਿਓ**

ਆਪਣੇ ਦਰਵਾਜ਼ੇ ਨੂੰ ਤਾਲਾ ਲਗਾਉਣ ਨਾਲ ਚੋਰੀ ਤੋਂ ਬਚਾਅ ਹੁੰਦਾ ਹੈ ਅਤੇ ਤੁਹਾਡੀ ਗੱਡੀ ਦੀ ਅਣਚਾਹੇ ਘੁਸਪੈਠੀਆਂ ਤੋਂ ਵੀ ਰੱਖਿਆ ਹੁੰਦੀ ਹੈ।



## ਲੰਬਕਾਰੀ ਅਤੇ ਕੋਣੀ ਪਾਰਕਿੰਗ

**ਇੱਕ ਲੰਬਕਾਰੀ ਜਾਂ ਕੋਣੀ ਪਾਰਕਿੰਗ ਵਾਲੀ ਥਾਂ ਵਿੱਚ ਦਾਖ਼ਲ ਹੋਣਾ**

1. ਉਸ ਥਾਂ ਦੀ ਚੋਣ ਕਰੋ ਜਿੱਥੇ ਤੁਸੀਂ ਗੱਡੀ ਖੜ੍ਹੀ ਕਰਨੀ ਚਾਹੁੰਦੇ ਹੋ, ਅਤੇ ਟ੍ਰੈਫਿਕ ਚੈੱਕ ਕਰੋ।
2. ਮੁੜਨ ਲਈ ਆਪਣੇ ਇਰਾਦੇ ਦਾ ਸਿਗਨਲ ਦਿਓ।
3. ਸਟੀਅਰਿੰਗ ਵ੍ਹੀਲ ਨੂੰ ਜਿਵੇਂ ਵੀ ਠੀਕ ਲੱਗੇ ਖੱਬੇ ਜਾਂ ਸੱਜੇ ਮੋੜਦੇ ਹੋਏ, ਹੌਲੀ-ਹੌਲੀ ਅੱਗੇ ਵਧੋ ਜਦੋਂ ਤੱਕ ਕਿ ਗੱਡੀ ਉਸ ਥਾਂ ਦੇ ਵਿਚਕਾਰ ਨਹੀਂ ਪਹੁੰਚ ਜਾਂਦੀ।
4. ਗੱਡੀ ਨੂੰ ਪੇਂਟ ਕੀਤੀਆਂ ਲਾਈਨਾਂ ਦੇ ਵਿਚਕਾਰ ਲਿਜਾਓ।
5. ਪਾਰਕਿੰਗ ਵਾਲੀ ਥਾਂ ਦੇ ਮੂਹਰਲੇ ਪਾਸੇ ਜਾਓ, ਰੁਕੋ ਅਤੇ ਗੱਡੀ ਨੂੰ ਸੁਰੱਖਿਅਤ ਕਰੋ।

**ਇੱਕ ਲੰਬਕਾਰੀ ਜਾਂ ਕੋਣ ਵਾਲੇ ਪਾਰਕਿੰਗ ਸਥਾਨ ਤੋਂ ਬਾਹਰ ਨਿਕਲਣਾ**

1. ਸਾਰੇ ਪਾਸਿਓਂ ਟ੍ਰੈਫਿਕ ਦੀ ਜਾਂਚ ਕਰੋ।
2. ਟ੍ਰੈਫਿਕ ਚੈੱਕ ਕਰਦੇ ਰਹੋ ਅਤੇ ਸਿੱਧਾ ਪਿੱਛੇ ਨੂੰ ਚਲਦੇ ਰਹੋ ਜਦੋਂ ਤੱਕ ਕਿ ਕਿ ਤੁਹਾਡਾ ਬੰਪਰ ਤੁਹਾਡੇ ਨਾਲ ਖੜ੍ਹੀ ਹੋਈ ਗੱਡੀ ਤੋਂ ਅੱਗੇ ਨਾ ਨਿਕਲ ਆਵੇ।
3. ਸਟੀਅਰਿੰਗ ਵ੍ਹੀਲ ਨੂੰ ਤੇਜ਼ੀ ਨਾਲ ਉਸ ਦਿਸ਼ਾ ਵਿੱਚ ਘੁਮਾਓ ਜਿੱਧਰ ਤੁਸੀਂ ਆਪਣੀ ਗੱਡੀ ਨੂੰ ਲਿਜਾਣਾ ਚਾਹੁੰਦੇ ਹੋ।
4. ਪਾਰਕਿੰਗ ਵਾਲੀ ਥਾਂ ਤੋਂ ਬਾਹਰ ਨਿਕਲੋ ਅਤੇ ਰੁਕੋ। ਅੱਗੇ ਵਧੋ, ਸਹਿਜੇ ਜਿਹੇ ਐਕਸਲਰੇਟ ਕਰੋ ਅਤੇ ਪਹੀਆਂ ਨੂੰ ਸਿੱਧਾ ਕਰਨ ਲਈ ਲੋੜ ਅਨੁਸਾਰ ਸਟੀਅਰ ਕਰੋ।



## ਪੈਰੇਲਲ (ਸਮਾਨਾਂਤਰ) ਪਾਰਕਿੰਗ

### ਪੈਰੇਲਲ ਪਾਰਕਿੰਗ ਥਾਂ ਵਿੱਚ ਦਾਖ਼ਲ ਹੋਣਾ

1. ਉਸ ਥਾਂ ਦੀ ਚੋਣ ਕਰੋ ਜਿੱਥੇ ਤੁਸੀਂ ਗੱਡੀ ਖੜ੍ਹੀ ਕਰੋਗੇ, ਟ੍ਰੈਫਿਕ ਚੈੱਕ ਕਰੋ, ਅਤੇ ਸਿਗਨਲ ਦਿਓ।
2. ਗੱਡੀ ਨੂੰ ਪਿੱਛੇ ਕਰੋ ਅਤੇ ਉਸ ਦਿਸ਼ਾ ਵੱਲ ਦੇਖੋ ਜਿੱਧਰ ਗੱਡੀ ਚੱਲੇਗੀ।
3. ਹੌਲੀ-ਹੌਲੀ ਉਦੋਂ ਤੱਕ ਪਿੱਛੇ ਕਰੋ ਜਦੋਂ ਤੱਕ ਕਿ ਤੁਹਾਡਾ ਮੂਹਰਲਾ ਬੰਪਰ ਉਸ ਗੱਡੀ ਦੇ ਪਿਛਲੇ ਬੰਪਰ ਦੇ ਨਾਲ ਇੱਕ ਸੀਧ ਵਿੱਚ ਨਹੀਂ ਆ ਜਾਂਦਾ ਜਿਸਦੇ ਪਿੱਛੇ ਤੁਸੀਂ ਗੱਡੀ ਖੜ੍ਹੀ ਕਰ ਰਹੇ ਹੋ।
4. ਆਪਣੇ ਸਟੀਅਰਿੰਗ ਵ੍ਹੀਲ ਨੂੰ ਤੇਜ਼ੀ ਨਾਲ ਮੋੜੋ ਅਤੇ ਥਾਂ ਵਿੱਚ ਹੌਲੀ-ਹੌਲੀ ਪਿੱਛੇ ਨੂੰ ਕਰੋ।
5. ਗੱਡੀ ਨੂੰ ਥਾਂ ਦੇ ਮੱਧ ਵਿੱਚ ਲਿਆਉਣ ਲਈ ਸਟੀਅਰਿੰਗ ਵ੍ਹੀਲ ਨੂੰ ਤੇਜ਼ੀ ਨਾਲ ਘੁਮਾਓ।
6. ਆਪਣੇ ਪਿੱਛੇ ਵਾਲੀ ਗੱਡੀ ਦੇ ਬੰਪਰ ਨੂੰ ਛੂਹਣ ਤੋਂ ਪਹਿਲਾਂ ਰੁਕ ਜਾਓ।
7. ਆਪਣੀ ਗੱਡੀ ਨੂੰ ਪਾਰਕਿੰਗ ਸਪੇਸ ਵਿੱਚ ਸਮਾਯੋਜਿਤ ਕਰਨ ਲਈ ਗੱਡੀ ਅੱਗੇ ਨੂੰ ਕਰੋ। ਇਹ ਪੱਕਾ ਕਰ ਲਓ ਕਿ ਤੁਹਾਡੀ ਗੱਡੀ ਪਟਰੀ ਦੇ ਕਿਨਾਰੇ ਤੋਂ 12 ਇੰਚ ਤੋਂ ਵੱਧ ਦੂਰ ਨਾ ਹੋਵੇ।

### ਪੈਰੇਲਲ ਪਾਰਕਿੰਗ ਥਾਂ ਤੋਂ ਬਾਹਰ ਨਿਕਲਣਾ

1. ਸਾਰੀਆਂ ਦਿਸ਼ਾਵਾਂ ਵਿੱਚ ਟ੍ਰੈਫਿਕ 'ਤੇ ਨਜ਼ਰ ਮਾਰੋ, ਆਪਣਾ ਪੈਰ ਬ੍ਰੇਕ 'ਤੇ ਰੱਖੋ, ਗਿਅਰ ਨੂੰ ਰਿਵਰਸ ਵਿੱਚ ਸ਼ਿਫ਼ਟ ਕਰੋ, ਅਤੇ ਜਿੰਨਾ ਹੋ ਸਕੇ ਆਪਣੇ ਪਿੱਛੇ ਵਾਲੀ ਗੱਡੀ ਵੱਲ ਪਿੱਛੇ ਵੱਲ ਨੂੰ ਜਾਓ।
2. ਟ੍ਰੈਫਿਕ 'ਤੇ ਨਜ਼ਰ ਮਾਰੋ ਅਤੇ ਸਿਗਨਲ ਦਿਓ।
3. ਲੇਨ ਵਿੱਚ ਸਟੀਅਰ ਕਰਦੇ ਹੋਏ, ਹੌਲੀ-ਹੌਲੀ ਅੱਗੇ ਵਧੋ।
4. ਇਹ ਪੱਕਾ ਕਰੋ ਕਿ ਤੁਹਾਡੀ ਗੱਡੀ ਦਾ ਮੂਹਰਲਾ ਬੰਪਰ ਅੱਗੇ ਵਾਲੀ ਗੱਡੀ ਤੋਂ ਪਾਰ ਨਿਕਲ ਜਾਏ; ਜੇ ਨਹੀਂ ਤਾਂ, ਰਿਵਰਸ ਕਰੋ ਅਤੇ ਸਟੀਅਰਿੰਗ ਵ੍ਹੀਲ ਨੂੰ ਸਮਾਯੋਜਿਤ ਕਰੋ।
5. ਜਦੋਂ ਤੁਹਾਡਾ ਮੂਹਰਲਾ ਦਰਵਾਜ਼ਾ ਤੁਹਾਡੇ ਅੱਗੇ ਖੜ੍ਹੀ ਗੱਡੀ ਦੇ ਪਿਛਲੇ ਬੰਪਰ ਤੋਂ ਅੱਗੇ ਨਿਕਲ ਜਾਏ ਤਾਂ ਟ੍ਰੈਫਿਕ ਦੀ ਸਭ ਤੋਂ ਨੇੜਲੀ ਲੇਨ ਵਿੱਚ ਅੱਗੇ ਵਧੋ।




## ਪਹਾੜੀ ਉੱਪਰ ਗੱਡੀ ਖੜ੍ਹੀ ਕਰਨਾ

**ਜਦੋਂ ਵੀ ਤੁਸੀਂ ਕਿਸੇ ਪਹਾੜੀ 'ਤੇ ਗੱਡੀ ਖੜ੍ਹੀ ਕਰੋ ਤਾਂ ਹਮੇਸ਼ਾ ਆਪਣੀ ਪਾਰਕਿੰਗ ਬ੍ਰੇਕ ਲਗਾਓ** ਤੁਸੀਂ ਇਹ ਪੱਕਾ ਕਰਨਾ ਹੈ ਕਿ ਤੁਹਾਡੀ ਗੱਡੀ ਸੜਕ 'ਤੇ ਨਾ ਰੁੜ੍ਹ ਜਾਏ। ਜੇ ਕਿਤੇ ਤੁਹਾਡੀ ਪਾਰਕਿੰਗ ਬ੍ਰੇਕ ਫੇਲ੍ਹ ਹੋ ਜਾਂਦੀ ਹੈ ਤਾਂ ਆਪਣੇ ਪਹੀਆਂ ਨੂੰ ਸੜਕ ਦੇ ਕਿਨਾਰੇ ਵੱਲ ਮੋੜਨ ਨਾਲ ਵਾਧੂ ਸੁਰੱਖਿਆ ਮਿਲਦੀ ਹੈ।

**ਪਹਾੜੀ ਵੱਲ ਉੱਪਰ ਨੂੰ**

ਉੱਚੇ ਕਿਨਾਰਿਆਂ ਵਾਲੀਆਂ ਪਹਾੜੀਆਂ 'ਤੇ, ਆਪਣੇ ਸਟੀਅਰਿੰਗ ਵ੍ਹੀਲ ਨੂੰ ਪਟਰੀ ਤੋਂ ਪਰੇ ਵੱਲ ਉਦੋਂ ਤੱਕ ਮੋੜੋ ਜਦੋਂ ਤੱਕ ਕਿ ਤੁਹਾਡੇ ਅਗਲੇ ਟਾਇਰ ਦਾ ਪਿਛਲਾ ਹਿੱਸਾ ਪਟਰੀ ਨੂੰ ਨਾ ਛੂਹ ਲਵੇ। ਜੇ ਤੁਹਾਡੀ ਗੱਡੀ ਲੁੜਕਣ ਲੱਗ ਜਾਵੇ, ਤਾਂ ਇਹ ਲੁੜਕ ਕੇ ਪਿੱਛੇ ਪਟਰੀ ਵੱਲ ਜਾਵੇਗੀ। ਨੀਵੀਂ ਜਾਂ ਗੋਲਾਕਾਰ ਪਟਰੀਆਂ ਵਾਲੀਆਂ ਪਹਾੜੀਆਂ 'ਤੇ, ਆਪਣੇ ਸਟੀਅਰਿੰਗ ਵ੍ਹੀਲ ਨੂੰ ਕਰਬ ਵੱਲ ਮੋੜਨਾ ਵਧੇਰੇ ਸੁਰੱਖਿਅਤ ਹੋ ਸਕਦਾ ਹੈ ਕਿਉਂਕਿ ਜੇ ਤੁਹਾਡੀ ਪਾਰਕਿੰਗ ਬ੍ਰੇਕ ਫੇਲ੍ਹ ਹੋ ਜਾਂਦੀ ਹੈ ਤਾਂ ਤੁਹਾਡੀ ਗੱਡੀ ਸੜਕ ਤੋਂ ਦੂਰ ਲੁੜਕ ਜਾਵੇਗੀ।

**ਪਹਾੜੀ ਦੇ ਹੇਠਾਂ ਵੱਲ ਨੂੰ**

ਆਪਣੇ ਸਟੀਅਰਿੰਗ ਵ੍ਹੀਲ ਨੂੰ ਪਟਰੀ ਵੱਲ ਉਦੋਂ ਤੱਕ ਮੋੜੋ ਜਦੋਂ ਤੱਕ ਕਿ ਤੁਹਾਡੇ ਅਗਲੇ ਟਾਇਰ ਦਾ ਅਗਲਾ ਹਿੱਸਾ ਪਟਰੀ ਨੂੰ ਨਾ ਛੂਹ ਲਵੇ। ਜੇ ਤੁਹਾਡੀ ਗੱਡੀ ਲੁੜਕਣ ਲੱਗ ਜਾਵੇ, ਤਾਂ ਇਹ ਅੱਗੇ ਵੱਲ ਲੁੜਕ ਕੇ ਪਟਰੀ ਵੱਲ ਜਾਵੇਗੀ।

**ਜੇ ਕੋਈ ਪਟਰੀ ਨਾ ਹੋਵੇ**

ਆਪਣੇ ਸਟੀਅਰਿੰਗ ਵ੍ਹੀਲ ਅਤੇ ਟਾਇਰਾਂ ਨੂੰ ਸੜਕ ਦੇ ਕਿਨਾਰੇ ਵੱਲ ਮੋੜੋ। ਇਸ ਤਰ੍ਹਾਂ, ਜੇ ਤੁਹਾਡਾ ਵਾਹਨ ਲੁੜਕਣ ਸ਼ੁਰੂ ਕਰ ਦਿੰਦਾ ਹੈ, ਤਾਂ ਇਹ ਲੁੜਕ ਕੇ ਟ੍ਰੈਫਿਕ ਤੋਂ ਦੂਰ ਜਾਵੇਗਾ।

## ਅਪਾਹਜ ਲੋਕਾਂ ਲਈ ਰਾਖਵੀਂ ਪਾਰਕਿੰਗ




ਕੁਝ ਪਾਰਕਿੰਗ ਸਥਾਨ ਅਪਾਹਜ ਪਾਰਕਿੰਗ ਪਲੇਟਾਂ ਜਾਂ ਅਪਾਹਜ ਪਾਰਕਿੰਗ ਪਲਾਕਾਰਡ ਵਾਲੀਆਂ ਗੱਡੀਆਂ ਲਈ ਰਾਖਵੇਂ ਹੁੰਦੇ ਹਨ। ਰਾਖਵੀਂ ਥਾਂ ਦੇ ਨਾਲ ਲੱਗੀਆਂ ਚਿੱਟੀਆਂ ਧਾਰੀਆਂ, ਜਿਨ੍ਹਾਂ ਨੂੰ ਐਕਸੈਸ ਆਈਲ ਕਿਹਾ ਜਾਂਦਾ ਹੈ, ਨੂੰ ਹਮੇਸ਼ਾ ਖਾਲੀ ਰੱਖਣਾ ਜ਼ਰੂਰੀ ਹੈ। ਤੁਹਾਨੂੰ ਲੋੜੀਂਦਾ ਪਲਾਕਾਰਡ ਡਿਸਪਲੇ ਕੀਤੇ ਬਗੈਰ ਸਟਾਲਾਂ ਵਿੱਚ ਗੱਡੀ ਖੜ੍ਹੀ ਕਰਨ ਅਤੇ/ਜਾਂ ਐਕਸੈਸ ਆਈਲ ਵਿੱਚ ਰੁਕਾਵਟ ਪਾਉਣ ਲਈ ਜੁਰਮਾਨਾ ਲਗਾਇਆ ਜਾ ਸਕਦਾ ਹੈ।

ਜੇ ਤੁਹਾਨੂੰ ਕਿਸੇ ਤਰ੍ਹਾਂ ਦੀ ਕੋਈ ਅਪਾਹਜਤਾ ਹੈ ਜੋ ਤੁਹਾਡੇ ਤੁਰਨ ਦੀ ਸਮਰੱਥਾ ਨੂੰ ਸੀਮਿਤ ਜਾਂ ਕਮਜ਼ੋਰ ਕਰਦੀ ਹੈ, ਤਾਂ ਤੁਸੀਂ ਅਸਥਾਈ ਜਾਂ ਸਥਾਈ ਅਪਾਹਜ ਪਾਰਕਿੰਗ ਵਿਸ਼ੇਸ਼-ਅਧਿਕਾਰਾਂ ਲਈ ਅਰਜ਼ੀ ਦੇ ਸਕਦੇ ਹੋ।

ਜਦੋਂ ਤੁਸੀਂ ਗੱਡੀ ਚਲਾ ਰਹੇ ਹੋਵੋ ਤਾਂ ਪਾਰਕਿੰਗ ਪਲਾਕਾਰਡ ਨੂੰ ਆਪਣੀ ਗੱਡੀ ਦੇ ਪਿੱਛੇ ਦੇਖਣ ਵਾਲੇ ਸ਼ੀਸ਼ਿਆਂ 'ਤੇ ਨਾ ਲਟਕਾਓ ਕਿਉਂਕਿ ਇਸ ਨਾਲ ਤੁਹਾਡੀ ਨਜ਼ਰ ਵਿੱਚ ਰੁਕਾਵਟ ਪਵੇਗੀ।

ਅਰਜ਼ੀ ਦੇਣ ਵਾਸਤੇ, ਤੁਹਾਨੂੰ ਅਤੇ ਤੁਹਾਡੇ ਡਾਕਟਰ ਨੂੰ ਅਪਾਹਜ ਵਿਅਕਤੀਆਂ ਲਈ ਪਾਰਕਿੰਗ ਅਰਜ਼ੀ **(Disabled Parking Application for Individuals)** ਫਾਰਮ ਭਰਨਾ ਪਵੇਗਾ, ਜੋ ਕਿ dol.wa.gov 'ਤੇ ਉਪਲਬਧ ਹੈ।

## ਇਲੈਕਟ੍ਰਿਕ ਵਾਹਨ ਚਾਰਜਿੰਗ ਸਟੇਸ਼ਨ ਪਾਰਕਿੰਗ




ਕਿਸੇ ਵੀ ਇਲੈਕਟ੍ਰਿਕ ਵਾਹਨ ਚਾਰਜਿੰਗ ਸਟੇਸ਼ਨ ਵਿੱਚ ਗੱਡੀ ਖੜ੍ਹੀ ਕਰਨਾ ਗੈਰਕਾਨੂੰਨੀ ਹੈ, ਜੇ ਇਹ ਚਾਰਜਿੰਗ ਉਪਕਰਣ ਦੇ ਨਾਲ ਕਨੈਕਟ ਨਹੀਂ ਕੀਤੀ ਹੋਈ ਹੈ।

# 4.19 | ਢੋਆ-ਢੁਆਈ

## ਟੋਅ ਕਰਨਾ

ਜੇ ਤੁਸੀਂ ਕਿਸੇ ਕਿਸ਼ਤੀ, ਟ੍ਰੇਲਰ, ਜਾਂ ਕੈਂਪਰ ਵਰਗੇ ਕਿਸੇ ਵੀ ਵਾਹਨ ਨੂੰ ਟੋਅ ਕਰ ਰਹੇ ਹੋ, ਤਾਂ ਤੁਸੀਂ ਸਾਰੇ ਨਿਰਮਾਤਾਵਾਂ ਦੇ ਸਮਝੌਤਿਆਂ, ਰਾਜ ਦੇ ਕਾਨੂੰਨਾਂ ਅਤੇ ਸੰਘੀ ਮਿਆਰਾਂ ਦੀ ਪਾਲਣਾ ਕਰਨ ਲਈ ਜ਼ਿੰਮੇਵਾਰ ਹੁੰਦੇ ਹੋ। ਤੁਹਾਨੂੰ ਨਿਮਨਲਿਖਤ ਨਾਲ ਸੰਬੰਧਿਤ ਸਾਰੇ ਦਿਸ਼ਾ-ਨਿਰਦੇਸ਼ਾਂ ਨੂੰ ਜਾਣਨ ਅਤੇ ਉਨ੍ਹਾਂ ਦੀ ਪਾਲਣਾ ਕਰਨ ਦੀ ਲੋੜ ਹੋਵੇਗੀ:

- ਭਾਰ ਸੰਬੰਧੀ ਸੀਮਾਵਾਂ।
- ਵਾਹਨਾਂ ਸੰਬੰਧੀ ਪਾਬੰਦੀਆਂ।
- ਟੋਅ ਕੇਬਲਾਂ ਅਤੇ ਟੇਲ ਲਾਈਟ ਹੁਕਅੱਪ।
- ਸਰਵਿਸ ਬ੍ਰੇਕਾਂ।
- ਲਾਇਸੰਸ ਅਤੇ ਦਸਤਾਵੇਜ਼।

## ਆਪਣੇ ਭਾਰ ਨੂੰ ਸੁਰੱਖਿਅਤ ਕਰਕੇ ਬੰਨ੍ਹੋ

ਚੰਗੀ ਤਰ੍ਹਾਂ ਨਹੀਂ ਬੰਨ੍ਹੇ ਹੋਏ ਭਾਰ ਨਾਲ ਗੱਡੀ ਚਲਾਉਣਾ ਕਾਨੂੰਨ ਦੇ ਖਿਲਾਫ਼ ਹੈ ਅਤੇ ਅਤਿਅੰਤ ਖਤਰਨਾਕ ਵੀ ਹੁੰਦਾ ਹੈ। ਆਪਣੇ ਭਾਰ ਨੂੰ ਇਸ ਤਰ੍ਹਾਂ ਬੰਨ੍ਹੋ ਕਿ ਢਿੱਲੀਆਂ ਚੀਜ਼ਾਂ ਹਵਾ ਵਿੱਚ ਨਾ ਉੱਡਣ ਜਾਂ ਖਿਸਕਣ, ਥਾਂ ਨਾ ਬਦਲਣ, ਜਾਂ ਸੜਕ 'ਤੇ ਨਾ ਡਿੱਗਣ ਜਿਸ ਕਰਕੇ ਕੋਈ ਹਾਦਸਾ ਨਾ ਵਾਪਰ ਜਾਵੇ।

ਆਪਣੀ ਗੱਡੀ ਜਾਂ ਟ੍ਰੇਲਰ ਵਿੱਚ ਭਾਰ ਨੂੰ ਚੰਗੀ ਤਰ੍ਹਾਂ ਬੰਨ੍ਹਣ ਲਈ:

- ਹਰ ਚੀਜ਼ ਨੂੰ ਰੱਸੇ, ਜਾਲ, ਜਾਂ ਪੱਟੀਆਂ ਨਾਲ ਬੰਨ੍ਹ ਦਿਓ।
- ਵੱਡੀਆਂ ਚੀਜ਼ਾਂ ਨੂੰ ਸਿੱਧੇ ਆਪਣੀ ਗੱਡੀ ਜਾਂ ਟ੍ਰੇਲਰ ਨਾਲ ਬੰਨ੍ਹੋ।
- ਆਪਣੀ ਗੱਡੀ ਜਾਂ ਟ੍ਰੇਲਰ ਵਿੱਚ ਸਿਰਫ਼ ਉਹੀ ਚੀਜ਼ਾਂ ਪੈਕ ਕਰੋ ਜੋ ਤੁਸੀਂ ਸੁਰੱਖਿਅਤ ਢੰਗ ਨਾਲ ਅਤੇ ਸਹੀ-ਸਲਾਮਤ ਲਿਜਾ ਸਕਦੇ ਹੋ।

## ਜਾਨਵਰ

- ਕਿਸੇ ਵੀ ਵਿਅਕਤੀ ਲਈ ਕਿਸੇ ਜਾਨਵਰ ਨੂੰ ਗੱਡੀ ਦੇ ਬਾਹਰ (ਜਿਵੇਂ ਕਿ ਟਰੱਕ ਦਾ ਬੈੱਡ) ਬਿਨਾਂ ਕਿਸੇ ਸੁਰੱਖਿਆ ਪੱਟੇ ਜਾਂ ਵਾੜੇ ਦੇ ਲੈ ਕੇ ਜਾਣਾ ਗੈਰਕਾਨੂੰਨੀ ਹੈ, ਤਾਂ ਜੋ ਜਾਨਵਰ ਕੁੱਦ ਨਾ ਸਕੇ ਜਾਂ ਬਾਹਰ ਡਿੱਗ ਨਾ ਸਕੇ।
- Washington ਦੇ ਜਾਨਵਰਾਂ ਪ੍ਰਤੀ ਜ਼ੁਲਮ ਦੀ ਰੋਕਥਾਮ ਸੰਬੰਧੀ ਕਨੂੰਨਾਂ (Prevention of Cruelty to Animals) ਦੇ ਅਨੁਸਾਰ, ਜਾਨਵਰਾਂ ਨੂੰ ਇਸ ਤਰੀਕੇ ਨਾਲ ਲਿਜਾਣਾ ਇੱਕ ਅਪਰਾਧ ਹੈ ਜੋ ਜਾਨਵਰ ਦੀ ਜਾਂ ਜਨਤਕ ਸੁਰੱਖਿਆ ਲਈ ਖਤਰਾ ਪੈਦਾ ਕਰਦਾ ਹੋਵੇ। ਜੇ ਤੁਹਾਨੂੰ ਕਿਸੇ ਵੀ ਕਾਰਨ ਕਰਕੇ ਹਿਰਾਸਤ ਵਿੱਚ ਲਿਆ ਜਾਂਦਾ ਹੈ, ਤਾਂ ਅਧਿਕਾਰੀ ਗੱਡੀ ਵਿਚਲੇ ਕਿਸੇ ਵੀ ਜਾਨਵਰ (ਜਾਨਵਰਾਂ) ਨੂੰ ਆਪਣੇ ਕੰਟਰੋਲ ਵਿੱਚ ਲੈ ਸਕਦਾ ਹੈ। ਜੇ ਤੁਹਾਡਾ ਜਾਨਵਰ ਪੁਲਿਸ ਦੀ ਹਿਰਾਸਤ ਵਿੱਚ ਹੈ, ਤਾਂ ਤੁਹਾਨੂੰ ਉਸਨੂੰ ਵਾਪਸ ਲੈਣ ਤੋਂ ਪਹਿਲਾਂ ਫੀਸ ਦਾ ਭੁਗਤਾਨ ਕਰਨਾ ਪਵੇਗਾ।
- ਅਜਿਹੀ ਕਿਸੇ ਵੀ ਗਤੀਵਿਧੀ ਵਿੱਚ ਸ਼ਾਮਲ ਹੋਣਾ ਗੈਰਕਾਨੂੰਨੀ ਹੈ ਜੋ ਤੁਹਾਡਾ ਧਿਆਨ ਆਪਣੀ ਗੱਡੀ ਨੂੰ ਸੁਰੱਖਿਅਤ ਤੌਰ 'ਤੇ ਚਲਾਉਣ ਤੋਂ ਹਟਾ ਦਿੰਦੀ ਹੈ। ਗੱਡੀ ਵਿੱਚ ਖੁੱਲ੍ਹੇ ਜਾਂ ਡਰਾਈਵਰ ਦੀ ਗੋਦੀ ਵਿੱਚ ਸਵਾਰ ਜਾਨਵਰ ਇੱਕ ਸੰਭਾਵੀ ਭਟਕਾਵ ਹੋ ਸਕਦੇ ਹਨ।

## ਫੈਰੀਆਂ

ਵਾਸ਼ਿੰਗਟਨ ਸਟੇਟ ਫੈਰੀਜ਼ (Washington State Ferries) ਜਿਸਨੂੰ ਕਈ ਵਾਰ ਰਾਜ ਦੇ ਸਮੁੰਦਰੀ ਹਾਈਵੇ ਸਿਸਟਮ ਵਜੋਂ ਵੀ ਜਾਣਿਆ ਜਾਂਦਾ ਹੈ, Washington ਦੇ ਹਾਈਵੇਅ ਨੈੱਟਵਰਕ ਦਾ ਹਿੱਸਾ ਹਨ। ਉਸ ਨੈੱਟਵਰਕ ਦੇ ਹਿੱਸੇ ਵਜੋਂ, ਸੜਕ ਦੇ ਸਾਰੇ ਨਿਯਮ ਲਾਗੂ ਹੁੰਦੇ ਹਨ।

ਜਦੋਂ ਤੁਸੀਂ ਫੈਰੀ ਟਰਮਿਨਲ 'ਤੇ ਪਹੁੰਚਦੇ ਹੋ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਇੱਕ ਨਿਰਧਾਰਤ ਫੈਰੀ ਲੇਨ ਵੱਲ ਰਾਹ ਦਿਖਾਉਂਦੇ ਸੰਕੇਤ ਦਿਖਾਈ ਦੇਣ। ਪਹਿਲਾਂ ਤੋਂ ਹੀ ਲਾਈਨ ਵਿੱਚ ਲੱਗੀਆਂ ਦੂਜੀਆਂ ਗੱਡੀਆਂ ਦੇ ਪਿੱਛੇ ਲਗਾ ਲਓ। ਫੈਰੀ ਲਾਈਨ ਨੂੰ ਟੱਪਣਾ ਇੱਕ ਟ੍ਰੈਫਿਕ ਅਪਰਾਧ ਹੈ ਜਿਸਦੇ ਨਤੀਜੇ ਵਜੋਂ ਜੁਰਮਾਨਾ ਹੋ ਸਕਦਾ ਹੈ। ਜੇ ਤੁਸੀਂ ਕਿਸੇ ਰਿਹਾਇਸ਼ੀ ਖੇਤਰ ਵਿੱਚ ਫੈਰੀ ਹੋਲਡਿੰਗ ਲੇਨ ਵਿੱਚ ਹੋ, ਤਾਂ ਕਿਰਪਾ ਕਰਕੇ ਰਿਹਾਇਸ਼ੀ ਡ੍ਰਾਈਵ-ਵੇਅ ਜਾਂ ਚੌਰਾਹਿਆਂ ਦਾ ਰਾਹ ਨਾ ਰੋਕੋ।

ਜ਼ਿਆਦਾਤਰ ਫੈਰੀਜ਼ 'ਤੇ ਸਾਈਕਲ ਸਵਾਰਾਂ ਨੂੰ ਤਰਜੀਹ ਦੇ ਕੇ ਚੜ੍ਹਾਇਆ ਜਾਂਦਾ ਹੈ ਅਤੇ ਮੋਟਰ ਗੱਡੀਆਂ ਦੇ ਸਾਮ੍ਹਣੇ ਸਾਈਕਲਾਂ ਦਾ ਉਡੀਕ ਖੇਤਰ ਹੁੰਦਾ ਹੈ। ਸਾਈਕਲ ਸਵਾਰ ਫੇਰੀ ਹੋਲਡਿੰਗ ਲੇਨ ਵਿੱਚ ਉਡੀਕ ਕਰਦੀਆਂ ਗੱਡੀਆਂ ਤੋਂ ਅੱਗੇ ਲੰਘ ਸਕਦੇ ਹਨ। Washington ਸਟੇਟ ਫੈਰੀਜ਼ ਸਿਸਟਮ ਬਾਰੇ ਵਧੇਰੇ ਜਾਣਕਾਰੀ ਲਈ, ਜਾਂ ਕਿਰਾਇਆਂ ਅਤੇ ਸ਼ੈਡਿਊਲ ਬਾਰੇ ਜਾਣਨ ਲਈ, ਕਿਰਪਾ ਕਰਕੇ wsdot.wa.gov 'ਤੇ ਜਾਓ ਅਤੇ **ferries** (ਫੈਰੀਜ਼) ਦੀ ਖੋਜ ਕਰੋ।

## ਬੀਚ

ਸਿਰਫ਼ Grays Harbor ਅਤੇ Pacific ਕਾਉਂਟੀਆਂ ਵਿੱਚ ਬੀਚਿਸ (ਸਮੁੰਦਰੀ ਤਟਾਂ) 'ਤੇ ਗੱਡੀ ਚਲਾਉਣ ਦੀ ਇਜਾਜ਼ਤ ਹੈ। ਬੀਚ ਨੂੰ ਰਾਜ ਹਾਈਵੇਅ ਮੰਨਿਆ ਜਾਂਦਾ ਹੈ, ਇਸ ਕਰਕੇ ਗੱਡੀ ਚਲਾਉਣ ਸੰਬੰਧੀ ਸਾਰੇ ਨਿਯਮ ਲਾਗੂ ਹੁੰਦੇ ਹਨ। ਗਤੀ ਦੀ ਸੀਮਾ 25 ਮੀਲ ਪ੍ਰਤੀ ਘੰਟਾ ਹੈ, ਅਤੇ ਪੈਦਲ ਚੱਲਣ ਵਾਲਿਆਂ ਅਤੇ ਸਾਈਕਲ ਸਵਾਰਾਂ ਨੂੰ ਹਰ ਵੇਲੇ ਪਹਿਲਾਂ ਨਿਕਲਣ-ਦਾ-ਅਧਿਕਾਰ ਹੁੰਦਾ ਹੈ।

ਤੁਸੀਂ ਆਪਣੀ ਗੱਡੀ ਨਾਲ ਬੀਚ 'ਤੇ ਸਿਰਫ਼ ਨਿਸ਼ਾਨ ਲੱਗੇ ਰਸਤਿਆਂ ਰਾਹੀਂ ਹੀ ਦਾਖ਼ਲ ਹੋ ਸਕਦੇ ਹੋ ਅਤੇ ਸਿਰਫ਼ ਸਖ਼ਤ ਰੇਤ 'ਤੇ ਹੀ ਗੱਡੀ ਚਲਾ ਸਕਦੇ ਹੋ। ਕੁਝ ਇਲਾਕਿਆਂ ਅਤੇ ਸਥਿਤੀਆਂ ਵਿੱਚ ਬੀਚ 'ਤੇ ਗੱਡੀ ਚਲਾਉਣ ਦੀ ਮਨਾਹੀ ਵਾਲੇ ਸੰਕੇਤਾਂ 'ਤੇ ਨਜ਼ਰ ਰੱਖੋ।

# ਅਧਿਆਇ 5

## ਜੋਖ਼ਮ



# 5.0 | ਗੱਡੀ ਚਲਾਉਣ ਸੰਬੰਧੀ ਖਤਰੇ

ਤੁਸੀਂ ਜਾਣਦੇ ਹੋ ਕਿ ਗੱਡੀ ਚਲਾਉਣ ਸੰਬੰਧੀ ਗੰਭੀਰ ਜੋਖ਼ਮ ਅਤੇ ਨਤੀਜੇ ਹੁੰਦੇ ਹਨ। ਤੁਸੀਂ ਗਲਤੀਆਂ ਕਰੋਗੇ, ਅਤੇ ਤੁਹਾਡੇ ਆਲੇ-ਦੁਆਲੇ ਦੇ ਲੋਕ ਵੀ ਗਲਤੀਆਂ ਕਰਨਗੇ। ਭਾਵੇਂ ਜੋਖ਼ਮ ਹਮੇਸ਼ਾ ਮੌਜੂਦ ਹੁੰਦਾ ਹੈ, ਪਰ ਫਿਰ ਵੀ ਸੁਰੱਖਿਅਤ ਢੰਗ ਨਾਲ ਗੱਡੀ ਚਲਾਉਣ ਨਾਲ ਹਾਦਸੇ ਹੋਣ ਦੀ ਸੰਭਾਵਨਾ ਘੱਟ ਸਕਦੀ ਹੈ।

ਜੋਖ਼ਮ ਨਾਲ ਨਿਪਟਣ ਲਈ ਗੱਡੀ ਚਲਾਉਣ ਵੇਲੇ ਜਾਗਰੂਕ ਰਹਿਣਾ, ਅਨੁਮਾਨ ਲਗਾਉਣ ਯੋਗ ਹੋਣਾ, ਨਿਰਵਿਘਨ ਅਤੇ ਨਿਪੁੰਨ ਹੋਣਾ ਸ਼ਾਮਲ ਹਨ। ਵਧੀਆ ਤਰੀਕੇ ਨਾਲ ਅਤੇ ਬਿਨਾਂ ਕਿਸੇ ਦੁਰਘਟਨਾ ਦੇ ਗੱਡੀ ਚਲਾਉਣ ਲਈ, ਤੁਹਾਨੂੰ ਸੁਰੱਖਿਅਤ ਡਰਾਈਵਿੰਗ ਦੀਆਂ ਆਦਤਾਂ ਨੂੰ ਅਪਣਾਉਣ ਅਤੇ ਆਪਣੇ ਰੋਜ਼ਮੱਰਾ ਦੀ ਡਰਾਈਵਿੰਗ ਸ਼ੈਲੀ ਵਜੋਂ ਇਨ੍ਹਾਂ ਦੀ ਵਰਤੋਂ ਕਰਨ ਦੀ ਲੋੜ ਹੁੰਦੀ ਹੈ।

**ਜਾਨਲੇਵਾ ਹਾਦਸੇ ਦੇ ਆਮ ਕਾਰਕ**

- ਸਪੀਡ (ਗਤੀ)
- ਖਰਾਬੀ
- ਭਟਕਣਾਂਵਾਂ
- ਸੁਰੱਖਿਆ ਉਪਕਰਣ ਨਾ ਪਹਿਨੇ ਹੋਏ ਯਾਤਰੀ
- ਅਨੁਭਵ ਦੀ ਕਮੀ*

*Washington ਵਿੱਚ, ਗੱਡੀਆਂ ਦੀ ਟੱਕਰਾਂ ਸੰਬੰਧੀ ਹਾਦਸੇ 16 ਤੋਂ 25 ਸਾਲ ਦੀ ਉਮਰ ਦੇ ਲੋਕਾਂ ਦੀ ਮੌਤ ਹੋਣ ਦਾ ਇੱਕ ਮੁੱਖ ਕਾਰਨ ਹਨ। ਉਮਰ ਦਾ ਇਹ ਸਮੂਹ ਜਾਨਲੇਵਾ ਅਤੇ ਗੰਭੀਰ ਸੱਟਾਂ ਵਾਲੇ ਹਾਦਸਿਆਂ ਲਈ ਵਧੇਰੇ ਸੰਵੇਦਨਸ਼ੀਲ ਹੁੰਦਾ ਹੈ।

## ਜੋਖ਼ਮ ਬਾਰੇ ਜਾਗਰੂਕਤਾ

ਜੋਖ਼ਮ ਬਾਰੇ ਜਾਗਰੂਕਤਾ ਸੜਕ 'ਤੇ ਮੌਜੂਦ ਅਤੇ ਸੰਭਾਵੀ ਸੰਕਟਾਂ ਨੂੰ ਪਛਾਣਨ ਦੀ ਤੁਹਾਡੀ ਕਾਬਲੀਅਤ ਹੁੰਦੀ ਹੈ। ਇਸ ਨਾਲ ਤੁਹਾਨੂੰ ਉਨ੍ਹਾਂ ਚੀਜ਼ਾਂ ਬਾਰੇ ਚੌਕਸ ਰਹਿਣ ਵਿੱਚ ਮਦਦ ਮਿਲਦੀ ਹੈ ਜਿਨ੍ਹਾਂ ਕਰਕੇ ਤੁਹਾਨੂੰ ਹਾਦਸੇ ਤੋਂ ਬਚਣ ਲਈ ਆਪਣੇ ਵਿਵਹਾਰ ਵਿੱਚ ਬਦਲਾਅ ਕਰਨ ਦੀ ਲੋੜ ਹੋ ਸਕਦੀ ਹੈ। ਜੋਖ਼ਮ ਬਾਰੇ ਜਾਗਰੂਕਤਾ ਵਿੱਚ ਸੜਕ ਵਰਤਣ ਵਾਲੇ ਹੋਰ ਲੋਕਾਂ, ਮੌਸਮੀ ਸਥਿਤੀਆਂ, ਅਤੇ ਧਿਆਨ ਭਟਕਾਉਣ ਵਾਲੇ ਸੰਭਾਵੀ ਕਾਰਕਾਂ ਪ੍ਰਤੀ ਸੁਚੇਤ ਰਹਿਣਾ ਸ਼ਾਮਲ ਹੈ।

ਜੋਖ਼ਮ ਬਾਰੇ ਜਾਗਰੂਕਤਾ ਇਹ ਸਮਝਣ 'ਤੇ ਨਿਰਭਰ ਕਰਦੀ ਹੈ ਕਿ ਤੁਹਾਡੇ ਆਲੇ-ਦੁਆਲੇ ਕੀ ਵਾਪਰ ਰਿਹਾ ਹੈ ਅਤੇ ਅੱਗੇ ਕੀ ਹੋ ਸਕਦਾ ਹੈ।

- ਆਲੇ-ਦੁਆਲੇ ਨੂੰ ਲਗਾਤਾਰ ਸਕੈਨ ਕਰਦੇ ਰਹੋ। ਇਸ ਬਾਰੇ ਸੁਚੇਤ ਰਹੋ ਕਿ ਤੁਹਾਡੇ ਸਾਮ੍ਹਣੇ, ਤੁਹਾਡੇ ਨਾਲ, ਅਤੇ ਤੁਹਾਡੇ ਪਿੱਛੇ ਕੀ ਹੋ ਰਿਹਾ ਹੈ। ਤੁਸੀਂ ਆਪਣੀ ਪੈਰਿਫਿਰਲ ਨਜ਼ਰ ਅਤੇ ਸ਼ੀਸ਼ਿਆਂ ਦੀ ਵਰਤੋਂ ਕਰਕੇ ਅਜਿਹਾ ਕਰ ਸਕਦੇ ਹੋ।

- ਆਪਣੀ ਗੱਡੀ ਦੇ ਸਾਮ੍ਹਣੇ ਇਹ ਦੇਖਣ ਲਈ ਬਥੇਰੀ ਥਾਂ ਛੱਡੋ ਕਿ ਅੱਗੇ ਸੜਕ 'ਤੇ ਕੀ ਹੋ ਰਿਹਾ ਹੈ।
- ਕੋਈ ਅਜਿਹਾ ਖਤਰਾ ਨਜ਼ਰ ਆਉਣ ਮਗਰੋਂ ਜਿਸਦੇ ਲਈ ਤੁਹਾਨੂੰ ਕੋਈ ਬਦਲਾਅ ਕਰਨ ਦੀ ਲੋੜ ਹੈ, ਆਪਣੇ ਪਿੱਛੇ ਵੱਲ ਚੈੱਕ ਕਰੋ। ਤੁਹਾਡੇ ਪਿੱਛੇ ਜੋ ਕੁਝ ਵੀ ਹੋ ਰਿਹਾ ਹੈ ਉਹ ਤੁਹਾਡੇ ਫੈਸਲਾ ਲੈਣ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਜੋਖ਼ਮ ਨੂੰ ਪੂਰੀ ਤਰ੍ਹਾਂ ਨਾਲ ਖਤਮ ਕਰ ਦੇਣਾ ਸੰਭਵ ਨਹੀਂ ਹੁੰਦਾ। ਹਾਲਾਂਕਿ, ਤੁਸੀਂ ਇਹ ਜ਼ਰੂਰ ਸਿੱਖ ਸਕਦੇ ਹੋ ਕਿ ਜੋਖ਼ਮਾਂ ਦੀ ਪਛਾਣ ਕਰਕੇ ਅਤੇ ਆਪਣੀ ਡਰਾਈਵਿੰਗ ਵਿੱਚ ਸਹੀ ਤਰੀਕੇ ਨਾਲ ਫੇਰਬਦਲ ਕਰਕੇ ਇਨ੍ਹਾਂ ਤੋਂ ਬਚਿਆ ਜਾ ਸਕਦਾ ਹੈ ਜਾਂ ਇਨ੍ਹਾਂ ਨੂੰ ਘਟਾਇਆ ਜਾ ਸਕਦਾ ਹੈ।

## ਖ਼ਤਰੇ ਦੀ ਪਛਾਣ

ਖ਼ਤਰੇ ਦੀ ਪਛਾਣ, ਸੜਕ ਉੱਪਰ ਸੰਭਾਵੀ ਜੋਖ਼ਮਾਂ ਨੂੰ ਸਕੈਨ ਕਰਨ ਅਤੇ ਉਨ੍ਹਾਂ ਦੇ ਸਮੱਸਿਆ ਬਣ ਜਾਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਪਛਾਣਨ ਦੀ ਤੁਹਾਡੀ ਕਾਬਲੀਅਤ ਹੁੰਦੀ ਹੈ। ਸੁਰੱਖਿਅਤ ਰੂਪ ਵਿੱਚ ਗੱਡੀ ਚਲਾਉਣ ਵਾਸਤੇ ਇਹ ਹੁਨਰ ਬਹੁਤ ਜ਼ਰੁਰੀ ਹੁੰਦਾ ਹੈ ਅਤੇ ਇਹ ਦੁਰਘਟਨਾਵਾਂ ਨੂੰ ਰੋਕਣ ਵਿੱਚ ਮਦਦ ਕਰਦਾ ਹੈ। ਖ਼ਤਰੇ ਦੀ ਪਛਾਣ ਕਰਨ ਵਾਸਤੇ ਇਨ੍ਹਾਂ ਚੀਜ਼ਾਂ ਦੀ ਲੋੜ ਹੁੰਦੀ ਹੈ:

- ਸਾਵਧਾਨ ਰਹਿਣਾ।
- ਤੁਰੰਤ ਫੈਸਲਾ ਲੈਣਾ।
- ਬਦਲਦੀਆਂ ਹੋਈਆਂ ਸਥਿਤੀਆਂ ਅਨੁਸਾਰ ਢੁਕਵੇਂ ਰੂਪ ਵਿੱਚ ਪ੍ਰਤੀਕਿਰਿਆ ਕਰਨ ਦੀ ਯੋਗਤਾ।

**ਖਤਰਾ ਅਜਿਹੀ ਕੋਈ ਵੀ ਚੀਜ਼ ਹੈ ਜਿਸ ਲਈ ਬਦਲਾਅ ਕਰਨ ਦੀ ਲੋੜ ਹੁੰਦੀ ਹੈ। ਜਦੋਂ ਤੁਸੀਂ ਗੱਡੀ ਚਲਾ ਰਹੇ ਹੋਵੋ, ਤਾਂ ਤੁਹਾਨੂੰ ਹਮੇਸ਼ਾ ਸੰਭਾਵੀ ਖਤਰੇ 'ਤੇ ਨਜ਼ਰ ਰੱਖਣੀ ਚਾਹੀਦੀ ਹੇ ਜਾਂ ਉਨ੍ਹਾਂ 'ਤੇ ਪ੍ਰਤੀਕਿਰਿਆ ਕਰਨੀ ਚਾਹੀਦੀ ਹੈ।**

ਖਤਰੇ ਕਰਕੇ ਤੁਹਾਨੂੰ ਆਪਣੀ ਗੱਡੀ ਦੀ ਸਪੀਡ ਜਾਂ ਦਿਸ਼ਾ ਬਦਲਣੀ ਪੈ ਸਕਦੀ ਹੈ।

- ਖਤਰਾ ਕੋਈ ਵੀ ਫੌਰੀ ਜੋਖ਼ਮ ਹੋ ਸਕਦਾ ਹੈ, ਜਿਵੇਂ ਸੜਕ ਉੱਪਰ ਅਚਾਨਕ ਆ ਜਾਉਣ ਵਾਲਾ ਕੋਈ ਬੱਚਾ, ਜਾਂ ਕੋਈ ਘੱਟ ਗੰਭੀਰ ਜੋਖ਼ਮ ਜਿਵੇਂ ਕਿ ਸੜਕ ਉੱਪਰ ਪਇਆ ਕੂੜਾ, ਸਪੀਡ ਸੀਮਾ ਦੇ ਸੰਕੇਤ ਕੋਲ ਪਹੁੰਚਣਾ, ਜਾਂ ਆਪਣੇ ਡ੍ਰਾਈਵ-ਵੇਅ ਦੇ ਮੋੜ ਦੇ ਕਰੀਬ ਪਹੁੰਚਣਾ।
- ਖਤਰਾ ਸਥਿਰ ਜਾਂ ਚਲਦਾ-ਫਿਰਦਾ ਹੋ ਸਕਦਾ ਹੈ।
- ਇੱਕੋ ਸਮੇਂ ਇੱਕ ਤੋਂ ਵੱਧ ਖਤਰੇ ਵੀ ਮੌਜੂਦ ਹੋ ਸਕਦੇ ਹਨ। ਇੱਕ ਡਰਾਈਵਰ ਹੋਣ ਦੇ ਨਾਤੇ ਇਹ ਨਿਰਧਾਰਤ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਕਿਹੜੇ ਖਤਰੇ ਲਈ ਬਿਲਕੁਲ ਫੌਰੀ ਪ੍ਰਤੀਕਿਰਿਆ ਦੇਣ ਦੀ ਲੋੜ ਪੈਂਦੀ ਹੈ।

ਖਤਰੇ ਦੇ ਨੇੜੇ ਪਹੁੰਚਣ ਵੇਲੇ ਗੱਡੀ ਹੌਲੀ ਸਪੀਡ ਨਾਲ ਚਲਾਓ ਤਾਂ ਜੋ ਤੁਹਾਨੂੰ ਸੁਰੱਖਿਅਤ ਫੈਸਲੇ ਲੈਣ ਵਿੱਚ ਵਧੇਰੇ ਥਾਂ ਅਤੇ ਸਮਾਂ ਮਿਲ ਸਕੇ।

## ਸਥਿਤੀ ਬਾਰੇ ਜਾਗਰੂਕਤਾ

ਸਥਿਤੀ ਬਾਰੇ ਜਾਗਰੂਕਤਾ ਤੋਂ ਭਾਵ ਹੈ ਇਹ ਦੇਖਣਾ-ਪਰਖਣਾ ਕਿ ਤੁਹਾਡੇ ਚਾਰ-ਚੁਫੇਰੇ ਕੀ ਹੋ ਰਿਹਾ ਹੈ, ਅਤੇ ਇਹ ਅਨੁਮਾਨ ਲਗਾਉਣਾ ਕਿ ਤੁਹਾਨੂੰ ਅੱਗੇ ਕਿਸ ਚੀਜ਼ ਲਈ ਤਿਆਰ ਰਹਿਣਾ ਚਾਹੀਦਾ ਹੈ। ਤੁਹਾਨੂੰ ਅਜਿਹਾ ਲਗਾਤਾਰ ਕਰਨਾ ਚਾਹੀਦਾ ਹੈ।

ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਤੁਹਾਡੇ ਦੁਆਰਾ ਚੁੱਕੇ ਗਏ ਕਦਮਾਂ ਤੋਂ ਕੌਣ ਪ੍ਰਭਾਵਿਤ ਹੋ ਸਕਦਾ ਹੈ ਅਤੇ ਕਿਸਨੂੰ ਤੁਹਾਡੇ ਇਰਾਦਿਆਂ ਬਾਰੇ ਪਤਾ ਹੋਣਾ ਚਾਹੀਦਾ ਹੈ। ਤੁਹਾਡੇ ਪਿੱਛੇ ਮੌਜੂਦ ਡਰਾਈਵਰ ਤੁਹਾਡੇ ਫੈਸਲਿਆਂ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਲੋਕ ਹੋ ਸਕਦੇ ਹਨ।

## ਖਤਰੇ ਦਾ ਪ੍ਰਬੰਧਨ

ਤੁਹਾਡੇ ਸਾਮ੍ਹਣੇ ਸੜਕ ਉੱਪਰ ਅਣਗਿਣਤ ਸਥਿਤੀਆਂ ਦਰਪੇਸ਼ ਆਉਣਗੀਆਂ। ਹਰ ਸਥਿਤੀ ਲਈ ਪਹਿਲਾਂ ਤੋਂ ਅਨੁਮਾਨ ਲਗਾਉਣਾ ਜਾਂ ਕੋਈ ਯੋਜਨਾ ਬਣਾਉਣਾ ਮੁਸ਼ਕਲ ਹੋਵੇਗਾ। ਇਸਦੀ ਬਜਾਏ, ਤੁਹਾਨੂੰ ਖਤਰੇ 'ਤੇ ਪ੍ਰਤੀਕਿਰਿਆ ਦੇਣ ਲਈ ਕੋਈ ਭਰੋਸੇਯੋਗ ਰੁਟੀਨ ਤਿਆਰ ਕਰਨੀ ਚਾਹੀਦੀ ਹੈ ਜਿਸ ਦੇ ਲਈ ਜ਼ਰੂਰੀ ਹੈ ਕਿ ਤੁਸੀਂ:

- **ਯੋਜਨਾ ਬਣਾਓ।** ਇਹ ਜਾਣਨ ਲਈ ਆਪਣੇ ਆਸ-ਪਾਸ ਦੇ ਪਰਿਵੇਸ਼ ਨੂੰ ਸਕੈਨ ਕਰੋ ਕਿ ਤੁਹਾਡੇ ਆਲੇ-ਦੁਆਲੇ ਕੀ ਹੋ ਰਿਹਾ ਹੈ। ਤੁਹਾਡੇ ਪਿੱਛੇ ਕੀ ਹੋ ਰਿਹਾ ਹੈ, ਇਹ ਦੇਖਣ ਲਈ ਆਪਣੀ ਗੱਡੀ ਦੇ ਪਿੱਛੇ ਦੇਖਣ ਵਾਲੇ ਸ਼ੀਸ਼ਿਆਂ ਵਿੱਚ ਵੀ ਜ਼ਰੂਰ ਦੇਖੋ। ਫੈਸਲਾ ਕਰੋ ਕਿ ਤੁਸੀਂ ਜੋ ਬਦਲਾਅ ਕਰਨਾ ਚਾਹੁੰਦੇ ਹੋ ਉਹ ਸੁਰੱਖਿਅਤ ਹੈ ਜਾਂ ਨਹੀਂ।
- **ਸੂਚਨਾ ਦਾ ਲੈਣ-ਦੇਣ ਕਰੋ।** ਦੂਜਿਆਂ ਨੂੰ ਦੱਸੋ ਕਿ ਤੁਸੀਂ ਕੀ ਕਰਨ ਦੀ ਯੋਜਨਾ ਬਣਾ ਰਹੇ ਹੋ। ਆਪਣੀ ਗੱਡੀ ਦੇ ਸਿਗਨਲਾਂ ਦੀ ਵਰਤੋਂ ਕਰੋ ਅਤੇ ਇਹ ਪੱਕਾ ਕਰੋ ਕਿ ਹਰ ਕੋਈ ਤੁਹਾਡੇ ਇਰਾਦਿਆਂ ਤੋਂ ਚੰਗੀ ਤਰ੍ਹਾਂ ਜਾਣੂ ਹੋਵੇ।
- **ਚੈੱਕ ਕਰੋ।** ਆਪਣੀ ਗੱਡੀ ਦੀ ਸਥਿਤੀ ਅਤੇ ਸਪੀਡ ਨੂੰ ਇਸ ਤਰ੍ਹਾਂ ਤਿਆਰ ਕਰੋ ਕਿ ਤੁਹਾਡੇ ਕੋਲ ਦਰਮਿਆਨੀ ਤੋਂ ਵੱਧ ਨਾ ਬ੍ਰੇਕ ਨਾ ਲਗਾਉਂਦੇ ਹੋਏ ਤਬਦੀਲੀ ਕਰਨ ਲਈ ਲੋੜੀਂਦੀ ਥਾਂ ਹੋਵੇ। ਆਪਣੀ ਗੱਡੀ ਦੇ ਸ਼ੀਸ਼ਿਆਂ ਵਿੱਚ ਦੁਬਾਰਾ ਦੇਖੋ ਅਤੇ ਮੋਢੇ ਉੱਪਰੋਂ ਦੇਖਦੇ ਹੋਏ ਪੈਦਲ ਚੱਲਣ ਵਾਲਿਆਂ ਅਤੇ ਸਾਈਕਲ ਸਵਾਰਾਂ 'ਤੇ ਨਜ਼ਰ ਮਾਰੋ। ਇਹ ਪੱਕਾ ਕਰੋ ਕਿ ਕੋਈ ਹੋਰ ਡਰਾਈਵਰ ਉਸੇ ਥਾਂ ਵਿੱਚ ਜਾਣ ਦੀ ਕੋਸ਼ਿਸ਼ ਤਾਂ ਨਹੀਂ ਕਰ ਰਿਹਾ ਹੈ।
- **ਅਮਲ ਵਿੱਚ ਲਿਆਓ।** ਨਿਰਵਿਘਨ ਤਰੀਕੇ ਨਾਲ ਬਦਲਾਅ ਕਰੋ। ਕੋਸ਼ਿਸ਼ ਕਰੋ ਕਿ ਕਿਸੇ ਨੂੰ ਅਚਾਨਕ ਕੋਈ ਹੈਰਾਨੀ ਨਾ ਹੋਵੇ। ਲੋੜ ਪਵੇ ਤਾਂ ਆਪਣੇ ਪਲਾਨ ਨੂੰ ਬਦਲਣ ਲਈ ਤਿਆਰ ਰਹੋ।
- **ਮੁਲਾਂਕਣ ਕਰੋ।** ਵਿਚਾਰ ਕਰੋ ਕਿ ਇਹ ਕਿਵੇਂ ਰਿਹਾ। ਵਿਚਾਰ ਕਰੋ ਕਿ ਕੀ ਅਗਲੀ ਵਾਰ ਤੁਹਾਨੂੰ ਆਪਣੀ ਰੁਟੀਨ ਵਿੱਚ ਕੋਈ ਫੇਰਬਦਲ ਕਰਨ ਦੀ ਲੋੜ ਹੋਵੇਗੀ।

## 5.1 | ਸਪੀਡ

ਭਾਵੇਂ ਤੁਸੀਂ ਜਲਦੀ ਵਿੱਚ ਹੀ ਕਿਉਂ ਨਾ ਹੋਵੋ, ਇਸਦੇ ਲਈ ਤੇਜ਼ ਸਪੀਡ ਵਿਚ ਗੱਡੀ ਚਲਾਉਣ ਦਾ ਜੋਖ਼ਮ ਮੁੱਲ ਲੈਣਾ ਠੀਕ ਨਹੀਂ ਹੈ। ਤੇਜ਼ ਸਪੀਡ ਸੜਕ 'ਤੇ ਮੌਜੂਦ ਹਰ ਕਿਸੇ ਨੂੰ ਖਤਰੇ ਵਿੱਚ ਪਾ ਦਿੰਦੀ ਹੈ। ਆਪਣੀ ਖੁਦ ਦੀ, ਅਤੇ ਉਨ੍ਹਾਂ ਲੋਕਾਂ ਦੀ ਜੋ ਤੁਹਾਡੀ ਪਰਵਾਹ ਕਰਦੇ ਹਨ, ਤੁਹਾਡੇ ਨਾਲ ਸੜਕ ਸਾਂਝੀ ਕਰ ਰਹੇ ਹੋਰਾਂ ਵਿਅਕਤੀਆਂ ਅਤੇ ਪਰਿਵਾਰਾਂ ਦੀ ਰਾਖੀ ਕਰਨ ਲਈ ਨਿਰਧਾਰਤ ਸਪੀਡ ਸੀਮਾ ਦੀ ਪਾਲਣਾ ਕਰੋ।

ਨਿਰਧਾਰਤ ਸਪੀਡ ਸੀਮਾ ਦੀ ਪਾਲਣਾ ਕਰਨ ਦਾ ਮਤਲਬ ਕਾਨੂੰਨ ਦੀ ਪਾਲਣਾ ਕਰਨ ਨਾਲੋਂ ਕਿਤੇ ਵੱਧ ਕੇ ਹੈ। ਭਾਵੇਂ ਤੁਸੀਂ ਜਲਦੀ ਵਿੱਚ ਹੀ ਕਿਉਂ ਨਾ ਹੋਵੋ, ਇਸਦੇ ਲਈ ਤੇਜ਼ ਸਪੀਡ ਵਿਚ ਗੱਡੀ ਚਲਾਉਣ ਦਾ ਜੋਖ਼ਮ ਮੁੱਲ ਲੈਣਾ ਠੀਕ ਨਹੀਂ ਹੈ। ਤੇਜ਼ ਸਪੀਡ ਸੜਕ 'ਤੇ ਮੌਜੂਦ ਹਰ ਕਿਸੇ ਨੂੰ ਖਤਰੇ ਵਿੱਚ ਪਾ ਦਿੰਦੀ ਹੈ। ਸੁਰੱਖਿਆ ਨੂੰ ਪਹਿਲ ਦਿਓ ਅਤੇ ਅਜਿਹੀ ਸਪੀਡ 'ਤੇ ਗੱਡੀ ਚਲਾਓ ਜਿਸ ਨਾਲ ਤੁਸੀਂ ਗੱਡੀ ਤੇ ਕੰਟਰੋਲ ਬਣਾਈ ਰੱਖ ਸਕੋ ਅਤੇ ਖਤਰੇ 'ਤੇ ਪ੍ਰਤੀਕਿਰਿਆ ਕਰ ਸਕੋ।

### ਬਹੁਤ ਜ਼ਿਆਦਾ ਸਪੀਡ

ਨਿਰਧਾਰਤ ਸੀਮਾ ਤੋਂ ਵੱਧ ਸਪੀਡ 'ਤੇ ਗੱਡੀ ਚਲਾਉਣਾ ਤੁਹਾਡੀ ਕਾਰ, ਹੋਰਾਂ ਲੋਕਾਂ ਅਤੇ ਤੁਹਾਨੂੰ ਨੁਕਸਾਨ ਪਹੁੰਚਾ ਸਕਦਾ ਹੈ। ਬਹੁਤ ਜ਼ਿਆਦਾ ਸਪੀਡ:

- **ਸੀਟ ਬੈਲਟਾਂ ਦੇ ਅਸਰ ਨੂੰ ਘਟਾਉਂਦੀ ਹੈ।** ਸੀਟ ਬੈਲਟਾਂ ਨੂੰ ਹਾਦਸੇ ਵਿੱਚ ਤੁਹਾਡਾ ਬਚਾਅ ਕਰਨ ਲਈ ਤਿਆਰ ਕੀਤਾ ਗਿਆ ਹੁੰਦਾ ਹੈ, ਪਰ ਬਹੁਤੇਰੀ ਜ਼ਿਆਦਾ ਸਪੀਡ 'ਤੇ ਉਨ੍ਹਾਂ ਦਾ ਅਸਰ ਘੱਟ ਜਾਂਦਾ ਹੈ।
- **ਖਤਰੇ ਨੂੰ ਅੱਖਾਂ ਨਾਲ ਸਕੈਨ ਕਰਨ ਦੀ ਤੁਹਾਡੀ ਯੋਗਤਾ ਨੂੰ ਸੀਮਤ ਕਰ ਸਕਦੀ ਹੈ।** ਤੁਸੀਂ ਜਿੰਨੀ ਤੇਜ਼ ਸਪੀਡ ਨਾਲ ਗੱਡੀ ਚਲਾਉਂਦੇ ਹੋ, ਤੁਹਾਨੂੰ ਪੈਦਲ ਚੱਲਣ ਵਾਲਿਆਂ, ਸਾਈਕਲ ਸਵਾਰਾਂ, ਜਾਂ ਹੋਰ ਗੱਡੀਆਂ ਵਰਗੇ ਸੰਭਾਵੀ ਖਤਰਿਆਂ ਲਈ ਅੱਗੇ ਸੜਕ 'ਤੇ ਸਕੈਨ ਕਰਨ ਲਈ ਓਨਾ ਹੀ ਘੱਟ ਸਮਾਂ ਮਿਲਦਾ ਹੈ।
- **ਵਾਹਨ ਅਤੇ ਟ੍ਰੈਕਸ਼ਨ ਕੰਟਰੋਲ ਘਟਾ ਸਕਦੀ ਹੈ।** ਤੇਜ਼ ਰਫ਼ਤਾਰ ਨਾਲ ਤੁਹਾਡੇ ਲਈ ਆਪਣੀ ਗੱਡੀ ਨੂੰ ਕੰਟਰੋਲ ਕਰਨਾ ਔਖਾ ਹੋ ਸਕਦਾ ਹੈ, ਖਾਸ ਕਰਕੇ ਮੀਂਹ ਜਾਂ ਬਰਫ਼ ਵਰਗੀਆਂ ਪ੍ਰਤੀਕੂਲ ਸਥਿਤੀਆਂ ਵਿੱਚ। ਇਸਦੇ ਨਤੀਜੇ ਵਜੋਂ ਗੱਡੀ ਪੂਰੀ ਤਰ੍ਹਾਂ ਫਿਸਲ ਸਕਦੀ ਹੈ ਜਾਂ ਕੰਟਰੋਲ ਤੋਂ ਬਾਹਰ ਹੋ ਸਕਦੀ ਹੈ।
- **ਰੁਕਣ ਦੀ ਦੂਰੀ ਹੋਰ ਲੰਬੀ ਹੋ ਸਕਦੀ ਹੈ।** ਬਹੁਤ ਤੇਜ਼ ਸਪੀਡ ਨਾਲ ਗੱਡੀ ਨੂੰ ਰੁਕਣ ਵਿੱਚ ਮੁਕਾਬਲਤਨ ਵਧੇਰੇ ਸਮਾਂ ਲੱਗਦਾ ਹੈ। ਇਸ ਨਾਲ, ਜੇ ਤੁਹਾਨੂੰ ਅਚਾਨਕ ਬ੍ਰੇਕ ਲਾਉਣ ਦੀ ਲੋੜ ਪਵੇ ਤਾਂ ਟੱਕਰ ਹੋਣ ਦਾ ਜੋਖ਼ਮ ਵੱਧ ਜਾਂਦਾ ਹੈ।
- **ਤੁਹਾਨੂੰ ਆਪਣੀ ਯਾਤਰਾ ਦੇ ਰਾਹ ਦਾ ਮੁਲਾਂਕਣ ਕਰਨ ਅਤੇ ਲੋੜੀਂਦੇ ਬਦਲਾਅ ਕਰਨ ਵਿੱਚ ਘੱਟ ਸਮਾਂ ਮਿਲ ਸਕਦਾ ਹੈ।** ਤੇਜ਼ ਸਪੀਡ ਨਾਲ ਤੁਹਾਨੂੰ ਸੜਕ ਵਿੱਚ ਹੋ ਰਹੀਆਂ ਤਬਦੀਲੀਆਂ, ਜਿਵੇਂ ਕਿ ਮੋੜ, ਚੌਰਾਹੇ, ਜਾਂ ਰੁਕਾਵਟਾਂ ਪ੍ਰਤੀ ਕੋਈ ਪ੍ਰਤੀਕਿਰਿਆ ਕਰਨ ਲਈ ਘੱਟ ਸਮਾਂ ਮਿਲਦਾ ਹੈ।

- **ਕਿਸੇ ਹਾਦਸੇ ਦੀ ਸਥਿਤੀ ਵਿੱਚ ਸੱਟਾਂ ਦੀ ਗੰਭੀਰਤਾ ਵੱਧ ਸਕਦੀ ਹੈ।** ਸਪੀਡ ਨਾਲ ਕਿਸੇ ਹਾਦਸੇ ਵਿੱਚ ਲੱਗਣ ਵਾਲੇ ਝਟਕੇ ਦਾ ਜ਼ੋਰ ਹੋਰ ਵੱਧ ਜਾਂਦਾ ਹੈ, ਨਤੀਜੇ ਵਜੋਂ ਵਧੇਰੇ ਗੰਭੀਰ ਸੱਟਾਂ ਲੱਗਦੀਆਂ ਹਨ ਜਾਂ ਮੌਤਾਂ ਹੁੰਦੀਆਂ ਹਨ।

## ਗਤੀ ਸੀਮਾਵਾਂ

ਗਤੀ ਸੀਮਾਵਾਂ ਆਦਰਸ਼ ਸਥਿਤੀਆਂ ਵਿੱਚ ਵੱਧ ਤੋਂ ਵੱਧ ਸਪੀਡ ਬਾਰੇ ਦਸਦੀਆਂ ਹਨ। Washington ਕਾਨੂੰਨ ਦੇ ਅਨੁਸਾਰ ਵੀ ਇਹ ਜ਼ਰੂਰੀ ਹੈ ਕਿ ਤੁਸੀਂ ਅਜਿਹੀ ਗਤੀ 'ਤੇ ਗੱਡੀ ਚਲਾਓ ਜੋ ਸੜਕ ਦੀਆਂ ਮੌਜੂਦਾ ਸਥਿਤੀਆਂ ਲਈ ਸੁਰੱਖਿਅਤ ਹੋਵੇ। ਇਸਦਾ ਮਤਲਬ ਹੈ ਕਿ ਜਦੋਂ ਸਥਿਤੀਆਂ ਖਰਾਬ ਹੋਣ ਤਾਂ ਆਪਣੀ ਗੱਡੀ ਦੀ ਸਪੀਡ ਨੂੰ ਘਟਾ ਲੈਣਾ। ਤੁਸੀਂ ਨਿਰਧਾਰਤ ਸੀਮਾ ਤੋਂ ਘੱਟ ਸਪੀਡ 'ਤੇ ਗੱਡੀ ਚਲਾ ਸਕਦੇ ਹੋ, ਪਰ ਇਸ ਤੋਂ ਵੱਧ ਸਪੀਡ 'ਤੇ ਚਲਾਉਣਾ ਗੈਰਕਾਨੂੰਨੀ ਹੈ।

**ਨਿਰਧਾਰਤ ਸਪੀਡ ਭਾਵੇਂ ਕੁਝ ਵੀ ਹੋਵੇ, ਇੱਕ ਸੁਰੱਖਿਅਤ ਸਪੀਡ 'ਤੇ ਗੱਡੀ ਚਲਾਉਣਾ ਹਮੇਸ਼ਾ ਤੁਹਾਡੀ ਜ਼ਿੰਮੇਵਾਰੀ ਹੁੰਦੀ ਹੈ।**

## ਸਥਿਤੀਆਂ ਦੇ ਅਨੁਸਾਰ ਸਪੀਡ ਵਿੱਚ ਫੇਰਬਦਲ ਕਰਨਾ

ਤੇਜ਼ ਸਪੀਡ 'ਤੇ ਗੱਡੀ ਚਲਾਉਣਾ ਖਤਰਨਾਕ ਹੁੰਦਾ ਹੈ ਅਤੇ ਬੇਲੋੜਾ ਜੋਖ਼ਮ ਵੀ। ਬਿਲਕੁਲ ਨਾ ਪਹੁੰਚਣ ਨਾਲੋਂ ਬਿਹਤਰ ਹੈ ਕਿ ਦੇਰ ਨਾਲ ਪਹੁੰਚਿਆ ਜਾਵੇ। ਹੇਠਾਂ ਦੱਸੀਆਂ ਗਈਆਂ ਸਥਿਤੀਆਂ ਵਿੱਚ ਆਪਣੀ ਗੱਡੀ ਦੀ ਗਤੀ ਨੂੰ ਘਟਾ ਲਓ:

- ਤਿੱਖੇ ਮੋੜ (ਘੁੰਮਾਓਦਾਰ ਸੜਕ) ਜਾਂ ਪਹਾੜੀਆਂ ਜਿੱਥੇ ਦਿੱਸਣਯੋਗਤਾ ਸੀਮਤ ਹੁੰਦੀ ਹੈ
- ਮੀਂਹ, ਸਨੋ ਜਾਂ ਬਰਫ਼ ਕਰਕੇ ਫਿਸਲਣ ਵਾਲੀਆਂ ਸੜਕਾਂ
- ਉਹ ਖੇਤਰ ਜਿੱਥੇ ਪੈਦਲ ਚੱਲਣ ਵਾਲੇ, ਬੱਚੇ, ਸਾਈਕਲ ਸਵਾਰ, ਜਾਂ ਜਾਨਵਰ ਮੌਜੂਦ ਹੋਣ
- ਸ਼ਾਪਿੰਗ ਸੈਂਟਰ, ਪਾਰਕਿੰਗ ਲੌਟ, ਅਤੇ ਅਜਿਹੇ ਖੇਤਰ ਜਿੱਥੇ ਭਾਰੀ ਗਿਣਤੀ ਵਿੱਚ ਲੋਕਾਂ ਦਾ ਆਉਣਾ-ਜਾਣਾ ਹੋਵੇ
- ਭਾਰੀ ਟ੍ਰੈਫਿਕ ਜਾਮ
- ਤੰਗ ਪੁੱਲ ਅਤੇ ਸੁਰੰਗਾਂ
- ਰਿਹਾਇਸ਼ੀ ਇਲਾਕੇ

## 5.2 | ਸਪੇਸ ਜਾਂ ਥਾਂ

ਗੱਡੀ ਚਲਾਉਣ ਵੇਲੇ ਮੌਜੂਦ ਥਾਂ ਦਾ ਅੰਦਾਜ਼ਾ ਲਗਾਉਣਾ ਇੱਕ ਬੇਸ਼ਕੀਮਤੀ ਹੁਨਰ ਹੈ। ਤੁਹਾਡੇ ਮਾਹਰ ਬਣਨ ਲਈ ਸਮੇਂ ਅਤੇ ਅਭਿਆਸ ਦੀ ਲੋੜ ਹੋ ਸਕਦੀ ਹੈ, ਇਸੇ ਕਰਕੇ ਨੌਸਿੱਖੀਏ ਡਰਾਈਵਰ ਵਧੇਰੇ ਜੋਖ਼ਮ ਵਿੱਚ ਹੁੰਦੇ ਹਨ। ਤੁਸੀਂ ਦੂਰੀ ਜਾਂ ਸਮੇਂ ਨਾਲ ਥਾਂ ਦਾ ਅੰਦਾਜ਼ਾ ਲਗਾ ਸਕਦੇ ਹੋ, ਪਰ ਤੁਹਾਨੂੰ ਸੜਕ 'ਤੇ ਆਪਣੀ ਸਥਿਤੀ ਦਾ ਨਿਰੰਤਰ ਮੁਲਾਂਕਣ ਕਰਨ ਦੀ ਲੋੜ ਹੁੰਦੀ ਹੈ। ਕੋਸ਼ਿਸ਼ ਕਰੋ ਕਿ ਗੱਡੀ ਚਲਾਉਣ ਵੇਲੇ ਤੁਹਾਡੇ ਆਲੇ-ਦੁਆਲੇ ਬਥੇਰੀ ਥਾਂ ਹੋਵੇ।

ਤੁਸੀਂ ਆਪਣੀ ਗੱਡੀ ਦੇ ਆਲੇ-ਦੁਆਲੇ ਬਥੇਰੀ ਥਾਂ ਛੱਡ ਕੇ ਆਪਣੇ ਜੋਖ਼ਮ ਨੂੰ ਘਟਾ ਸਕਦੇ ਹੋ ਅਤੇ ਲੋੜ ਪੈਣ 'ਤੇ ਕਿਸੇ ਵਿਕਲਪਿਕ ਰਸਤੇ ਬਾਰੇ ਨਿਰਣਾ ਕਰਨ ਲਈ ਸਮਾਂ ਲੈ ਸਕਦੇ ਹੋ। ਜੇ ਤੁਹਾਡੇ ਸਫ਼ਰ ਦੇ ਰਾਹ ਵਿੱਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਸ ਨਾਲ ਤੁਹਾਨੂੰ ਕਦਮ ਚੁੱਕਣ ਲਈ ਵਾਧੂ ਸਮਾਂ ਮਿਲ ਜਾਵੇਗਾ।

ਜਦੋ ਤੁਸੀਂ ਦੂਜੀਆਂ ਗੱਡੀਆਂ ਦੇ ਨੇੜੇ ਡ੍ਰਾਈਵਿੰਗ ਕਰ ਰਹੇ ਹੋਵੋ, ਤਾਂ ਇਹ ਜ਼ਰੂਰੀ ਹੁੰਦਾ ਹੈ ਕਿ ਤੁਹਾਡੀ ਅਤੇ ਤੁਹਾਡੇ ਅੱਗੇ ਵਾਲੀ ਗੱਡੀ ਵਿਚਕਾਰ, ਤੁਹਾਡੀ ਗੱਡੀ ਤੋਂ ਘੱਟ ਤੋਂ ਘੱਟ ਦੁੱਗਣੀ ਲੰਬਾਈ ਜਿੰਨੀ ਦੂਰੀ ਛੱਡੀ ਹੋਵੇ। ਮਰਜ ਕਰਨ (ਟ੍ਰੈਫਿਕ ਵਿੱਚ ਰੱਲਣ) ਵੇਲੇ, ਆਪਣੇ ਆਪ ਨੂੰ ਬਥੇਰਾ ਸਮਾਂ ਦਿਓ ਤਾਂ ਜੋ ਤੁਸੀਂ **ਯੋਜਨਾ ਬਣਾਉਣ**, **ਸੂਚਨਾ ਦੇ ਆਦਾਨ-ਪ੍ਰਦਾਨ**, **ਚੈੱਕ ਕਰਨ**, **ਅਮਲ ਵਿੱਚ ਲਿਆਉਣ** ਅਤੇ **ਮੁਲਾਂਕਣ ਕਰਨ** ਲਈ ਆਪਣੇ ਖਤਰੇ ਨਾਲ ਨਜਿੱਠਣ ਦੀ ਰੁਟੀਨ ਸੁਰੱਖਿਅਤ ਰੂਪ ਵਿੱਚ ਲਾਗੂ ਕਰ ਸਕੋ।



## 5.3 | ਮਰਜ ਕਰਨਾ (ਟ੍ਰੈਫਿਕ ਵਿੱਚ ਰੱਲਣਾ)

ਜਦੋਂ ਤੁਸੀਂ ਮਰਜ ਕਰਦੇ (ਟ੍ਰੈਫਿਕ ਵਿੱਚ ਰੱਲਦੇ) ਹੋਵੋ, ਤਾਂ ਟ੍ਰੈਫਿਕ ਵਿੱਚ ਬਥੇਰੀ ਥਾਂ ਹੋਣ ਵੇਲੇ ਦਾਖ਼ਲ ਹੋਵੋ ਤਾਂ ਜੋ ਤੁਸੀਂ ਆਪਣੇ ਆਲੇ-ਦੁਆਲੇ ਦੇ ਲੋਕਾਂ ਦੀ ਗੱਡੀ ਥਿੜ੍ਹਕਣ, ਹੌਲੀ ਹੋਣ ਜਾਂ ਰੁਕਣ ਦਾ ਕਾਰਨ ਨਾ ਬਣੋ। ਕਿਸੇ ਬਹੁਤ ਛੋਟੀ ਜਿਹੀ ਥਾਂ ਵਿੱਚ ਮਰਜ ਕਰਨ ਦੀ ਕੋਸ਼ਿਸ਼ ਕਰਨਾ ਖਤਰਨਾਕ ਹੋ ਸਕਦਾ ਹੈ, ਖਾਸ ਕਰਕੇ ਉਦੋਂ ਜਦ ਸਾਮ੍ਹਣੇ ਵਾਲੇ ਡਰਾਈਵਰ ਨੂੰ ਗੱਡੀ ਰੋਕਣ ਜਾਂ ਹੌਲੀ ਕਰਨ ਦੀ ਲੋੜ ਪੈ ਸਕਦੀ ਹੋਵੇ।



ਅੰਤਰ-ਰਾਜੀ ਮਾਰਗ (ਇੰਟਰਸਟੇਟ) 'ਤੇ ਪਹਿਲਾਂ ਤੋਂ ਚੱਲ ਰਹੇ ਡਰਾਈਵਰਾਂ ਨੂੰ ਪਹਿਲਾਂ ਨਿਕਲਣ-ਦਾ-ਅਧਿਕਾਰ ਹੁੰਦਾ ਹੈ, ਇਸ ਲਈ ਮਰਜ ਕਰਨ (ਟ੍ਰੈਫਿਕ ਵਿੱਚ ਰੱਲਣ) ਵਾਸਤੇ ਥਾਂ ਬਣਾਉਣ ਲਈ ਤੁਹਾਨੂੰ ਆਪਣੀ ਸਪੀਡ ਨੂੰ ਸਮਾਯੋਜਿਤ ਕਰਨ, ਵਧੇਰੇ ਤੇਜ਼ ਜਾਂ ਵਧੇਰੇ ਹੌਲੀ ਕਰਨ ਦੀ ਲੋੜ ਪੈ ਸਕਦੀ ਹੈ। ਅੰਤਰ-ਰਾਜੀ ਮਾਰਗ (ਇੰਟਰਸਟੇਟ) 'ਤੇ ਇੱਕ ਸੁਰੱਖਿਅਤ ਥਾਂ ਵਿੱਚ ਮਰਜ ਕਰਨ (ਟ੍ਰੈਫਿਕ ਵਿੱਚ ਰੱਲਣ) ਲਈ ਪੂਰੇ ਔਨ-ਰੈਂਪ, ਆਪਣੇ ਮੁੜਨ ਦੇ ਸਿਗਨਲ ਅਤੇ ਆਪਣੀ ਗੱਡੀ ਦੇ ਸ਼ੀਸ਼ਿਆਂ ਦੀ ਵਰਤੋਂ ਕਰੋ।

### ਜ਼ਿੱਪਰ ਮਰਜਿੰਗ

ਜਦੋਂ ਟ੍ਰੈਫਿਕ ਹੌਲੀ ਚੱਲ ਰਿਹਾ ਹੁੰਦਾ ਹੈ ਜਾਂ ਲੇਨ ਬੰਦ ਹੋਣ ਕਰਕੇ ਰੁਕਿਆ ਹੁੰਦਾ ਹੈ, ਤਾਂ ਨਿਰਵਿਘਨ ਅਤੇ ਕਾਰਗਰ ਤਰੀਕੇ ਨਾਲ ਮਰਜ ਕਰਨਾ (ਟ੍ਰੈਫਿਕ ਵਿੱਚ ਰੱਲਣਾ) ਬਹੁਤ ਜ਼ਰੂਰੀ ਹੁੰਦਾ ਹੈ। ਜ਼ਿੱਪਰ ਮਰਜਿੰਗ (ਟ੍ਰੈਫਿਕ ਵਿੱਚ ਰੱਲਣਾ) ਇੱਕ ਅਜਿਹੀ ਤਕਨੀਕ ਹੈ ਜੋ:

- ਟ੍ਰੈਫਿਕ ਦੀ ਚਾਲ ਵਿੱਚ 60 ਪ੍ਰਤੀਸ਼ਤ ਤੱਕ ਸੁਧਾਰ ਕਰਦੀ ਹੈ।
- ਇੱਕ ਅਨੁਮਾਨ ਲਗਾਉਣ ਯੋਗ ਮਰਜਿੰਗ ਪੈਟਰਨ ਤਿਆਰ ਕਰਦੀ ਹੈ, ਜਿਸ ਨਾਲ ਅਚਾਨਕ ਲੇਨ ਵਿੱਚ ਤਬਦੀਲੀਆਂ ਕਰਕੇ ਹੋਣ ਵਾਲੀਆਂ ਟੱਕਰਾਂ ਦਾ ਜੋਖ਼ਮ ਘੱਟ ਜਾਂਦਾ ਹੈ।
- ਲੰਬੀਆਂ ਕਤਾਰਾਂ ਵਿੱਚ ਲਗਣ ਦੀ ਨਿਰਾਸ਼ਾ ਅਤੇ ਲਾਈਨ ਕੱਟ ਕੇ ਅੱਗੇ ਨਿਕਲਣ ਦੇ ਲਾਲਚ ਤੋਂ ਬਚਣ ਵਿੱਚ ਮਦਦ ਕਰਦੀ ਹੈ।

**ਜ਼ਿੱਪਰ ਮਰਜ (ਟ੍ਰੈਫਿਕ ਵਿੱਚ ਰੱਲਣਾ) ਕਿਵੇਂ ਕੀਤਾ ਜਾਵੇ:**

- **ਆਪਣੀ ਲੇਨ ਵਿੱਚ ਰਹੋ।** ਉਦੋਂ ਤੱਕ ਦੋਵੇਂ ਲੇਨਾਂ ਦੀ ਵਰਤੋਂ ਕਰਦੇ ਰਹੋ ਜਦ ਤੱਕ ਤੁਸੀਂ ਨਿਰਧਾਰਤ ਮਰਜ ਕਰਨ (ਟ੍ਰੈਫਿਕ ਵਿੱਚ ਰੱਲਣ) ਵਾਲੇ ਖੇਤਰ ਵਿੱਚ ਨਹੀਂ ਪਹੁੰਚ ਜਾਂਦੇ।

- **ਵਾਰੀ-ਵਾਰੀ ਨਾਲ ਜਾਓ।** ਦੂਜੀ ਲੇਨ ਤੋਂ ਆਉਣ ਵਾਲੀਆਂ ਗੱਡੀਆਂ ਨਾਲ ਵਾਰੀ ਬਦਲ-ਬਦਲ ਕੇ ਮਰਜ ਕਰੋ, ਜਿਵੇਂ ਜ਼ਿੱਪਰ ਦੇ ਦੰਦ ਇਕੱਠੇ ਹੋ ਆਪਸ ਵਿੱਚ ਮਿਲ ਜਾਂਦੇ ਹਨ।
- **ਨਿਮਰ ਰਹੋ।** ਖ਼ਤਮ ਹੋਣ ਵਾਲੀ ਲੇਨ ਤੋਂ ਇੱਕ ਗੱਡੀ ਨੂੰ ਆਪਣੇ ਸਾਮ੍ਹਣੇ ਮਰਜ ਹੋਣ (ਟ੍ਰੈਫਿਕ ਵਿੱਚ ਰੱਲਣ) ਦਿਓ, ਫਿਰ ਖੁੱਲ੍ਹੀ ਲੇਨ ਵਿੱਚ ਰੱਲ ਜਾਓ।
- **ਸਪੀਡ ਬਰਕਰਾਰ ਰੱਖੋ।** ਖੁੱਲ੍ਹੀ ਲੇਨ ਵਿੱਚ ਟ੍ਰੈਫਿਕ ਦੀ ਸਪੀਡ ਦੇ ਅਨੁਸਾਰ, ਇਕਸਾਰ ਰਫ਼ਤਾਰ ਨਾਲ ਮਰਜ ਹੋਣਾ (ਟ੍ਰੈਫਿਕ ਵਿੱਚ ਰੱਲਣਾ) ਜਾਰੀ ਰੱਖੋ।

## 5.4 | ਸਮਾਂ

ਜੋਖ਼ਮ ਨੂੰ ਘਟਾਉਣ ਲਈ, ਟ੍ਰੈਫਿਕ ਦਾ ਮੁਲਾਂਕਣ ਕਰਨ ਅਤੇ ਇਸ ਵਿੱਚੋਂ ਲੰਘਣ ਲਈ ਲੋੜੀਂਦਾ ਸਮਾਂ ਲਓ। ਤੁਸੀਂ ਆਈ-ਲੀਡ ਟਾਈਮ ਵਰਗੀ ਤਕਨੀਕ ਵਰਤ ਸਕਦੇ ਹੋ, ਜਿਸ ਨਾਲ ਤੁਹਾਨੂੰ ਸੰਭਾਵੀ ਖਤਰੇ ਲਈ ਅੱਗੇ ਦੀ ਸੜਕ ਨੂੰ ਸਕੈਨ ਕਰਨ ਦਾ ਮੌਕਾ ਮਿਲ ਜਾਂਦਾ ਹੈ। ਆਈ-ਲੀਡ ਟਾਈਮ ਇਹਤਿਆਤੀ ਡਰਾਈਵਿੰਗ ਕਰਨ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਇਸ ਨਾਲ ਤੁਹਾਨੂੰ ਖਤਰੇ ਨੂੰ ਦੇਖਣ, ਉਸਦਾ ਵਿਸ਼ਲੇਸ਼ਣ ਕਰਨ ਅਤੇ ਪ੍ਰਤੀਕਿਰਿਆ ਕਰਨ ਲਈ ਸਮਾਂ ਮਿਲ ਜਾਂਦਾ ਹੈ। ਉੱਥੇ ਤੱਕ ਸਕੈਨ ਕਰੋ ਜਿੱਥੇ ਤੱਕ ਕਿ ਤੁਸੀਂ ਅੱਗੇ ਅਤੇ ਸਾਈਡਾਂ ਵੱਲ ਦੇਖ ਸਕਦੇ ਹੋ। ਪਿੱਛੇ ਸਕੈਨ ਕਰਨ ਵਾਸਤੇ ਆਪਣੀ ਗੱਡੀ ਦੇ ਸ਼ੀਸ਼ਿਆਂ ਦਾ ਇਸਤੇਮਾਲ ਕਰੋ। ਤੁਸੀਂ ਜਿੰਨੀ ਛੇਤੀ ਕਿਸੇ ਖਤਰੇ ਦੀ ਪਛਾਣ ਕਰੋਗੇ, ਉਸਦੀ ਤਿਆਰ ਕਰਨ ਲਈ ਤੁਹਾਨੂੰ ਓਨਾ ਹੀ ਵੱਧ ਸਮਾਂ ਮਿਲੇਗਾ ਅਤੇ ਤੁਹਾਡੇ ਆਸੇ-ਪਾਸੇ ਦੇ ਲੋਕਾਂ ਨੂੰ ਵੀ ਤੁਹਾਡੀਆਂ ਤਬਦੀਲੀਆਂ ਨਾਲ ਸਮਾਯੋਜਿਤ ਹੋਣ ਲਈ ਓਨਾ ਹੀ ਜ਼ਿਆਦਾ ਸਮਾਂ ਮਿਲੇਗਾ। ਇਹ ਗੱਡੀ ਚਲਾਉਣ ਲਈ ਦੂਰਅੰਦੇਸ਼ੀ ਵਾਲਾ ਦ੍ਰਿਸ਼ਟੀਕੋਣ ਹੁੰਦਾ ਹੈ। ਇਹ ਖਤਰੇ ਤੋਂ ਬਚਣ ਲਈ ਆਪਣੀਆਂ ਪ੍ਰਤੀਕਿਰਿਆਵਾਂ 'ਤੇ ਨਿਰਭਰ ਕਰਨ ਨਾਲੋਂ ਘੱਟ ਜੋਖ਼ਮ ਭਰਿਆ ਹੁੰਦਾ ਹੈ।

### ਹਰੇਕ ਪਲ ਮਾਇਨੇ ਰੱਖਦਾ ਹੈ

ਇਸ ਆਮ ਜਿਹੇ ਅਭਿਆਸ ਦੀ ਵਰਤੋਂ ਕਰਕੇ ਇਹ ਅੰਦਾਜ਼ਾ ਲਾਉਣ ਦੀ ਪ੍ਰੈਕਟਿਸ ਕਰੋ ਕਿ ਤੁਹਾਡੀ ਗੱਡੀ ਥੋੜ੍ਹੇ ਜਿਹੇ ਸਮੇਂ ਵਿੱਚ ਕਿੰਨੀ ਦੂਰੀ ਤੈਅ ਕਰੇਗੀ:

1. ਇੱਕ ਮਾਰਕਰ ਚੁਣੋ, ਜਿਵੇਂ ਸੜਕ ਦਾ ਸੰਕੇਤ ਜਾਂ ਯੂਟਿਲਿਟੀ ਖੰਭਾ, ਜੋ ਤੁਹਾਨੂੰ ਲੱਗਦਾ ਹੈ ਕਿ ਤੁਹਾਡੀ ਗੱਡੀ ਤੋਂ 15 ਸਕਿੰਟ ਅੱਗੇ ਹੈ।
2. ਉਦੋਂ ਤੱਕ ਗਿਣਦੇ ਰਹੋ ਜਦ ਤੱਕ ਤੁਸੀਂ ਮਾਰਕਰ ਤੱਕ ਨਾ ਪਹੁੰਚ ਜਾਓ।

ਗਿਣਤੀ ਕਰਨ ਤੋਂ ਪਹਿਲਾਂ ਅੰਦਾਜ਼ਾ ਲਗਾਉਣ ਨਾਲ ਤੁਹਾਨੂੰ ਇਹ ਯੋਗਤਾ ਵਿਕਸਤ ਕਰਨ ਵਿੱਚ ਮਦਦ ਮਿਲਦੀ ਹੈ ਕਿ ਤੁਹਾਡੀ ਗੱਡੀ ਕੁਝ ਸਕਿੰਟਾਂ ਵਿੱਚ ਕਿੰਨੀ ਦੂਰੀ ਤੈਅ ਕਰੇਗੀ। ਜਿਉਂ-ਜਿਉਂ ਤੁਸੀਂ ਇਸ ਤਰੀਕੇ ਦੀ ਪ੍ਰੈਕਟਿਸ ਕਰਦੇ ਜਾਓਗੇ, ਤੁਹਾਡੀ ਦਰੁਸਤੀ ਵਿੱਚ ਸੁਧਾਰ ਹੁੰਦਾ ਜਾਵੇਗਾ।

ਰੁਕਾਵਟਾਂ ਦੇ ਆਸ-ਪਾਸ ਅਤੇ ਅਨੁਮਾਨ ਨਾ ਲਗਾਉਣ ਯੋਗ ਟ੍ਰੈਫਿਕ ਸਥਿਤੀਆਂ ਵਿੱਚ ਰੁਕਣ ਜਾਂ ਸੋਚ-ਸਮਝ ਕੇ ਪ੍ਰਤੀਕਿਰਿਆ ਕਰਨ ਲਈ ਖੁਦ ਨੂੰ ਸਮਾਂ ਦੇਣਾ ਬਹੁਤ ਜ਼ਰੂਰੀ ਹੁੰਦਾ ਹੈ। ਲੋੜੀਂਦੇ ਸਮੇਂ ਨਾਲ, ਤੁਸੀਂ ਟ੍ਰੈਫਿਕ

ਵਿੱਚ ਲਏ ਗਏ ਆਪਣੇ ਫੈਸਲਿਆਂ ਦਾ ਮੁਲਾਂਕਣ ਕਰਨ ਅਤੇ ਤਰਜੀਹ ਨੂੰ ਤੈਅ ਕਰ ਸਕਦੇ ਹੋ। ਇਸ ਨਾਲ ਘਬਰਾਹਟ ਅਤੇ ਬਿਨਾਂ ਸੋਚੇ-ਸਮਝੇ ਕੀਤੀਆਂ ਜਾਣ ਵਾਲੀਆਂ ਪ੍ਰਤੀਕਿਰਿਆਵਾਂ ਨੂੰ ਘਟਾਉਣ ਵਿੱਚ ਮਦਦ ਮਿਲ ਸਕਦੀ ਹੈ।

## ਨੇੜੇ ਆ ਰਹੀਆਂ ਗੱਡੀਆਂ ਦੇ ਸਾਮ੍ਹਣੇ ਮੁੜਨਾ

ਤਜਰਬੇ ਦੇ ਨਾਲ ਤੁਸੀਂ ਬਿਹਤਰ ਹੁੰਦੇ ਜਾਓਗੇ, ਪਰ ਇਹ ਅੰਦਾਜ਼ਾ ਲਗਾਉਣਾ ਚੁਣੌਤੀ ਭਰਿਆ ਹੋ ਸਕਦਾ ਹੈ ਕਿ ਸਾਹਮਣਿਓਂ ਆਉਣ ਵਾਲੇ ਟ੍ਰੈਫਿਕ ਦਾ ਸਾਮ੍ਹਣਾ ਕਰਦੇ ਸਮੇਂ ਤੁਹਾਡੇ ਕੋਲ ਮੁੜਨ ਲਈ ਕਿੰਨਾ ਸਮਾਂ ਹੋਵੇਗਾ। ਆਪਣੇ ਆਪ ਨੂੰ ਬਥੇਰਾ ਸਮਾਂ ਨਾ ਦੇਣ ਦੀ ਬਜਾਏ ਚੰਗਾ ਹੋਵੇਗਾ ਕਿ ਤੁਸੀਂ ਖੁਦ ਨੂੰ ਬਹੁਤ ਸਾਰਾ ਸਮਾਂ ਦਿਓ।




ਯਾਦ ਰੱਖੋ ਕਿ ਨੇੜੇ ਆ ਰਹੇ ਟ੍ਰੈਫਿਕ ਨੂੰ ਪਹਿਲਾਂ ਨਿਕਲਣ-ਦਾ-ਅਧਿਕਾਰ ਹੁੰਦਾ ਹੈ। ਤੁਸੀਂ ਸਾਹਮਣਿਓਂ ਆਉਣ ਵਾਲੀਆਂ ਗੱਡੀਆਂ ਨੂੰ ਸੜਕ ਦੇ ਕਿਨਾਰੇ ਲੱਗੇ ਮਾਰਕਰ ਜਿਵੇਂ ਕਿ ਇੱਕ ਦਰੱਖਤ ਦੇ ਕੋਲੋਂ ਲੰਘਦੇ ਹੋਏ ਦੇਖ ਸਕਦੇ ਹੋ, ਅਤੇ ਗਿਣ ਸਕਦੇ ਹੋ ਕਿ ਉਨ੍ਹਾਂ ਨੂੰ ਉਸ ਸੜਕ ਤੋਂ ਪੂਰੀ ਤਰ੍ਹਾਂ ਲੰਘ ਜਾਣ ਵਿੱਚ ਕਿੰਨੇ ਸਕਿੰਟ ਲੱਗਦੇ ਹਨ ਜਿਸ 'ਤੇ ਤੁਸੀਂ ਮੁੜਨਾ ਚਾਹੁੰਦੇ ਹੋ।

ਉਸ ਸਮਾਂ ਸੀਮਾ ਦੀ ਵਰਤੋਂ ਤੁਸੀਂ ਇਹ ਅੰਦਾਜ਼ਾ ਲਗਾਉਣ ਲਈ ਕਰ ਸਕਦੇ ਹੋ ਕਿ ਅਗਲੀ ਗੱਡੀ ਨੂੰ ਉਸੇ ਦੂਰੀ ਨੂੰ ਤੈਅ ਕਰਨ ਵਿੱਚ ਕਿੰਨਾ ਸਮਾਂ ਲੱਗੇਗਾ। ਫਿਰ ਤੁਹਾਨੂੰ ਪਤਾ ਲੱਗੇਗਾ ਕਿ ਤੁਹਾਡੇ ਕੋਲ ਸੁਰੱਖਿਅਤ ਢੰਗ ਨਾਲ ਮੁੜਨ ਲਈ ਬਥੇਰਾ ਸਮਾਂ ਕਦੋਂ ਸਮਾਂ ਹੋਵੇਗਾ।




ਟ੍ਰੈਫਿਕ ਦੇ ਪ੍ਰਵਾਹ ਵਿੱਚ ਸ਼ਾਮਲ ਹੋਣ ਲਈ ਵੀ ਕੁਝ-ਕੁਝ ਇਸੇ ਦੀ ਲੋੜ ਹੁੰਦੀ ਹੈ। ਤੁਹਾਨੂੰ ਟ੍ਰੈਫਿਕ ਦੀ ਚਾਲ ਨੂੰ ਪ੍ਰਭਾਵਿਤ ਕੀਤੇ ਬਗੈਰ ਆਪਣਾ ਮੋੜ ਪੂਰਾ ਕਰਨ ਲਈ ਸਮਾਂ ਚਾਹੀਦਾ ਹੁੰਦਾ ਹੈ। ਮੋੜ ਮੁੜਨ ਅਤੇ ਸਾਹਮਣਿਓਂ ਆਉਣ ਵਾਲੇ ਟ੍ਰੈਫਿਕ ਦੀ ਸਪੀਡ ਤੱਕ ਪਹੁੰਚਣ ਲਈ ਤੁਹਾਨੂੰ ਬਥੇਰੇ ਸਮੇਂ ਦੀ ਲੋੜ ਹੁੰਦੀ ਹੈ।

## 5.5 | ਧਿਆਨ ਦੇਣਾ

ਸੁਚੇਤ ਰਹਿ ਕੇ, ਤੁਹਾਨੂੰ ਸੜਕ 'ਤੇ ਸੁਰੱਖਿਆ ਅਤੇ ਜਾਗਰੂਕਤਾ ਨੂੰ ਤਰਜੀਹ ਦੇਣ ਵਿੱਚ ਮਦਦ ਮਿਲੇਗੀ।

- **ਮਾਨਸਿਕ ਤੌਰ 'ਤੇ ਮੌਜੂਦ ਰਹੋ।** ਡਰਾਈਵਿੰਗ ਵਿੱਚ ਪੂਰੀ ਤਰ੍ਹਾਂ ਨਾਲ ਵਿਅਸਤ ਰਹਿਣ ਅਤੇ ਧਿਆਨ ਕੇਂਦਰਿਤ ਕਰਨ ਲਈ ਵਚਨਬੱਧ ਹੋਵੋ। ਆਪਣੇ ਫ਼ੋਨ ਅਤੇ ਕਾਰ-ਵਿਚਲੇ ਮਨੋਰੰਜਨ ਸਿਸਟਮਾਂ ਵਰਗੀਆਂ ਭਟਕਣਾਵਾਂ ਨੂੰ ਬੰਦ ਕਰ ਦਿਓ।
- **ਤਿਆਰ ਰਹੋ।** ਅੱਗੇ ਸੜਕ ਨੂੰ ਧਿਆਨ ਨਾਲ ਵੇਖ ਕੇ ਖਤਰੇ ਪਹਿਲਾਂ ਤੋਂ ਹੀ ਭਾਪੋ। ਆਪਣੇ ਆਲੇ-ਦੁਆਲੇ ਪ੍ਰਤੀ ਜਾਗਰੂਕਤਾ ਬਣਾਈ ਰੱਖੋ।
- **ਦੂਰਅੰਦੇਸ਼ੀ ਬਣੋ।** ਸੜਕ ਦੀਆਂ ਸਥਿਤੀਆਂ, ਮੌਸਮ ਅਤੇ ਟ੍ਰੈਫਿਕ ਦੇ ਅਨੁਸਾਰ ਆਪਣੀ ਸਪੀਡ ਅਤੇ ਡਰਾਈਵਿੰਗ ਵਿਵਹਾਰ ਵਿੱਚ ਫੇਰਬਦਲ ਕਰੋ।

### ਧਿਆਨ ਦੇਣਾ

ਸੁਰੱਖਿਅਤ ਡਰਾਈਵਿੰਗ ਲਈ ਤੁਹਾਡਾ ਪੂਰਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਤੁਹਾਡਾ ਦਿਮਾਗ ਇੱਕ ਸਮੇਂ ਸਿਰਫ਼ ਇੱਕ ਹੀ ਚੀਜ਼ 'ਤੇ ਧਿਆਨ ਕੇਂਦਰਿਤ ਕਰ ਸਕਦਾ ਹੈ ਜਦੋਂ ਤੁਸੀਂ ਡਰਾਈਵਰ ਦੀ ਸੀਟ 'ਤੇ ਹੁੰਦੇ ਹੋ ਤਾਂ ਪੂਰੀ ਤਰ੍ਹਾਂ ਧਿਆਨ ਦੇਣ ਦੀ ਚੋਣ ਕਰੋ। ਆਪਣੇ ਮਾਨਸਿਕ ਧਿਆਨ ਅਤੇ ਵਿਜ਼ੁਅਲ ਫੋਕਸ ਨੂੰ ਇਕਸਾਰ ਬਣਾਓ। ਤੁਹਾਡਾ ਧਿਆਨ ਸੜਕ 'ਤੇ ਹੋਣਾ ਸਭ ਤੋਂ ਕੀਮਤੀ ਚੀਜ਼ ਹੈ।

ਅੰਦਰੂਨੀ ਅਤੇ ਬਾਹਰੀ ਭਟਕਣਾਵਾਂ ਨੂੰ ਦੂਰ ਕਰੋ। ਭਟਕਣਾਂ ਭਾਵੇਂ ਕੁਝ ਸਕਿੰਟਾਂ ਲਈ ਹੀ ਕਿਉਂ ਨਾ ਹੋਵੇ, ਪਰ ਇਨ੍ਹਾਂ ਦੇ ਨਤੀਜੇ ਵਿਨਾਸ਼ਕਾਰੀ ਹੋ ਸਕਦੇ ਹਨ। ਧਿਆਨ ਕੇਂਦਰਿਤ ਰੱਖ ਕੇ ਅਤੇ ਭਟਕਣਾਵਾਂ ਤੋਂ ਬਚ ਕੇ, ਤੁਸੀਂ ਕਿਸੇ ਟੱਕਰ ਵਿੱਚ ਸ਼ਾਮਲ ਹੋਣ ਦੇ ਆਪਣੇ ਜੋਖ਼ਮ ਨੂੰ ਕਾਫ਼ੀ ਹੱਦ ਤੱਕ ਘਟਾ ਸਕਦੇ ਹੋ।

## ਦਿਖਾਈ ਦੇਣ ਵਾਲਾ ਖੇਤਰ

ਜਦੋਂ ਤੁਸੀਂ ਗੱਡੀ ਚਲਾ ਰਹੇ ਹੁੰਦੇ ਹੋ ਤਾਂ ਤੁਸੀਂ ਤਿੰਨ ਤਰ੍ਹਾਂ ਦੀ ਨਜ਼ਰ ਵਰਤੋਗੇ। ਬਹੁਤ ਜ਼ਿਆਦਾ ਸਪੀਡ ਨਾਲ ਹਰ ਕਿਸਮ ਦੀ ਨਜ਼ਰ ਦੀ ਕੁਆਲਿਟੀ ਪ੍ਰਭਾਵਤ ਹੁੰਦੀ ਹੈ।

1. **ਕੇਂਦਰੀ ਨਜ਼ਰ** ਨਾਲ ਤੁਸੀਂ ਆਪਣੇ ਸਾਮ੍ਹਣੇ ਦੇ ਵੇਰਵਿਆਂ ਨੂੰ ਦੇਖ ਸਕਦੇ ਹੋ। ਇਹ ਉਹ ਨਜ਼ਰ ਹੈ ਜਿਸਦੀ ਵਰਤੋਂ ਤੁਸੀਂ ਇਨ੍ਹਾਂ ਸ਼ਬਦਾਂ ਨੂੰ ਪੜ੍ਹਨ ਲਈ ਕਰ ਰਹੇ ਹੋ।
2. **ਫ੍ਰਿੰਜ ਨਜ਼ਰ** ਉਹ ਹੁੰਦੀ ਹੈ ਜੋ ਤੁਸੀਂ ਡਰਾਈਵਰ ਗਾਈਡ ਦੇ ਪੰਨਿਆਂ ਦੇ ਕਿਨਾਰਿਆਂ ਨੂੰ ਦੇਖਣ ਲਈ ਵਰਤਦੇ ਹੋ। ਤੁਸੀਂ ਇਸਨੂੰ ਦੇਖ ਸਕਦੇ ਹੋ, ਪਰ ਹੋ ਸਕਦਾ ਹੈ ਕਿ ਇਹ ਬਹੁਤ ਜ਼ਿਆਦਾ ਫੋਕਸ ਵਿੱਚ ਨਾ ਹੋਵੇ।
3. **ਪੈਰਿਫਿਰਲ ਨਜ਼ਰ** ਉਹ ਹੁੰਦੀ ਹੈ ਜੋ ਤੁਸੀਂ ਸ਼ਬਦਾਂ ਤੋਂ ਧਿਆਨ ਹਟੇ ਬਗੈਰ ਆਪਣੀ ਸਾਈਡ ਵੱਲ ਦੇਖ ਸਕਦੇ ਹੋ। ਇਹ ਉਸ ਕਮਰੇ ਦੀਆਂ ਕੰਧਾਂ ਹੋ ਸਕਦੀਆਂ ਹਨ ਜਿੱਥੇ ਤੁਸੀਂ ਮੌਜੂਦ ਹੋ ਜਾਂ ਤੁਹਾਡੇ ਕੋਲੋਂ ਲੰਘ ਰਿਹਾ ਕੋਈ ਵਿਅਕਤੀ ਹੋ ਸਕਦਾ ਹੈ।



## ਯਾਤਰਾ ਦਾ ਰਸਤਾ

ਤੁਹਾਡੀ ਯਾਤਰਾ ਦਾ ਰਸਤਾ ਉਹ ਰੂਟ ਜਾਂ ਮਾਰਗ ਹੈ ਜਿਸ 'ਤੇ ਤੁਸੀਂ ਇੱਕ ਤੋਂ ਦੂਜੀ ਥਾਂ ਜਾਣ ਲਈ ਗੱਡੀ ਚਲਾਉਂਦੇ ਹੋ।

ਹੋ ਸਕਦਾ ਹੈ ਤੁਹਾਨੂੰ ਕਿਸੇ ਸਮੇਂ ਆਪਣਾ ਰਸਤਾ ਬਦਲਣ ਦੀ ਲੋੜ ਪਵੇ। ਤੁਹਾਨੂੰ ਕਿਸੇ ਖਤਰਾ, ਮੌਸਮੀ ਸਥਿਤੀਆਂ ਜਾਂ ਇਸ ਕਰਕੇ ਸਮਾਯੋਜਿਤ ਕਰਨ ਦੀ ਲੋੜ ਪੈ ਸਕਦੀ ਹੈ ਕਿ ਤੁਹਾਨੂੰ ਕਿਸੇ ਨਵੀਂ ਦਿਸ਼ਾ ਵਿੱਚ ਯਾਤਰਾ ਕਰਨ ਦੀ ਲੋੜ ਹੈ। ਤੁਹਾਨੂੰ ਆਪਣੇ ਨਵੇਂ ਟੀਚਾਬੱਧ ਖੇਤਰ ਅਤੇ ਯਾਤਰਾ ਦੇ ਚੁਣੇ ਹੋਏ ਰਸਤੇ ਦੀ ਕਲਪਨਾ ਕਰਨ ਦੀ ਲੋੜ ਹੋਵੇਗੀ।

ਡਰਾਈਵਿੰਗ ਦਾ ਇੱਕ ਵੱਡਾ ਹਿੱਸਾ ਲਗਾਤਾਰ ਆਪਣੇ ਵਿਜ਼ੁਅਲ ਫੋਕਸ ਅਤੇ ਮਾਨਸਿਕ ਧਿਆਨ ਨੂੰ ਆਪਣੀ ਮੌਜੂਦਾ ਸਥਿਤੀ ਅਤੇ ਜਿੱਥੇ ਤੁਸੀਂ ਪਹੁੰਚਣਾ ਚਾਹੁੰਦੇ ਹੋ, ਉਸਦੇ ਦਰਮਿਆਨ ਰੱਖਣਾ ਹੁੰਦਾ ਹੈ।




## ਦ੍ਰਿਸ਼ਟੀ ਰੇਖਾ

ਜਦੋਂ ਤੁਸੀਂ ਉਹ ਖੇਤਰ ਚੁਣ ਲੈਂਦੇ ਹੋ ਜਿੱਥੇ ਤੁਸੀਂ ਪਹੁੰਚਣਾ ਚਾਹੁੰਦੇ ਹੋ, ਤਾਂ ਤੁਹਾਡੀ ਦ੍ਰਿਸ਼ਟੀ ਰੇਖਾ ਤੁਹਾਡੇ ਅਤੇ ਉਸ ਟੀਚੇ ਦੇ ਵਿਚਕਾਰ ਹੁੰਦੀ ਹੈ। ਤੁਸੀਂ ਆਪਣੇ ਵਿਜ਼ੁਅਲ ਅਤੇ ਮਾਨਸਿਕ ਧਿਆਨ ਨੂੰ ਆਪਣੀ ਯਾਤਰਾ ਦੇ ਰਸਤੇ ਅਤੇ ਦ੍ਰਿਸ਼ਟੀ ਰੇਖਾ ਦੇ ਵਿਚਕਾਰ ਤੇਜ਼ੀ ਨਾਲ ਅਤੇ ਵਾਰ-ਵਾਰ ਬਦਲੋਗੇ। ਇਸ ਗੱਲ ਨੂੰ ਮੰਨ ਲਓ ਕਿ ਤੁਹਾਨੂੰ ਵਿਜ਼ੁਅਲ ਫੋਕਸ ਅਤੇ ਮਾਨਸਿਕ ਧਿਆਨ ਨੂੰ ਇਨ੍ਹਾਂ ਵਿਚਕਾਰ ਵੰਡਣਾ ਪਵੇਗਾ:

- ਤੁਹਾਡਾ ਯਾਤਰਾ ਦਾ ਰਸਤਾ
- ਤੁਹਾਡੀ ਦ੍ਰਿਸ਼ਟੀ ਰੇਖਾ
- ਤੁਹਾਡਾ ਚੁਣਿਆ ਹੋਇਆ ਟੀਚਾਬੱਧ ਖੇਤਰ
- ਮੌਜੂਦਾ ਅਤੇ ਸੰਭਾਵੀ ਖਤਰੇ
- ਤੁਹਾਡੀ ਗੱਡੀ (ਅੰਦਰ ਅਤੇ ਬਾਹਰ)
- ਹੋਰ ਸੜਕ ਵਰਤਣ ਵਾਲੇ
- ਤੁਸੀਂ ਆਪ

### ਜਾਣਕਾਰੀ ਇਕੱਠੀ ਕਰਨਾ

ਸੋਚਿਆ-ਸਮਝਿਆ ਫੋਕਸ ਅਤੇ ਕਿਰਿਆਸ਼ੀਲ ਤਰੀਕੇ ਨਾਲ ਧਿਆਨ ਦੇਣਾ ਉਹ ਜਾਣਕਾਰੀ ਇਕੱਠੀ ਕਰਨ ਵਿੱਚ ਤੁਹਾਡੀ ਮਦਦ ਕਰਦੇ ਹਨ ਜਿਸਦੀ ਲੋੜ ਤੁਹਾਨੂੰ ਗੱਡੀ ਚਲਾਉਣ ਵੇਲੇ ਸਿਆਣਪ ਭਰੇ ਫੈਸਲੇ ਲੈਣ ਲਈ ਲੋੜ ਹੁੰਦੀ ਹੈ। ਆਪਣੇ ਯਾਤਰਾ ਦੇ ਰਸਤੇ ਅਤੇ ਦ੍ਰਿਸ਼ਟੀ ਰੇਖਾ ਨੂੰ ਸਕੈਨ ਕਰਨਾ ਇੱਕ ਨਿਰੰਤਰ ਪ੍ਰਕਿਰਿਆ ਹੈ ਜੋ ਕਈ ਵਾਰ ਬਹੁਤ ਜ਼ਿਆਦਾ ਹਾਵੀ ਕਰਨ ਵਾਲੀ ਮਹਿਸੂਸ ਹੋ ਸਕਦੀ ਹੈ, ਖਾਸ ਕਰਕੇ ਜਦੋਂ ਤੁਸੀਂ ਸ਼ੁਰੂ-ਸ਼ੁਰੂ ਵਿੱਚ ਗੱਡੀ ਚਲਾਉਣਾ ਸਿੱਖ ਰਹੇ ਹੋਵੋ। ਲਗਾਤਾਰ ਚੌਕਸ ਰਹਿਣਾ ਅਤੇ ਘੱਟੋ-ਘੱਟ ਭਟਕਣਾਂ ਵਾਲੀਆਂ ਆਦਤਾਂ ਅਤੇ ਰੁਟੀਨ ਅਪਣਾ ਕੇ ਆਪਣੇ ਆਪ ਨੂੰ ਸਫਲਤਾ ਲਈ ਤਿਆਰ ਕਰੋ।

## 5.6 | ਸੜਕ ਅਤੇ ਡਰਾਈਵਿੰਗ ਦੀਆਂ ਸਥਿਤੀਆਂ

ਡਰਾਈਵਿੰਗ ਦਾ ਇੱਕ ਹਿੱਸਾ ਗਤੀ ਦੀਆਂ ਸੀਮਾਵਾਂ ਦੀ ਪਾਲਣਾ ਕਰਨਾ ਅਤੇ ਸੜਕ ਦੀਆਂ ਸਥਿਤੀਆਂ ਅਨੁਸਾਰ ਢਾਲਣਾ ਵੀ ਹੁੰਦਾ ਹੈ। ਉਦਾਹਰਣ ਲਈ, ਜਦੋਂ ਸੜਕ ਤਿਲਕਣ ਭਰੀ ਹੋਵੇ ਜਾਂ ਸੜਕ ਉੱਪਰ ਪਾਣੀ ਹੋਵੇ ਤਾਂ ਤੁਸੀਂ ਆਪਣੀ ਗੱਡੀ ਦੇ ਕੰਟਰੋਲ ਨੂੰ ਬਣਾਈ ਰੱਖਣ ਵਿੱਚ ਮਦਦ ਲਈ ਤਿੱਖੇ ਮੋੜ ਤੋਂ ਪਹਿਲਾਂ ਗਤੀ ਨੂੰ ਹੌਲੀ ਕਰ ਲੈਂਦੇ ਹੋ। ਖਤਰੇ ਬਾਰੇ ਤੁਹਾਡੀ ਜਾਗਰੂਕਤਾ, ਫੈਸਲਾ ਲੈਣ ਦੀ ਪ੍ਰਕਿਰਿਆ ਅਤੇ ਸਿਆਣਪ ਭਰੇ ਫੈਸਲੇ ਇਸ ਗੱਲ 'ਤੇ ਵੱਡਾ ਅਸਰ ਪਾਉਂਦੇ ਹਨ ਕਿ ਤੁਸੀਂ ਵੱਖ-ਵੱਖ ਸਥਿਤੀਆਂ ਵਿੱਚ ਸੁਰੱਖਿਅਤ ਢੰਗ ਨਾਲ ਕਿਵੇਂ ਯਾਤਰਾ ਕਰਦੇ ਹੋ।

### ਰਾਤ ਵੇਲੇ ਗੱਡੀ ਚਲਾਉਣਾ

ਰਾਤ ਨੂੰ ਦੇਖਣਾ ਜ਼ਿਆਦਾ ਔਖਾ ਹੁੰਦਾ ਹੈ, ਅਤੇ ਤੁਹਾਨੂੰ ਇਹ ਚੀਜ਼ਾਂ ਕਰਨੀਆਂ ਚਾਹੀਦੀਆਂ ਹਨ:

- ਅਜਿਹੀ ਗਤੀ 'ਤੇ ਗੱਡੀ ਚਲਾਓ ਜਿਸ ਨਾਲ ਤੁਸੀਂ ਆਪਣੀ ਗੱਡੀ ਦੀਆਂ ਹੈੱਡਲਾਈਟਾਂ ਦੀ ਚਮਕ ਦੇ ਅੰਦਰ ਵਾਲੇ ਖੇਤਰ (ਆਮ ਤੌਰ 'ਤੇ 400 ਫੁੱਟ) ਵਿੱਚ ਰੁਕ ਸਕਦੇ ਹੋਵੋ।
- ਜਦੋਂ ਵੀ ਕੋਈ ਸਾਹਮਣਿਓਂ ਆਉਣ ਵਾਲੀਆਂ ਗੱਡੀਆਂ ਨਾ ਹੋਣ, ਤਾਂ ਆਪਣੀ ਗੱਡੀ ਦੀਆਂ ਹਾਈ ਬੀਮਾਂ ਦੀ ਵਰਤੋਂ ਕਰੋ। ਜਦੋਂ ਟ੍ਰੈਫਿਕ ਨੇੜੇ ਆ ਰਿਹਾ ਹੋਵੇ ਤਾਂ ਵਾਪਸ ਆਪਣੀ ਗੱਡੀ ਦੀਆਂ ਆਮ ਹੈੱਡਲਾਈਟਾਂ ਨੂੰ ਚਾਲੂ ਕਰ ਲਓ।

- ਕਿਸੇ ਹੋਰ ਗੱਡੀ ਦੇ ਪਿੱਛੇ ਚੱਲਦੇ ਸਮੇਂ ਆਪਣੀ ਗੱਡੀ ਦੀਆਂ ਆਮ ਹੈੱਡਲਾਈਟਾਂ ਦੀ ਵਰਤੋਂ ਕਰੋ।
- ਸਾਹਮਣਿਓਂ ਪੈ ਰਹੀਆਂ ਹੈੱਡਲਾਈਟਾਂ ਵਿੱਚ ਸਿੱਧਾ ਦੇਖਣ ਤੋਂ ਗੁਰੇਜ਼ ਕਰੋ। ਆਪਣੀਆਂ ਅੱਖਾਂ ਆਪਣੀ ਗੱਡੀ ਦੇ ਸਾਮ੍ਹਣੇ ਵਾਲੀ ਸੜਕ 'ਤੇ ਟਿਕਾਈ ਰੱਖੋ।
- ਆਪਣੀ ਗੱਡੀ ਦੀਆਂ ਹੈੱਡਲਾਈਟ ਦੀਆਂ ਕਿਰਨਾਂ ਤੋਂ ਅੱਗੇ ਦੇਖਣ ਦੀ ਕੋਸ਼ਿਸ਼ ਕਰੋ। ਸੜਕ 'ਤੇ ਗੂੜ੍ਹੇ ਰੰਗ ਦੀਆਂ ਸ਼ਕਲਾਂ ਜਾਂ ਪਰਛਾਵਿਆਂ 'ਤੇ ਨਜ਼ਰ ਰੱਖੋ।
- ਫੁੱਟਪਾਥ ਦੇ ਕਿਨਾਰੇ ਨੂੰ ਲੱਭਣ ਲਈ ਅਤੇ ਸਾਈਡਾਂ ਤੋਂ ਆਉਣ ਵਾਲੇ ਖਤਰੇ ਨੂੰ ਦੇਖਣ ਵਾਸਤੇ ਕਦੇ-ਕਦਾਈਂ ਸਾਈਡਾਂ ਵੱਲ ਨਜ਼ਰ ਮਾਰਦੇ ਰਹੋ।
- ਰਾਤੀਂ ਗੱਡੀ ਚਲਾਉਣ ਵੇਲੇ ਜਾਂ ਬੱਦਲਵਾਈ ਵਾਲੇ ਦਿਨਾਂ ਨੂੰ ਧੁੱਪ ਵਾਲੀਆਂ ਐਨਕਾਂ ਜਾਂ ਰੰਗੀਨ ਲੈਂਸ ਨਾ ਪਹਿਨੋ। ਰੰਗਤ ਵਾਲੇ ਜਾਂ ਰੰਗਦਾਰ ਲੈਂਸ ਤੁਹਾਡੀ ਨਜ਼ਰ ਨੂੰ ਘਟਾਉਂਦੇ ਹਨ।
- ਰਾਤ ਨੂੰ ਗੱਡੀ ਚਲਾਉਣ ਦੀਆਂ ਸਥਿਤੀਆਂ ਵਿੱਚ ਅਤੇ ਰਾਤੀਂ ਅਣਜਾਣ ਸੜਕਾਂ 'ਤੇ ਗੱਡੀ ਚਲਾਉਣ ਲਈ ਪਿੱਛੇ ਚੱਲਣ ਵਾਲੀ ਦੂਰੀ ਨੂੰ ਵਧਾ ਲਓ।

**ਜੇ ਕੋਈ ਗੱਡੀ ਆਪਣੀ ਗੱਡੀ ਦੀਆਂ ਹਾਈ ਬੀਮਾਂ ਚਾਲੂ ਰੱਖ ਕੇ ਤੁਹਾਡੇ ਵੱਲ ਆਉਂਦੀ ਹੈ, ਤਾਂ ਸੜਕ ਦੇ ਸੱਜੇ ਪਾਸੇ ਵੱਲ ਦੇਖੋ ਤਾਂ ਜੋ ਹੈੱਡਲਾਈਟਾਂ ਕਰਕੇ ਧਿਆਨ ਨਾ ਭਟਕ ਜਾਵੇ।**

## ਮੋੜ ਜਾਂ ਘੁੰਮਾਓਦਾਰ ਸੜਕ




ਘੁੰਮਾਓਦਾਰ ਸੜਕਾਂ 'ਤੇ ਗੱਡੀ ਚਲਾਉਣ ਲਈ ਸੜਕ ਪ੍ਰਤੀ ਜਾਗਰੂਕਤਾ ਅਤੇ ਆਪਣੀ ਗੱਡੀ ਉੱਪਰ ਕੰਟਰੋਲ ਦੀ ਲੋੜ ਹੁੰਦੀ ਹੈ। ਬਿਨਾਂ ਕਿਸੇ ਰੁਕਾਵਟ ਵਾਲਾ ਸਟੀਅਰਿੰਗ ਅਤੇ ਗੱਡੀ ਚਲਾਉਣ ਦੀਆਂ ਸਮਾਰਟ ਆਦਤਾਂ ਤੁਹਾਨੂੰ ਆਪਣੀ ਸੜਕ ਦੀ ਸਥਿਤੀ ਅਤੇ ਸੰਤੁਲਨ 'ਤੇ ਕੁਝ ਕੰਟਰੋਲ ਦਿੰਦੀਆਂ ਹਨ। ਗਤੀ ਦੇ ਉਹ ਨਿਯਮ ਵੀ ਸੜਕ ਦੀ ਸਥਿਤੀ ਅਤੇ ਸੰਤੁਲਨ ਨੂੰ ਪ੍ਰਭਾਵਤ ਕਰਦੇ ਹਨ, ਜੋ ਤੁਹਾਡੇ ਕੰਟਰੋਲ ਤੋਂ ਬਾਹਰ ਹਨ।

## ਕਿਸੇ ਮੋੜ ਕੋਲ ਪਹੁੰਚਣਾ

- **ਆਪਣੀ ਗੱਡੀ ਦੀ ਗਤੀ ਵੱਲ ਧਿਆਨ ਦਿਓ।** ਮੋੜ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਆਪਣੀ ਗੱਡੀ ਦੀ ਗਤੀ ਘਟਾ ਲਓ। ਇਸ ਨਾਲ ਟ੍ਰੈਕਸ਼ਨ (ਸੜਕ 'ਤੇ ਪਕੜ) ਬਣਾਈ ਰੱਖਣ ਵਿੱਚ ਮਦਦ ਮਿਲਦੀ ਹੈ ਅਤੇ ਤੁਹਾਡੀ ਗੱਡੀ ਨੂੰ ਸੜਕ 'ਤੇ ਫਿਸਲਣ ਜਾਂ ਰਸਤੇ ਤੋਂ ਭਟਕਣ ਤੋਂ ਬਚਾਅ ਹੁੰਦਾ ਹੈ। ਚੜ੍ਹਾਈ ਵਾਲੇ ਮੋੜ ਲਈ ਵਧੇਰੇ ਐਕਸਲਰੇਸ਼ਨ ਦੀ ਲੋੜ ਹੋ ਸਕਦੀ ਹੈ, ਜਦਕਿ ਢਲਾਣ ਵਾਲੇ ਮੋੜ ਲਈ ਵਧੇਰੇ ਬ੍ਰੇਕ ਲਾਉਣ ਦੀ ਲੋੜ ਹੋ ਸਕਦੀ ਹੈ।
- **ਅੱਗੇ ਦੇਖੋ।** ਮੋੜ ਦੇ ਤਿੱਖੇਪਣ ਅਤੇ ਲੰਬਾਈ ਦਾ ਅੰਦਾਜ਼ਾ ਲਾਉਣ ਵਾਸਤੇ ਅੱਗੇ ਵਾਲੀ ਸੜਕ ਨੂੰ ਦੇਖੋ। ਇਸ ਨਾਲ ਤੁਹਾਨੂੰ ਢੁਕਵੀਂ ਸਪੀਡ ਤੈਅ ਕਰਨ ਅਤੇ ਸਟੀਅਰਿੰਗ ਨੂੰ ਸਮਾਯੋਜਿਤ ਕਰਨ ਵਿੱਚ ਮਦਦ ਮਿਲੇਗੀ।
- **ਲੇਨ ਵਿੱਚ ਸਭ ਤੋਂ ਵਧੀਆ ਸਥਿਤੀ ਚੁਣੋ।** ਮੋੜ ਦੇ ਨੇੜੇ ਪਹੁੰਚਦਿਆਂ ਹੀ ਆਪਣੀ ਗੱਡੀ ਨੂੰ ਲੇਨ ਦੇ ਬਾਹਰ ਵੱਲ ਨੂੰ ਰੱਖੋ। ਇਸ ਨਾਲ ਤੁਹਾਨੂੰ ਗੱਡੀ ਨੂੰ ਸੰਭਾਲਣ ਲਈ ਥੋੜ੍ਹੀ ਹੋਰ ਥਾਂ ਮਿਲ ਜਾਏਗੀ ਅਤੇ ਮੋੜ ਦੇ ਆਲੇ-ਦੁਆਲੇ ਦਿਖਾਈ ਵੀ ਜ਼ਿਆਦਾ ਵਧੀਆ ਦੇਵੇਗਾ।

## ਮੋੜ ਵਿੱਚ ਹੋਣ ਵੇਲੇ

- **ਇਕਸਾਰਤਾ ਵਾਲੀ ਗਤੀ ਬਣਾਈ ਰੱਖੋ।** ਜਦੋਂ ਤੁਸੀਂ ਮੋੜ ਵਿੱਚ ਹੋਵੋ ਤਾਂ ਅਚਾਨਕ ਬ੍ਰੇਕ ਲਗਾਉਣ ਜਾਂ ਗਤੀ ਵਧਾਉਣ ਤੋਂ ਗੁਰੇਜ਼ ਕਰੋ। ਇਸ ਨਾਲ ਤੁਹਾਡੀ ਗੱਡੀ ਦਾ ਸੰਤੁਲਨ ਵਿਗੜ ਸਕਦਾ ਹੈ ਅਤੇ ਇਹ ਕੰਟਰੋਲ ਤੋਂ ਬਾਹਰ ਨਿਕਲ ਸਕਦੀ ਹੈ।
- **ਹਲਕੀ ਸਟੀਅਰਿੰਗ ਕਰੋ।** ਮੋੜ ਤੋਂ ਨਿਕਲਦੇ ਹੋਏ ਨਿਰਵਿਘਨ ਢੰਗ ਨਾਲ ਅਤੇ ਹੌਲੀ-ਹੌਲੀ ਸਟੀਅਰਿੰਗ ਮੋੜੋ। ਬਹੁਤ ਜ਼ਿਆਦਾ ਸਟੀਅਰਿੰਗ ਜਾਂ ਝਟਕੇ ਵਾਲੀ ਚਾਲ ਤੋਂ ਬਚੋ, ਇਸ ਨਾਲ ਤੁਹਾਡੀ ਗੱਡੀ ਫਿਸਲ ਸਕਦੀ ਹੈ।
- **ਸਮਾਯੋਜਿਤ ਕਰਨ ਲਈ ਤਿਆਰ ਰਹੋ।** ਸੜਕ ਦੀਆਂ ਸਥਿਤੀਆਂ, ਦਿਸਣਯੋਗਤਾ ਅਤੇ ਦੂਜੇ ਡਰਾਈਵਰਾਂ ਦੇ ਵਿਵਹਾਰ 'ਤੇ ਨਿਰਭਰ ਕਰਦਿਆਂ ਆਪਣੀ ਗੱਡੀ ਦੀ ਗਤੀ ਜਾਂ ਸਟੀਅਰਿੰਗ ਵਿੱਚ ਫੇਰਬਦਲ ਕਰਨ ਲਈ ਤਿਆਰ ਰਹੋ।

## ਮੋੜ ਤੋਂ ਬਾਹਰ ਨਿਕਲਣਾ

- **ਹੌਲੀ-ਹੌਲੀ ਐਕਸਲਰੇਟ ਕਰੋ** ਜਿਉਂ ਹੀ ਤੁਸੀਂ ਮੋੜ ਤੋਂ ਬਾਹਰ ਨਿਕਲਦੇ ਹੋ, ਹੌਲੀ-ਹੌਲੀ ਆਪਣੀ ਲੋੜੀਂਦੀ ਗਤੀ ਤੇ ਵਾਪਸ ਆ ਜਾਓ। ਇਸ ਨਾਲ ਤੁਹਾਨੂੰ ਸਥਿਰਤਾ ਬਣਾਈ ਰੱਖਣ ਅਤੇ ਰਵਾਨੀ ਨਾਲ ਸਿੱਧੇ ਯਾਤਰਾ ਕਰਨ ਵਿੱਚ ਮਦਦ ਮਿਲੇਗੀ।
- **ਆਪਣੀ ਗੱਡੀ ਦੇ ਸ਼ੀਸ਼ੇ ਚੈੱਕ ਕਰੋ।** ਇਹ ਪੱਕਾ ਕਰਨ ਵਾਸਤੇ ਆਪਣੀ ਗੱਡੀ ਦੇ ਸ਼ੀਸ਼ਿਆਂ ਨੂੰ ਸਕੈਨ ਕਰੋ ਕਿ ਤੁਹਾਡੇ ਕੋਲ ਲੋੜ ਪੈਣ 'ਤੇ ਲੇਨਾਂ ਵਿੱਚ ਮਰਜ ਹੋਣ (ਰੱਲਣ) ਜਾਂ ਲੇਨਾਂ ਬਦਲਣ ਲਈ ਲੋੜੀਂਦੀ ਥਾਂ ਹੈ।

## ਗਤੀ ਦੇ ਨਿਯਮ

ਘੁੰਮਾਓਦਾਰ ਸੜਕਾਂ 'ਤੇ ਗੱਡੀ ਚਲਾਉਣ ਵੇਲੇ, ਇਹ ਬਹੁਤ ਜ਼ਰੂਰੀ ਹੁੰਦਾ ਹੈ ਕਿ ਤੁਸੀਂ ਆਪਣੀ ਗੱਡੀ ਨੂੰ ਪ੍ਰਭਾਵਿਤ ਕਰਨ ਵਾਲੀਆਂ ਤਾਕਤਾਂ ਨੂੰ ਸਮਝੋ ਅਤੇ ਕੰਟਰੋਲ ਬਣਾਈ ਰੱਖਣ ਲਈ ਆਪਣੀ ਡਰਾਈਵਿੰਗ ਵਿੱਚ ਫੇਰਬਦਲ ਕਰੋ।

- **ਚੱਕਰ ਵਾਂਗ ਮੋੜ।** ਰੋਲ ਇਸ ਗੱਲ ਨੂੰ ਪ੍ਰਭਾਵਿਤ ਕਰਦਾ ਹੈ ਕਿ ਮੋੜ ਦੌਰਾਨ ਤੁਹਾਡੀ ਗੱਡੀ ਕਿੰਨਾ ਝੁਕਦੀ ਹੈ, ਜਦਕਿ ਯਾਅ ਗੱਡੀ ਦੀ ਪਾਸੇ-ਵੱਲ ਦੀ ਹਲਚਲ ਨੂੰ ਪ੍ਰਭਾਵਿਤ ਕਰਦਾ ਹੈ। ਦੋਹਾਂ ਹੀ ਗੱਡੀ ਦੇ ਨਿਯੰਤਰਣ ਨੂੰ ਬਣਾਈ ਰੱਖਣ ਲਈ ਮਹੱਤਵਪੂਰਨ ਹਨ। ਆਪਣੀ ਗੱਡੀ ਦੀ ਗਤੀ ਵਿੱਚ ਫੇਰਬਦਲ ਕਰਨ ਅਤੇ ਸਟੀਅਰ ਕਰਨ ਨਾਲ, ਘੁੰਮਾਓਦਾਰ ਸੜਕਾਂ ਤੋਂ ਗੱਡੀ ਚਲਾਉਣ ਵੇਲੇ ਤੁਹਾਡੇ ਰੋਲ ਅਤੇ ਯਾਅ ਨੂੰ ਸੰਤੁਲਿਤ ਕਰਨ ਵਿੱਚ ਮਦਦ ਮਿਲ ਸਕਦੀ ਹੈ।
- **ਸੰਵੇਗ।** ਜਦੋਂ ਤੁਸੀਂ ਸਿੱਧੀ ਲਾਈਨ ਵਿੱਚ ਗੱਡੀ ਚਲਾ ਰਹੇ ਹੁੰਦੇ ਹੋ, ਤਾਂ ਤੁਹਾਡੀ ਗੱਡੀ ਦਾ ਸੰਵੇਗ ਉਸ ਦਿਸ਼ਾ ਵਿੱਚ ਹੁੰਦਾ ਹੈ। ਹਾਲਾਂਕਿ, ਜਦੋਂ ਤੁਸੀਂ ਮੋੜ ਵਿੱਚ ਦਾਖ਼ਲ ਹੁੰਦੇ ਹੋ, ਤਾਂ ਤੁਹਾਨੂੰ ਆਪਣੀ ਗੱਡੀ ਦੀ ਦਿਸ਼ਾ ਅਤੇ ਸੰਵੇਗ ਬਦਲਣ ਦੀ ਲੋੜ ਹੁੰਦੀ ਹੈ।
- **ਜੜ੍ਹਤਾ ਜਾਂ ਸਥਿਰਤਾ।** ਮੋੜ ਵਿੱਚ, ਤੁਹਾਡੀ ਗੱਡੀ ਤੁਹਾਨੂੰ ਸਿੱਧੀ ਲਾਈਨ ਵਿੱਚ ਚੱਲਦਾ ਰੱਖਣ ਲਈ ਥੋੜ੍ਹਾ ਜਿਹਾ ਖਿੱਚਣਾ ਚਾਹੇਗੀ। ਜੇ ਤੁਸੀਂ ਅਚਾਨਕ ਸਟੀਅਰਿੰਗ ਵ੍ਹੀਲ ਨੂੰ ਮੋੜ ਲੈਂਦੇ ਹੋ, ਤਾਂ ਜੜ੍ਹਤਾ ਤੁਹਾਨੂੰ ਕਾਰ ਨੂੰ ਸਿੱਧਾ ਚੱਲਦਾ ਰੱਖਣ ਦੀ ਕੋਸ਼ਿਸ਼ ਕਰੇਗੀ। ਇਸੇ ਕਰਕੇ ਤੁਹਾਨੂੰ ਰਵਾਨੀ ਨਾਲ ਮੋੜ ਮੁੜਨ ਲਈ ਬਹੁਤ ਧਿਆਨ ਨਾਲ ਸਟੀਅਰ ਕਰਨਾ ਪਵੇਗਾ।
- **ਗਤੀਸ਼ੀਲ ਊਰਜਾ।** ਵਧੇਰੇ ਤੇਜ਼ ਸਪੀਡ ਵਧੇਰੇ ਊਰਜਾ ਪੈਦਾ ਕਰ ਸਕਦੀ ਹੈ, ਜਿਸ ਕਰਕੇ ਰੁਕਣ ਜਾਂ ਦਿਸ਼ਾ ਬਦਲਣ ਲਈ ਵਧੇਰੇ ਸਮੇਂ ਅਤੇ ਸਥਾਨ ਦੀ ਲੋੜ ਹੁੰਦੀ ਹੈ। ਘੁੰਮਾਓਦਾਰ ਸੜਕ ਲਈ ਗਤੀ ਘਟਾਉਣ ਨਾਲ ਤੁਹਾਡੀ ਗੱਡੀ ਦੀ ਗਤੀਸ਼ੀਲ ਊਰਜਾ ਘੱਟ ਜਾਂਦੀ ਹੈ ਅਤੇ ਇਸ ਨਾਲ ਤੁਹਾਨੂੰ ਟ੍ਰੈਕਸ਼ਨ ਭਾਵ ਸੜਕ 'ਤੇ ਪਕੜ ਜਾਂ ਕੰਟਰੋਲ ਗੁਆਏ ਬਗੈਰ ਮੁੜਨ ਵਿੱਚ ਮਦਦ ਮਿਲਦੀ ਹੈ।
- **ਘਰਸ਼ਣ।** ਘਰਸ਼ਣ ਟਾਇਰਾਂ ਅਤੇ ਸੜਕ ਦੇ ਵਿਚਕਾਰ ਲੱਗਣ ਵਾਲਾ ਜ਼ੋਰ ਹੁੰਦਾ ਹੈ। ਇਸ ਨਾਲ ਤੁਹਾਡੀ ਗੱਡੀ ਨੂੰ ਸੜ੍ਹਾ ਨਾਲ ਪਕੜ ਬਣਾਉਣ ਵਿੱਚ ਮਦਦ ਮਿਲਦੀ ਹੈ। ਘਰਸ਼ਣ ਜਿੰਨਾਂ ਵੱਧ ਹੋਵੇਗਾ, ਤੁਹਾਡੇ ਟਾਇਰ ਉੱਨੇ ਹੀ ਬਿਹਤਰ ਤਰੀਕੇ ਨਾਲ ਸੜਕ 'ਤੇ ਪਕੜ ਬਣਾ ਸਕਦੇ ਹਨ। ਇਸ ਨਾਲ ਤੁਹਾਨੂੰ ਸਪੀਡ ਹੌਲੀ ਕਰਨ, ਸਪੀਡ ਤੇਜ਼ ਕਰਨ, ਅਤੇ ਸੁਰੱਖਿਅਤ ਤਰੀਕੇ ਨਾਲ ਮੁੜਨ ਵਿੱਚ ਮਦਦ ਮਿਲਦੀ ਹੈ। ਬਾਰਸ਼, ਸਨੋ ਜਾਂ ਬਰਫ਼ ਕਰਕੇ ਤਿਲਕਣ ਭਰੀਆਂ ਸੜਕਾਂ ਮੋੜ ਵਿੱਚ ਘਰਸ਼ਣ ਨੂੰ ਕਾਫ਼ੀ ਹੱਦ ਤੱਕ ਘਟਾ ਸਕਦੀਆਂ ਹਨ। ਇਨ੍ਹਾਂ ਸਥਿਤੀਆਂ ਵਿੱਚ ਸਪੀਡ ਹੋਰ ਵੀ ਹੌਲੀ ਕਰ ਲਓ ਅਤੇ ਅਚਾਨਕ ਹੋਣ ਵਾਲੀਆਂ ਹਰਕਤਾਂ ਤੋਂ ਬਚੋ।

## ਤਿਲਕਣ ਭਰੀਆਂ ਸੜਕਾਂ



Washington ਦੇ ਮੌਸਮ ਕਰਕੇ ਸੜਕਾਂ ਤਿਲਕਣ ਭਰੀਆਂ ਹੋ ਸਕਦੀਆਂ ਹਨ। ਬਾਰਸ਼, ਸਨੋ, ਅਤੇ ਬਰਫ਼ ਵਾਲੀ ਬਾਰਸ਼ ਸੜਕ 'ਤੇ ਖਤਰੇ ਪੈਦਾ ਕਰਦੇ ਹਨ। ਜਦੋਂ ਸੜਕ ਤਿਲਕਣ ਭਰੀ ਹੋਵੇ, ਤਾਂ ਤੁਹਾਨੂੰ ਸਥਿਤੀਆਂ ਦੇ ਹਿਸਾਬ ਨਾਲ ਆਪਣੀ ਡਰਾਈਵਿੰਗ ਵਿੱਚ ਫੇਰਬਦਲ ਕਰਨਾ ਲਾਜ਼ਮੀ ਹੈ, ਜਿਸ ਲਈ ਤੁਹਾਨੂੰ ਨਿਰਧਾਰਤ ਗਤੀ ਸੀਮਾ ਤੋਂ ਘੱਟ ਗਤੀ 'ਤੇ ਗੱਡੀ ਚਲਾਉਣ ਦੀ ਲੋੜ ਪੈ ਸਕਦੀ ਹੈ।

ਜੇ ਕਿਸੇ ਗਰਮੀ ਵਾਲੇ ਦਿਨ ਬਾਰਸ਼ ਪੈਣ ਲੱਗ ਜਾਵੇ, ਤਾਂ ਪਹਿਲੇ ਕੁਝ ਮਿੰਟਾਂ ਲਈ ਫੁੱਟਪਾਥ ਬਹੁਤ ਤਿਲਕਣ ਭਰਿਆ ਹੋ ਸਕਦਾ ਹੈ। ਗਰਮੀ ਕਰਕੇ ਅਸਫਾਲਟ ਵਿਚਲਾ ਤੇਲ ਸਤ੍ਹਾ 'ਤੇ ਆ ਜਾਂਦਾ ਹੈ। ਜਦੋਂ ਤੱਕ ਤੇਲ ਧੋਤਾ ਨਹੀਂ ਜਾਂਦਾ ਉਦੋਂ ਤੱਕ ਸੜਕ ਤਿਲਕਣ ਭਰੀ ਹੀ ਰਹਿੰਦੀ ਹੈ।



ਬਰਫੀਲੀਆਂ ਸੜਕਾਂ ਲਈ ਪਿੱਛੇ ਚੱਲਣ ਵਾਲੀ ਦੂਰੀ ਨੂੰ ਵਧਾਉਣ ਅਤੇ ਸਪੀਡ ਨੂੰ ਕਾਫ਼ੀ ਘਟਾਉਣ ਦੀ ਲੋੜ ਪਵੇਗੀ।

- ਜਦੋਂ ਲੋੜ ਹੋਵੇ ਤਾਂ ਸਨੋ ਟਾਇਰਾਂ ਜਾਂ ਚੇਨਾਂ ਦੀ ਵਰਤੋਂ ਕਰੋ।
- ਸਰਦੀਆਂ ਦੇ ਮਹੀਨਿਆਂ ਦੌਰਾਨ, ਤੁਸੀਂ ਆਪਣੇ ਟਾਇਰਾਂ 'ਤੇ ਚੇਨਾਂ ਜੋੜ ਕੇ ਜਾਂ ਸਟੱਡ ਵਾਲੇ ਟਾਇਰ ਲਗਾ ਕੇ ਟ੍ਰੈਕਸ਼ਨ ਵਿੱਚ ਸੁਧਾਰ ਲਿਆ ਸਕਦੇ ਹੋ।

ਜਿੰਨਾ ਹੋ ਸਕੇ ਬਰਫੀਲੀਆਂ ਸੜਕਾਂ 'ਤੇ ਜਾਣ ਤੋਂ ਬਚੋ। ਜੇ ਤੁਹਾਨੂੰ ਬਰਫੀਲੀਆਂ ਸੜਕਾਂ 'ਤੇ ਗੱਡੀ ਚਲਾਉਣੀ ਹੀ ਪਵੇਗੀ, ਤਾਂ ਸਪੀਡ ਹੌਲੀ ਕਰੋ ਅਤੇ ਆਪਣੀ ਗੱਡੀ ਦੇ ਆਲੇ-ਦੁਆਲੇ ਬਥੇਰੀ ਥਾਂ ਛੱਡੋ।

- ਠੰਡੇ, ਗਿੱਲੇ ਦਿਨਾਂ ਵਿੱਚ, ਛਾਂਦਾਰ ਥਾਂਵਾਂ ਬਰਫੀਲੀਆਂ ਹੋ ਸਕਦੀਆਂ ਹਨ।
- ਓਵਰਪਾਸ ਅਤੇ ਹੋਰ ਤਰ੍ਹਾਂ ਦੇ ਪੁੱਲਾਂ 'ਤੇ ਬਰਫ਼ ਦੇ ਪੈਚ ਹੋ ਸਕਦੇ ਹਨ ਭਾਵੇਂ ਬਾਕੀ ਸੜਕ 'ਤੇ ਨਾ ਵੀ ਹੋਣ।
- ਜਦੋਂ ਬਰਫ਼ ਜੰਮਣ ਤੋਂ ਘੱਟ ਵਾਲੇ ਤਾਪਮਾਨ ਗਰਮ ਹੋ ਕੇ ਲਗਭਗ ਬਰਫ਼ ਜੰਮਣ ਵਾਲੇ ਤਾਪਮਾਨ ਤੱਕ ਪਹੁੰਚਦੇ ਹਨ, ਤਾਂ ਬਰਫ਼ ਪਿਘਲ ਸਕਦੀ ਹੈ ਅਤੇ ਸੜਕ ਗਿੱਲੀ ਹੋ ਸਕਦੀ ਹੈ। ਜਿਸ ਨਾਲ ਸੜਕ ਵਧੇਰੇ ਤਿਲਕਵੀਂ ਹੋ ਸਕਦੀ ਹੈ।
- *ਕਾਲੀ ਬਰਫ਼* ਤੋਂ ਭਾਵ ਹੈ ਬਰਫ਼ ਦੀ ਉਹ ਪਰਤ ਜਿਸਨੂੰ ਦੇਖ ਸਕਣਾ ਡਰਾਈਵਰਾਂ ਲਈ ਔਖਾ ਹੋ ਸਕਦਾ ਹੈ। ਭਾਵੇਂ ਤੁਹਾਨੂੰ ਜੰਮੀ ਹੋਈ ਬਰਫ਼ ਨਾ ਵੀ ਦਿਖਾਈ ਦੇਵੇ, ਫਿਰ ਵੀ ਗੱਡੀ ਚਲਾਉਣ ਵੇਲੇ ਬਰਫ਼ ਜੰਮਣ ਦੇ ਨੇੜੇ ਜਾਂ ਇਸਤੋਂ ਘੱਟ ਤਾਪਮਾਨਾਂ ਵੱਲ ਧਿਆਨ ਦਿਓ। ਬਹੁਤ ਸਾਰੇ ਡਰਾਈਵਰ ਕਾਲੀ ਬਰਫ਼ 'ਤੇ ਆਪਣੀ ਗੱਡੀ ਦਾ ਕੰਟਰੋਲ ਗੁਆ ਬੈਠਣ ਕਰਕੇ ਹਾਦਸੇ ਦਾ ਸ਼ਿਕਾਰ ਹੋ ਜਾਂਦੇ ਹਨ।

## ਸਕਿਡ ਕਰਨਾ (ਫਿਸਲਣਾ)

ਸਕਿਡ ਉਦੋਂ ਹੁੰਦੀ ਹੈ ਜਦੋਂ ਟਾਇਰ ਸੜਕ 'ਤੇ ਹੋਰ ਪਕੜ ਨਹੀਂ ਬਣਾ ਸਕਦੇ। ਜੇ ਤੁਸੀਂ ਅਚਾਨਕ ਮੁੜਦੇ ਹੋ ਜਾਂ ਰੁਕ ਜਾਂਦੇ ਹੋ ਤਾਂ ਤੇਜ਼ ਸਪੀਡ ਅਤੇ ਫਿਸਲਣ ਭਰੀਆਂ ਸੜਕਾਂ ਸਕਿਡ ਕਰਨ ਦੀ ਸੰਭਾਵਨਾ ਨੂੰ ਵਧਾ ਦਿੰਦੀਆਂ ਹਨ। ਕਿਉਂਕਿ ਜਦੋਂ ਕੋਈ ਗੱਡੀ ਸਕਿਡ ਕਰ ਰਹੀ ਹੋਵੇ ਤਾਂ ਤੁਸੀਂ ਉਸਨੂੰ ਕੰਟਰੋਲ ਨਹੀਂ ਕਰ ਸਕਦੇ, ਇਸ ਕਰਕੇ ਪਹਿਲਾਂ ਹੀ ਸਕਿਡ ਕਰਨ ਤੋਂ ਬਚਣਾ ਸਭ ਤੋਂ ਵਧੀਆ ਰਹਿੰਦਾ ਹੈ।

ਜੇ ਤੁਹਾਡੇ ਗੱਡੀ ਸਕਿਡ ਕਰ ਰਹੀ ਹੈ, ਤਾਂ ਇਹ ਚੀਜ਼ਾਂ ਕਰੋ:

1. **ਆਪਣਾ ਪੈਰ ਐਕਸਲਰੇਟਰ ਤੋਂ ਚੁੱਕ ਲਓ।**
2. **ਬ੍ਰੇਕਾਂ ਨੂੰ ਦਬਾਓ ਜਾਂ ਪੰਪ ਕਰੋ।** ਐਂਟੀਲੌਕ ਬ੍ਰੇਕਾਂ ਤੇਜ਼ੀ ਨਾਲ ਗੱਡੀ ਨਾਲ ਹੌਲੀ ਕਰਨ ਲਈ ਪਹੀਆਂ ਦੇ ਘੁੰਮਣ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਨਗੀਆਂ। ਇਨ੍ਹਾਂ ਨਾਲ ਤੁਸੀਂ ਗੱਡੀ ਨੂੰ ਸਟੀਅਰ ਕਰਨਾ ਵੀ ਜਾਰੀ ਰੱਖ ਸਕੋਗੇ। ਜੇ ਤੁਹਾਡੀ ਗੱਡੀ ਵਿੱਚ ਐਂਟੀਲੌਕ ਬ੍ਰੇਕਾਂ ਨਹੀਂ ਹਨ, ਤਾਂ ਬ੍ਰੇਕ ਪੈਡਲ ਨੂੰ ਛੇਤੀ ਨਾਲ ਦਬਾਉਣ ਕਰਕੇ ਤੁਸੀਂ ਹੋਰ ਵੀ ਸਕਿਡ ਕਰ ਸਕਦੇ ਹੋ।

3. **ਉਸੇ ਦਿਸ਼ਾ ਵਿੱਚ ਸਟੀਅਰ ਕਰ ਰਹੇ ਹੋ ਜਿੱਧਰ ਤੁਹਾਡੀ ਗੱਡੀ ਚੱਲ ਰਹੀ ਹੈ।**
4. **ਆਪਣੇ ਸਟੀਅਰਿੰਗ ਨੂੰ ਸਹੀ ਕਰਨਾ ਜਾਰੀ ਰੱਖੋ।** ਵ੍ਹੀਲ ਨੂੰ ਉਦੋਂ ਤੱਕ ਸਮਾਯੋਜਿਤ ਕਰੋ ਜਦੋਂ ਤੱਕ ਤੁਹਾਡੇ ਟਾਇਰਾਂ ਨੇ ਪਕੜ ਵਾਪਸ ਹਾਸਲ ਨਾ ਕਰ ਲਈ ਹੋਵੇ ਅਤੇ ਉਸੇ ਦਿਸ਼ਾ ਵਿੱਚ ਨਾ ਚੱਲਣ ਲੱਗ ਜਾਣ ਜਿੱਧਰ ਤੁਸੀਂ ਸਟੀਅਰ ਕਰ ਰਹੇ ਹੋ।
5. **ਸਥਿਤੀ ਦਾ ਜਾਇਜ਼ਾ ਲਓ।** ਕੰਟਰੋਲ ਕਰਨ ਤੋਂ ਬਾਅਦ, ਸੜਕ ਦੀਆਂ ਸਥਿਤੀਆਂ ਬਾਰੇ ਵਿਚਾਰ ਕਰੋ ਅਤੇ ਲੋੜ ਅਨੁਸਾਰ ਆਪਣੇ ਡਰਾਈਵਿੰਗ ਵਿਵਹਾਰ ਵਿੱਚ ਫੇਰਬਦਲ ਕਰੋ।

## ਹਾਈਡ੍ਰੋਪਲੇਨਿੰਗ

ਹਾਈਡ੍ਰੋਪਲੇਨਿੰਗ ਉਦੋਂ ਹੁੰਦੀ ਹੈ ਜਦੋਂ ਤੁਹਾਡੇ ਟਾਇਰਾਂ ਅਤੇ ਸੜਕ ਦੀ ਸਤ੍ਹਾ ਵਿਚਕਾਰ ਪਾਣੀ ਜਮ੍ਹਾਂ ਹੋ ਜਾਂਦਾ ਹੈ। ਇਸ ਨਾਲ ਟਾਇਰਾਂ ਦੀ ਸੜਕ ਉੱਤੇ ਪਕੜ ਖਤਮ ਹੋ ਜਾਂਦੀ ਹੈ ਅਤੇ ਉਹ ਸਕਿਡ ਕਰਦੇ ਹਨ। ਅਜਿਹਾ ਮਹਿਸੂਸ ਹੋ ਸਕਦਾ ਹੈ ਕਿ ਗੱਡੀ ਤੈਰ ਰਹੀ ਜਾਂ ਸਲਾਈਡ ਕਰ ਰਹੀ ਹੈ, ਜਿਸ ਨਾਲ ਤੁਹਾਨੂੰ ਕੰਟਰੋਲ ਰੱਖਣਾ ਔਖਾ ਹੋ ਜਾਂਦਾ ਹੈ। ਹਾਈਡ੍ਰੋਪਲੇਨਿੰਗ ਤੋਂ ਬਚਣ ਦਾ ਸਭ ਤੋਂ ਵਧੀਆ ਤਰੀਕਾ ਹੈ ਜਦੋਂ ਸੜਕ ਗਿੱਲੀ ਹੋਵੇ ਤਾਂ ਗੱਡੀ ਦੀ ਸਪੀਡ ਨੂੰ ਹੌਲੀ ਕਰ ਲੈਣਾ।

ਜੇ ਤੁਸੀਂ ਹਾਈਡ੍ਰੋਪਲੇਨ ਕਰਦੇ ਹੋ, ਤਾਂ ਇਨ੍ਹਾਂ ਚੀਜ਼ਾਂ ਨੂੰ ਕਰਨਾ ਜ਼ਰੂਰੀ ਹੈ:

1. **ਆਪਣਾ ਪੈਰ ਐਕਸਲਰੇਟਰ ਤੋਂ ਚੁੱਕ ਲਓ।**
2. **ਹਲਕੇ ਜਿਹੇ ਬ੍ਰੇਕਾਂ ਨੂੰ ਦਬਾਓ।** ਐਂਟੀਲੌਕ ਬ੍ਰੇਕਾਂ ਗੱਡੀ ਨੂੰ ਸੜਕ ਨਾਲ ਦੁਬਾਰਾ ਸੰਪਰਕ ਬਣਾਉਣ ਵਿੱਚ ਮਦਦ ਕਰਨਗੀਆਂ। ਜੇ ਤੁਹਾਡੀ ਗੱਡੀ ਵਿੱਚ ਐਂਟੀਲੌਕ ਬ੍ਰੇਕਾਂ ਨਹੀਂ ਹਨ, ਤਾਂ ਬ੍ਰੇਕ ਪੈਡਲ ਨੂੰ ਜ਼ਬਰਦਸਤੀ ਦਬਾਉਣ ਨਾਲ ਤੁਸੀਂ ਜ਼ਿਆਦਾ ਹਾਈਡ੍ਰੋਪਲੇਨ ਕਰ ਸਕਦੇ ਹੋ।
3. **ਸਟੀਅਰਿੰਗ ਵ੍ਹੀਲ ਨੂੰ ਸਥਿਰ ਰੱਖੋ।** ਸਟੀਅਰਿੰਗ ਵ੍ਹੀਲ ਨੂੰ ਬਹੁਤਾ ਜ਼ਿਆਦਾ ਮੋੜਨ ਜਾਂ ਝਟਕਾ ਦੇਣ ਤੋਂ ਬਚੋ।
4. **ਇਹ ਦੇਖੋ ਕਿ ਤੁਸੀਂ ਕਿੱਥੇ ਜਾਣਾ ਚਾਹੁੰਦੇ ਹੋ।** ਆਪਣਾ ਧਿਆਨ ਸੜਕ 'ਤੇ ਟਿਕਾਈ ਰੱਖੋ ਅਤੇ ਆਪਣੇ ਟਾਇਰਾਂ ਦੇ ਮੁੜ ਪਕੜ ਹਾਸਲ ਕਰਨ ਦੀ ਉਡੀਕ ਕਰੋ।
5. **ਸਥਿਤੀ ਦਾ ਜਾਇਜ਼ਾ ਲਓ।** ਕੰਟਰੋਲ ਕਰਨ ਤੋਂ ਬਾਅਦ, ਸੜਕ ਦੀਆਂ ਸਥਿਤੀਆਂ ਬਾਰੇ ਵਿਚਾਰ ਕਰੋ ਅਤੇ ਲੋੜ ਅਨੁਸਾਰ ਆਪਣੇ ਡਰਾਈਵਿੰਗ ਵਿਵਹਾਰ ਵਿੱਚ ਫੇਰਬਦਲ ਕਰੋ।

## 5.7 | ਗੱਡੀ ਦੇ ਕੰਟ੍ਰੋਲ ਖਰਾਬ ਹੋਣਾ

ਜੇ ਤੁਹਾਨੂੰ ਸੜਕ 'ਤੇ ਗੱਡੀ ਸੰਬੰਧੀ ਕੋਈ ਦਿੱਕਤ ਆਉਂਦੀ ਹੈ, ਤਾਂ ਇਹ ਸੁਝਾਅ ਯਾਦ ਰੱਖੋ:

- ਹੋ ਸਕੇ ਤਾਂ ਆਪਣੀ ਗੱਡੀ ਨੂੰ ਸੜਕ ਤੋਂ ਹਟਾ ਲਓ ਅਤੇ ਟ੍ਰੈਫਿਕ ਤੋਂ ਦੂਰ ਕਰ ਲਓ।
- ਉੱਥੇ ਰੁਕੋ ਜਿੱਥੇ ਦੂਜੇ ਡਰਾਈਵਰਾਂ ਨੂੰ ਤੁਹਾਡੀ ਗੱਡੀ ਸਾਫ਼ ਦਿਖਾਈ ਦੇਵੇ, ਖਾਸ ਕਰਕੇ ਜੇ ਤੁਸੀਂ ਆਪਣੀ ਗੱਡੀ ਨੂੰ ਸੜਕ ਤੋਂ ਨਹੀਂ ਹਟਾ ਸਕਦੇ ਹੋ। ਕਿਸੇ ਪਹਾੜੀ ਦੇ ਉੱਪਰ ਜਾਂ ਮੋੜ ਦੇ ਆਲੇ-ਦੁਆਲੇ ਰੁਕਣ ਤੋਂ ਬਚੋ।
- ਗੱਡੀ ਦੇ ਐਮਰਜੈਂਸੀ ਫਲੈਸ਼ਰ ਅਤੇ ਹੈੱਡਲਾਈਟਾਂ ਚਾਲੂ ਕਰ ਲਓ।
- ਗੱਡੀ ਤੋਂ 200 ਤੋਂ 300 ਫੁੱਟ ਪਿੱਛੇ ਐਮਰਜੈਂਸੀ ਫਲੇਅਰ ਰੱਖ ਕੇ ਦੂਜੇ ਸੜਕ ਵਰਤਣ ਵਾਲਿਆਂ ਨੂੰ ਚੇਤਾਵਨੀ ਦਿਓ।
- ਕਿਸੇ ਸੁਰੱਖਿਅਤ ਥਾਂ 'ਤੇ ਖੜ੍ਹੇ ਹੋਵੋ, ਅਤੇ ਜੇ ਤੁਹਾਡੇ ਕੋਲ ਐਮਰਜੈਂਸੀ ਫਲੇਅਰ ਜਾਂ ਕੋਈ ਹੋਰ ਚੇਤਾਵਨੀ ਡਿਵਾਈਸ ਨਹੀਂ ਹੈ ਤਾਂ ਆਪਣੀ ਗੱਡੀ ਦੇ ਆਲੇ-ਦੁਆਲੇ ਦੇ ਟ੍ਰੈਫਿਕ ਨੂੰ ਹੱਥ ਹਿਲਾ ਕੇ ਇਸ਼ਾਰਾ ਕਰੋ।
- ਐਮਰਜੈਂਸੀ ਸਥਿਤੀ ਦਾ ਸਿਗਨਲ ਦੇਣ ਵਾਸਤੇ ਹੁੱਡ ਨੂੰ ਚੁੱਕ ਦਿਓ ਜਾਂ ਐਂਟੀਨਾ, ਸਾਈਡ ਮਿਰਰ, ਜਾਂ ਦਰਵਾਜ਼ੇ ਦੇ ਹੈਂਡਲ 'ਤੇ ਚਿੱਟਾ ਕੱਪੜਾ ਬੰਨ੍ਹ ਦਿਓ।

### ਟਾਇਰ

ਜੇ ਟਾਇਰ ਕੱਟ ਜਾਵੇ ਜਾਂ ਅਚਾਨਕ ਪੰਕਚਰ ਹੋ ਜਾਵੇ ਤਾਂ:

- ਸਟੀਅਰਿੰਗ ਵ੍ਹੀਲ ਨੂੰ ਮਜ਼ਬੂਤੀ ਨਾਲ ਫੜੋ ਅਤੇ ਗੱਡੀ ਨੂੰ ਸਿੱਧਾ ਚਲਾਉਂਦੇ ਰਹੋ।
- ਹੌਲੀ-ਹੌਲੀ ਸਪੀਡ ਘਟਾਓ। ਆਪਣਾ ਪੈਰ ਐਕਸਲਰੇਟਰ ਤੋਂ ਚੁੱਕ ਲਓ।
- ਬ੍ਰੇਕ ਨਾ ਲਗਾਓ। ਗੱਡੀ ਨੂੰ ਆਪਣੇ ਆਪ ਹੌਲੀ ਹੋਣ ਦਿਓ, ਜਾਂ ਲੋੜ ਪਵੇ ਤਾਂ ਹਲਕੇ ਜਿਹੇ ਬ੍ਰੇਕ ਲਗਾਓ।
- ਜੇ ਹੋ ਸਕੇ ਤਾਂ ਸੜਕ ਤੋਂ ਹਟਾ ਕੇ ਗੱਡੀ ਕਿਸੇ ਸੁਰੱਖਿਅਤ ਥਾਂ 'ਤੇ ਲਗਾਓ, ਅਤੇ ਐਮਰਜੈਂਸੀ ਫਲੈਸ਼ਰ ਚਾਲੂ ਕਰ ਦਿਓ। ਜੇ ਤੁਸੀਂ ਆਪਣਾ ਟਾਇਰ ਬਦਲਣ ਲਈ ਕਿਸੇ ਸੁਰੱਖਿਅਤ ਥਾਂ 'ਤੇ ਨਹੀਂ ਪਹੁੰਚ ਸਕਦੇ ਹੋ, ਤਾਂ ਆਪਣੀ ਗੱਡੀ ਦੀਆਂ ਖਤਰੇ ਦੀਆਂ ਚੇਤਾਵਨੀ ਵਾਲੀਆਂ ਲਾਈਟਾਂ ਨੂੰ ਚਾਲੂ ਕਰੋ, ਆਪਣੀ ਗੱਡੀ ਵਿੱਚ ਹੀ ਰਹੋ, ਅਤੇ ਮਦਦ ਲਈ ਕਾੱਲ ਕਰੋ।
- ਟਾਇਰ ਦੀ ਮੁਰੰਮਤ ਕਰਾਓ ਜਾਂ ਬਦਲਵਾਓ।

### ਪਾਵਰ

ਜੇ ਤੁਹਾਡੇ ਗੱਡੀ ਚਲਾਉਣ ਦੌਰਾਨ ਇੰਜਣ ਬੰਦ ਹੋ ਜਾਂਦਾ ਹੈ:

- ਸਟੀਅਰਿੰਗ ਵ੍ਹੀਲ 'ਤੇ ਮਜ਼ਬੂਤ ਪਕੜ ਬਣਾਈ ਰੱਖੋ। ਧਿਆਨ ਰੱਖੋ ਕਿ ਸਟੀਅਰਿੰਗ ਵ੍ਹੀਲ ਨੂੰ ਮੋੜਨਾ ਔਖਾ ਹੋ ਸਕਦਾ ਹੈ, ਪਰ ਤੁਸੀਂ ਇਸਨੂੰ ਮੋੜ ਸਕਦੇ ਹੋ।
- ਬਚਣ ਦਾ ਰਸਤਾ ਲੱਭੋ। ਜ਼ੋਰ ਨਾਲ ਬ੍ਰੇਕ ਨਾ ਲਗਾਓ। ਇਸਦੀ ਬਜਾਏ, ਪੈਡਲ 'ਤੇ ਸਥਿਰ ਦਬਾਅ ਪਾ ਕੇ ਬ੍ਰੇਕ ਲਗਾਓ, ਸਪੀਡ ਹੌਲੀ ਕਰੋ, ਅਤੇ ਫਿਰ ਗੱਡੀ ਨੂੰ ਸੜਕ ਤੋਂ ਦੂਰ ਲਿਜਾਓ।
- ਰੁਕੋ ਅਤੇ ਇੰਜਣ ਨੂੰ ਮੁੜ ਚਾਲੂ ਕਰਨ ਦੀ ਕੋਸ਼ਿਸ਼ ਕਰੋ। ਜੇ ਸਫਲਤਾ ਨਾ ਮਿਲੇ, ਤਾਂ ਹੁੱਡ ਨੂੰ ਚੁੱਕੋ ਅਤੇ ਆਪਣੀ ਗੱਡੀ ਦੀਆਂ ਖਤਰੇ ਦੀਆਂ ਚੇਤਾਵਨੀ ਵਾਲੀਆਂ ਲਾਈਟਾਂ ਚਾਲੂ ਕਰੋ। ਮਦਦ ਲਈ ਕਾੱਲ ਕਰੋ।

### ਹੈੱਡਲਾਈਟ

ਜੇ ਤੁਹਾਡੀ ਗੱਡੀ ਦੀਆਂ ਹੈੱਡਲਾਈਟਾਂ ਅਚਾਨਕ ਬੰਦ ਹੋ ਜਾਣ ਤਾਂ:

- ਆਪਣੀ ਗੱਡੀ ਦੀਆਂ ਖਤਰੇ ਦੀਆਂ ਚੇਤਾਵਨੀ ਵਾਲੀਆਂ ਲਾਈਟਾਂ, ਜਾਂ ਜੇ ਤੁਹਾਡੇ ਫੌਗ ਲਾਈਟਾਂ ਹਨ ਤਾਂ ਉਨ੍ਹਾਂ ਨੂੰ ਚਾਲੂ ਕਰੋ।
- ਜਿੰਨੀ ਛੇਤੀ ਹੋ ਸਕੇ ਸੜਕ ਤੋਂ ਪਰੇ ਹੋ ਜਾਓ।

### ਐਕਸਲਰੇਟਰ

ਜੇ ਗੱਡੀ ਲਗਾਤਾਰ ਤੇਜ਼ ਹੁੰਦੀ ਜਾ ਰਹੀ ਹੈ ਤਾਂ:

- ਆਪਣੀਆਂ ਅੱਖਾਂ ਸੜਕ 'ਤੇ ਰੱਖੋ।
- ਫੌਰਨ ਨਿਊਟ੍ਰਲ ਵਿੱਚ ਸ਼ਿਫਟ ਕਰ ਦਿਓ।
- ਜਦੋਂ ਅਜਿਹਾ ਕਰਨਾ ਸੁਰੱਖਿਅਤ ਹੋਵੇ ਤਾਂ ਸੜਕ ਤੋਂ ਹਟ ਜਾਓ।
- ਗੱਡੀ ਦਾ ਇੰਜਣ ਬੰਦ ਕਰ ਦਿਓ।

## 5.8 | ਜੋਖ਼ਮਾਂ ਸੰਬੰਧੀ ਸੂਚਨਾ ਦਾ ਲੈਣ-ਦੇਣ

ਜੋਖ਼ਮ ਹਰ ਪਾਸੇ ਹੈ: ਸ਼ਹਿਰੀ ਅਤੇ ਦੇਸ਼ ਦੀਆਂ ਕਮਿਊਨਿਟੀਆਂ ਵਿੱਚ, ਹਾਈਵੇਜ਼ 'ਤੇ, ਛੋਟੀਆਂ ਪੇਂਡੂ ਸੜਕਾਂ 'ਤੇ, ਪਾਰਕਿੰਗ ਸਥਾਨਾਂ ਅਤੇ ਡ੍ਰਾਈਵ-ਵੇਜ਼ ਵਿੱਚ। ਆਪਣੇ ਆਪ ਨੂੰ ਸਾਰੇ ਮੌਜੂਦਾ ਅਤੇ ਸੰਭਾਵੀ ਜੋਖ਼ਮਾਂ ਤੋਂ ਜਾਣੂ ਰੱਖੋ। ਕਈ ਵਾਰ ਅਜਿਹਾ ਹੋ ਸਕਦਾ ਹੈ ਤੁਹਾਨੂੰ ਦੂਜਿਆਂ ਨੂੰ ਇਹ ਦੱਸਣ ਦੀ ਲੋੜ ਪਵੇ ਕਿ ਜੋਖ਼ਮ ਮੌਜੂਦ ਹੈ। ਆਪਣੀ ਗੱਡੀ ਦੀਆਂ ਲਾਈਟਾਂ, ਹਾਰਨ ਅਤੇ ਹੱਥ ਦੇ ਇਸ਼ਾਰਿਆਂ ਦੀ ਸੋਚ-ਸਮਝ ਕੇ ਵਰਤੋਂ ਸਥਿਤੀ ਦੇ ਅਧਾਰ 'ਤੇ ਵੱਖ-ਵੱਖ ਹੋ ਸਕਦੀ ਹੈ —ਪਰ ਇਹ ਦੂਜੇ ਸੜਕ ਵਰਤਣ ਵਾਲਿਆਂ ਨਾਲ ਸੂਚਨਾ ਦਾ ਲੈਣ-ਦੇਣ ਕਰਨ ਦੇ ਅਸਰਦਾਰ ਤਰੀਕੇ ਹੋ ਸਕਦੇ ਹਨ।



## 5.9 | ਟੱਕਰਾਂ

ਆਖਰਕਾਰ ਸਾਰੇ ਡਰਾਈਵਰ ਆਪਣੇ ਆਪ ਨੂੰ ਕਿਸੇ ਐਮਰਜੈਂਸੀ ਸਥਿਤੀ ਵਿੱਚ ਪਾਉਂਦੇ ਹਨ। ਭਾਵੇਂ ਤੁਸੀਂ ਕਿੰਨੇ ਵੀ ਚੁਕੰਨੇ ਨਾ ਰਹੋ, ਅਜਿਹੀਆਂ ਸਥਿਤੀਆਂ ਹੁੰਦੀਆਂ ਹਨ ਜੋ ਤੁਹਾਡੇ ਲਈ ਸਮੱਸਿਆ ਖੜ੍ਹੀ ਕਰ ਸਕਦੀਆਂ ਹਨ। ਹਾਦਸਿਆਂ ਨੂੰ ਰੋਕਣਾ ਸਾਰੇ ਡਰਾਈਵਰਾਂ ਦੀ ਜ਼ਿੰਮੇਵਾਰੀ ਹੁੰਦੀ ਹੈ। ਕਈ ਵਾਰ ਇਸਦੇ ਲਈ ਤੁਹਾਨੂੰ ਬਚ ਨਿਕਲਣ ਵਾਲੇ ਦਾਅਪੇਚ ਵਰਤਣੇ ਪੈਣਗੇ, ਪਰ ਭੌਤਿਕ ਵਿਗਿਆਨ ਦੇ ਨਿਯਮਾਂ ਦੀ ਬੁਨਿਆਦੀ ਸਮਝ ਵੀ ਟੱਕਰ ਤੋਂ ਬਚਣ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ। ਭਾਵੇਂ ਤੁਸੀਂ ਕਿੰਨੀ ਹੀ ਵਧੀਆ ਗੱਡੀ ਚਲਾਉਂਦੇ ਹੋ, ਫਿਰ ਵੀ ਤੁਸੀਂ ਕਿਸੇ ਟੱਕਰ ਵਿੱਚ ਸ਼ਾਮਲ ਹੋ ਸਕਦੇ ਹੋ।

ਟੱਕਰਾਂ ਦੇ ਆਮ ਤੌਰ 'ਤੇ ਤਿੰਨ ਕਾਰਨ ਹੁੰਦੇ ਹਨ:

1. ਬਹੁਤੀ ਜ਼ਿਆਦਾ ਸਪੀਡ
2. ਬਹੁਤੀ ਥੋੜ੍ਹੀ ਥਾਂ
3. ਸਥਿਤੀ ਬਾਰੇ ਜਾਗਰੂਕਤਾ ਕਾਫ਼ੀ ਨਾ ਹੋਣਾ।

### ਗੱਡੀ ਦੀ ਟੱਕਰ ਹੋਣਾ

- ਗੱਡੀ ਭਜਾ ਕੇ ਨਾ ਲੈ ਜਾਓ। ਜੇ ਕੋਈ ਜ਼ਖ਼ਮੀ ਹੋ ਗਿਆ ਹੈ ਜਾਂ ਮਾਰਿਆ ਗਿਆ ਹੈ, ਤਾਂ 911 'ਤੇ ਕਾੱਲ ਕਰੋ। ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਸੂਚਨਾ ਦੇਣੀ ਜ਼ਰੂਰੀ ਹੁੰਦੀ ਹੈ।
- ਗੱਡੀ ਨੂੰ ਸੜਕ ਦੇ ਕਿਨਾਰੇ ਲਗਾ ਲਓ, ਪਰ ਜਿੰਨਾ ਹੋ ਸਕੇ ਟੱਕਰ ਵਾਲੀ ਥਾਂ ਦੇ ਨੇੜੇ।
- ਟ੍ਰੈਫਿਕ ਲੇਨਾਂ ਵਿੱਚ ਖੜ੍ਹੇ ਨਾ ਹੋਵੋ ਜਾਂ ਤੁਰੋ ਨਾ। ਤੁਹਾਨੂੰ ਕੋਈ ਹੋਰ ਗੱਡੀ ਟੱਕਰ ਮਾਰ ਸਕਦੀ ਹੈ।

- ਟੱਕਰ ਬਾਰੇ ਹੋਰਾਂ ਡਰਾਈਵਰਾਂ ਨੂੰ ਚੌਕਸ ਕਰਨ ਲਈ ਫਲੇਅਰਾਂ ਜਾਂ ਹੋਰ ਚੇਤਾਵਨੀ ਡਿਵਾਈਸਾਂ ਦੀ ਵਰਤੋਂ ਕਰੋ।
- ਟੱਕਰ ਵਿੱਚ ਸ਼ਾਮਲ ਗੱਡੀਆਂ ਨੂੰ ਬੰਦ ਕਰ ਦਿਓ।
- ਟੱਕਰ ਵਿੱਚ ਸ਼ਾਮਲ ਗੱਡੀਆਂ ਦੇ ਆਲੇ-ਦੁਆਲੇ ਤਮਾਕੂਨੋਸ਼ੀ ਨਾ ਕਰੋ। ਤੇਲ ਛਲਕਿਆ ਹੋ ਸਕਦਾ ਹੈ, ਅਤੇ ਅੱਗ ਲੱਗਣ ਦਾ ਅਸਲ ਖਤਰਾ ਹੁੰਦਾ ਹੈ।
- ਜੇ ਟੱਕਰ ਵਿੱਚ ਇੱਕ ਪਾਰਕ ਕੀਤੀ ਹੋਈ ਗੱਡੀ ਸ਼ਾਮਲ ਹੈ, ਤਾਂ ਤੁਹਾਨੂੰ ਉਸਦੇ ਮਾਲਕ ਨੂੰ ਲੱਭਣ ਦੀ ਕੋਸ਼ਿਸ਼ ਕਰਨੀ ਪਵੇਗੀ। ਜੇ ਤੁਸੀਂ ਅਜਿਹਾ ਨਹੀਂ ਕਰ ਸਕਦੇ ਹੋ, ਤਾਂ ਕਿਸੇ ਅਜਿਹੀ ਥਾਂ 'ਤੇ ਇੱਕ ਲਿਖਤੀ ਨੋਟ ਛੱਡੋ ਜਿੱਥੇ ਉਹ ਇਸਨੂੰ ਅਸਾਨੀ ਨਾਲ ਦੇਖ ਸਕੇ। ਟੱਕਰ ਹੋਣ ਦੀ ਤਾਰੀਖ਼ ਅਤੇ ਸਮੇਂ ਬਾਰੇ ਦੱਸੋ ਅਤੇ ਆਪਣੀ ਸੰਪਰਕ ਜਾਣਕਾਰੀ ਦਿਓ।

## ਦੁਰਘਟਨਾ ਦੀ ਰਿਪੋਰਟ ਕਰਨਾ

ਟੱਕਰ ਹੋਣ ਤੋਂ ਬਾਅਦ, ਉਹ ਜਾਣਕਾਰੀ ਇਕੱਠੀ ਕਰੋ ਜੋ ਘਟਨਾ ਦੀ ਰਿਪੋਰਟ ਦੇਣ ਵਿੱਚ ਤੁਹਾਡੀ ਮਦਦ ਕਰੇਗੀ।

- ਇਸ ਵਿੱਚ ਸ਼ਾਮਲ ਹੋਰਾਂ ਲੋਕਾਂ ਤੋਂ ਜਾਣਕਾਰੀ ਇਕੱਠੀ ਕਰੋ। ਤੁਹਾਨੂੰ ਆਪਣੀ ਜਾਣਕਾਰੀ ਵੀ ਸਾਂਝੀ ਕਰਨੀ ਚਾਹੀਦੀ ਹੈ। ਤੁਹਾਨੂੰ ਇਨ੍ਹਾਂ ਚੀਜ਼ਾਂ ਦਾ ਆਦਾਨ-ਪ੍ਰਦਾਨ ਕਰਨ ਦੀ ਲੋੜ ਹੋਵੇਗੀ।
  - ਨਾਮ, ਸੰਪਰਕ ਜਾਣਕਾਰੀ ਅਤੇ ਡਰਾਈਵਰ ਲਾਇਸੈਂਸ ਨੰਬਰ
  - ਬੀਮਾ ਕੰਪਨੀ ਅਤੇ ਪਾਲਿਸੀ ਨੰਬਰ
- ਗੱਡੀਆਂ ਨੂੰ ਹੋਏ ਕਿਸੇ ਵੀ ਨੁਕਸਾਨ ਦੀਆਂ ਤਸਵੀਰਾਂ ਲਓ ਜਾਂ ਵੀਡੀਓ ਬਣਾਓ।
- ਮੰਗੇ ਜਾਣ 'ਤੇ ਇਹ ਜਾਣਕਾਰੀ ਪੁਲਿਸ ਜਾਂ ਹੋਰ ਐਮਰਜੈਂਸੀ ਅਧਿਕਾਰੀਆਂ ਨੂੰ ਦਿਓ।
- ਜੇ ਕਾਨੂੰਨ ਲਾਗੂ ਕਰਨ ਵਾਲਾ ਅਧਿਕਾਰੀ ਤੁਹਾਡੇ ਲਈ ਟੱਕਰ ਦੀ ਰਿਪੋਰਟ ਦਾ ਫਾਰਮ (collision report form) ਨਹੀਂ ਭਰਦਾ ਹੈ, ਤਾਂ ਤੁਸੀਂ ਆਪ ਹਾਦਸੇ ਦੇ 4 ਦਿਨਾਂ ਦੇ ਅੰਦਰ ਇਸਨੂੰ ਦਾਇਰ ਕਰੋ। ਇਹ ਫਾਰਮ ਰਾਜ ਦੇ ਕਾਨੂੰਨ ਅਨੁਸਾਰ ਜ਼ਰੂਰੀ ਹੈ। dol.wa.gov 'ਤੇ ਜਾਓ ਅਤੇ **Collision Report Form (ਟੱਕਰ ਰਿਪੋਰਟ ਫਾਰਮ)** ਦੀ ਖੋਜ ਕਰੋ।

## ਸੱਟ ਦੀ ਰਿਪੋਰਟ ਕਰਨਾ

ਕਿਸੇ ਹਾਦਸੇ ਤੋਂ ਬਾਅਦ ਸੱਟਾਂ ਤਣਾਅ ਨੂੰ ਹੋਰ ਵੀ ਵਧਾ ਸਕਦੀਆਂ ਹਨ। ਸ਼ਾਂਤ ਰਹਿਣ ਦੀ ਪੂਰੀ ਕੋਸ਼ਿਸ਼ ਕਰੋ, ਆਪਣਾ ਮੁਲਾਂਕਣ ਕਰੋ, ਅਤੇ ਫਿਰ ਦੂਜਿਆਂ ਦੀ ਮਦਦ ਕਰੋ।

- 911 'ਤੇ ਕਾੱਲ ਕਰੋ।
- ਜ਼ਖਮੀ ਲੋਕਾਂ ਨੂੰ ਉਦੋਂ ਤੱਕ ਨਾ ਹਿਲਾਓ ਜਦੋਂ ਤੱਕ ਕਿ ਉਹ ਕਿਸੇ ਸੜ ਰਹੀ ਗੱਡੀ ਵਿੱਚ ਨਾ ਹੋਣ ਜਾਂ ਓਦਾਂ ਕਿਸੇ ਫੌਰੀ ਖਤਰੇ ਵਿੱਚ ਨਾ ਹੋਣ।

- ਅਜਿਹੇ ਕਿਸੇ ਵੀ ਵਿਅਕਤੀ ਦੀ ਮਦਦ ਕਰੋ ਜੋ ਪਹਿਲਾਂ ਹੀ ਤੁਰ-ਫਿਰ ਅਤੇ ਬੋਲ ਨਹੀਂ ਸਕਦਾ ਹੈ। ਉਸਦੇ ਸਾਹ ਲੈਣ ਦੀ ਜਾਂਚ ਕਰੋ, ਅਤੇ ਫਿਰ ਦੇਖੋ ਕਿ ਖੂਨ ਤਾਂ ਨਹੀਂ ਵੱਗ ਰਿਹਾ।
- ਜੇ ਤੁਹਾਨੂੰ ਖੂਨ ਵਗਦਾ ਦਿਖਾਈ ਦੇਵੇ ਤਾਂ ਇਨ੍ਹਾਂ ਕਦਮਾਂ ਦੀ ਪਾਲਣਾ ਕਰੋ:
    - ਹੱਥਾਂ ਨਾਲ ਦਬਾਅ ਪਾਓ।
    - ਪੱਟੀ/ਡ੍ਰੈਸਿੰਗ ਬੰਨ੍ਹੋ।
    - ਟਰਨਿਕੇਟ ਲਗਾਓ।
- ਜ਼ਖਮੀ ਲੋਕਾਂ ਨੂੰ ਪੀਣ ਲਈ ਕੁਝ ਨਾ ਦਿਓ — ਪਾਣੀ ਵੀ ਨਹੀਂ।
- ਜ਼ਖਮੀ ਲੋਕਾਂ ਨੂੰ ਨਿੱਘਾ ਰੱਖਣ ਅਤੇ ਸਦਮੇ ਵਿੱਚ ਜਾਣ ਤੋਂ ਬਚਾਉਣ ਲਈ ਕੰਬਲ ਜਾਂ ਕੋਟ ਨਾਲ ਢੱਕ ਦਿਓ।

## 911 'ਤੇ ਕੱਾਲ ਕਰਨਾ

ਕਾਰ ਹਾਦਸੇ ਦੀ ਸਥਿਤੀ ਵਿੱਚ ਐਮਰਜੈਂਸੀ ਮਦਦ ਪ੍ਰਾਪਤ ਕਰਨ ਲਈ 911 'ਤੇ ਕੱਾਲ ਕਰਨਾ ਮਹੱਤਵਪੂਰਨ ਹੈ। ਅਜਿਹਾ ਕਰਨਾ ਯਾਦ ਰੱਖੋ:

1. **ਸ਼ਾਂਤ ਰਹੋ।** ਸ਼ਾਂਤ ਅਤੇ ਅਡੋਲ ਰਹਿਣ ਦੀ ਕੋਸ਼ਿਸ਼ ਕਰੋ। ਇਸ ਨਾਲ ਤੁਹਾਨੂੰ ਡਿਸਪੈਚਰ ਨੂੰ ਸਪਸ਼ਟ ਅਤੇ ਸਹੀ ਜਾਣਕਾਰੀ ਦੇਣ ਵਿੱਚ ਮਦਦ ਮਿਲੇਗੀ।
2. **ਸਥਿਤੀ ਦਾ ਜਾਇਜ਼ਾ ਲਓ।** ਛੇਤੀ ਨਾਲ ਜਾਇਜ਼ਾ ਲਓ ਕਿ ਹਾਦਸਾ ਕਿੰਨਾ ਕੁ ਗੰਭੀਰ ਹੈ ਅਤੇ ਕੀ ਤੁਹਾਨੂੰ ਜਾਂ ਹੋਰਾਂ ਨੂੰ ਕੋਈ ਸੱਟਾਂ ਲੱਗੀਆਂ ਹਨ।

911 ਡਿਸਪੈਚਰ ਨਾਲ ਗੱਲ ਕਰਦੇ ਸਮੇਂ, ਤੁਹਾਨੂੰ:

1. **ਲੋਕੇਸ਼ਨ ਦੱਸਣੀ ਚਾਹੀਦੀ ਹੈ।** ਸਪਸ਼ਟ ਰੂਪ ਵਿੱਚ ਡਿਸਪੈਚਰ ਨੂੰ ਆਪਣੀ ਲੋਕੇਸ਼ਨ ਦੱਸੋ, ਜਿਸ ਵਿੱਚ ਨਜ਼ਦੀਕੀ ਮਹੱਤਵਪੂਰਨ ਸਥਾਨ ਜਾਂ ਮੀਲ ਮਾਰਕਰ ਸ਼ਾਮਲ ਹੋਣ। ਜੇ ਤੁਹਾਨੂੰ ਆਪਣੀ ਲੋਕੇਸ਼ਨ ਬਾਰੇ ਪੱਕੀ ਤਰ੍ਹਾਂ ਨਹੀਂ ਪਤਾ ਹੈ, ਤਾਂ ਜਿੰਨਾ ਹੋ ਸਕੇ ਵੱਧ ਤੋਂ ਵੱਧ ਵੇਰਵਾ ਦੇਣ ਦੀ ਕੋਸ਼ਿਸ਼ ਕਰੋ ਤਾਂ ਜੋ ਐਮਰਜੈਂਸੀ ਰਿਸਪੌਂਡਰਾਂ ਨੂੰ ਤੁਹਾਨੂੰ ਲੱਭਣ ਵਿੱਚ ਮਦਦ ਮਿਲ ਸਕੇ।
2. **ਸਥਿਤੀ ਦਾ ਬਿਆਨ ਕਰੋ।** ਹਾਦਸੇ ਦਾ ਸੰਖੇਪ ਜਿਹਾ ਵਰਣਨ ਕਰੋ, ਜਿਸ ਵਿੱਚ ਸ਼ਾਮਲ ਗੱਡੀਆਂ ਦੀ ਗਿਣਤੀ, ਨੁਕਸਾਨ ਅਤੇ ਸੱਟਾਂ ਬਾਰੇ ਜਾਣਕਾਰੀ ਸ਼ਾਮਲ ਹੋਵੇ।
3. **ਡਿਸਪੈਚਰ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ।** ਡਿਸਪੈਚਰ ਤੁਹਾਨੂੰ ਸਥਿਤੀ ਦਾ ਮੁਲਾਂਕਣ ਕਰਨ ਲਈ ਸਵਾਲ ਪੁੱਛ ਸਕਦਾ/ਦੀ ਹੈ ਅਤੇ ਹਿਦਾਇਤਾਂ ਦੇ ਸਕਦਾ/ਦੀ ਹੈ।

4. **ਵੇਰਵੇ ਮੁਹੱਈਆ ਕਰੋ।** ਲੋੜ ਪੈਣ 'ਤੇ ਹੋਰ ਵੇਰਵੇ ਦੇਣ ਲਈ ਤਿਆਰ ਰਹੋ। ਇਨ੍ਹਾਂ ਵੇਰਵਿਆਂ ਵਿੱਚ ਗੱਡੀਆਂ ਦੀ ਕਿਸਮ, ਲਾਇਸੈਂਸ ਪਲੇਟ ਨੰਬਰ, ਅਤੇ ਕੋਈ ਵੀ ਖਤਰੇ ਸ਼ਾਮਲ ਹੋ ਸਕਦੇ ਹਨ।
5. **ਫ਼ੋਨ 'ਤੇ ਰਹੋ।** ਜਦ ਤੱਕ ਮਦਦ ਨਹੀਂ ਪਹੁੰਚਦੀ ਉਦੋਂ ਤੱਕ ਡਿਸਪੈਚਰ ਨਾਲ ਫ਼ੋਨ 'ਤੇ ਰਹੋ।

## ਬਿਜਲੀ ਦੀਆਂ ਤਾਰਾਂ ਨਾਲ ਸਾਹਮਣਾ ਹੋਣਾ

**ਜੇ ਕੋਈ ਬਿਜਲੀ ਦੀ ਤਾਰ ਤੁਹਾਡੀ ਗੱਡੀ ਦੇ ਸੰਪਰਕ ਵਿੱਚ ਆ ਜਾਂਦੀ ਹੈ, ਤਾਂ ਗੱਡੀ ਤੋਂ ਬਾਹਰ ਨਾ ਨਿਕਲੋ।**

ਜੇ ਟੱਕਰ ਬਿਜਲੀ ਦੀਆਂ ਤਾਰਾਂ ਨਾਲ ਸੰਬੰਧਿਤ ਹੈ, ਤਾਂ ਤੁਹਾਨੂੰ ਖਾਸ ਸਾਵਧਾਨੀਆਂ ਵਰਤਣੀਆਂ ਪੈਣਗੀਆਂ। ਆਪਣਾ ਇੰਜਣ ਬੰਦ ਕਰ ਦਿਓ, 911 'ਤੇ ਕੱਲ ਕਰੋ, ਅਤੇ ਐਮਰਜੈਂਸੀ ਰਿਸਪੌਂਡਰਾਂ ਦੇ ਪਹੁੰਚਣ ਤੱਕ ਆਪਣੀ ਗੱਡੀ ਵਿੱਚ ਹੀ ਰਹੋ। ਕੀ ਪਤਾ ਬਿਜਲੀ ਦੀ ਕਿਸੇ ਤਾਰ ਵਿੱਚ ਕਦੋਂ ਤੇ ਕਿਵੇਂ ਕਰੰਟ ਆ ਜਾਵੇ, ਪਰ ਇਹ ਮੰਨ ਲਓ ਕਿ ਇਨ੍ਹਾਂ ਸਾਰਿਆਂ ਵਿੱਚ ਬਿਜਲੀ ਹੈ।

ਜੇ ਤੁਸੀਂ ਗਲਤੀ ਨਾਲ ਬਿਜਲੀ ਦੀ ਲਾਈਨ ਉੱਤੋਂ ਗੱਡੀ ਚਲਾ ਦਿੰਦੇ ਹੋ, ਤਾਂ ਉਸੇ ਵੇਲੇ ਰੁਕ ਜਾਓ। ਅੱਗੇ ਵਧਣ ਜਾਂ ਰਿਵਰਸ ਕਰਨ ਨਾਲ ਤੁਹਾਨੂੰ ਕਰੰਟ ਲੱਗਣ ਦਾ ਜੋਖ਼ਮ ਹੋ ਸਕਦਾ ਹੈ। 911 'ਤੇ ਕੱਲ ਕਰੋ ਅਤੇ ਆਪਣੀ ਗੱਡੀ ਦੇ ਅੰਦਰ ਹੀ ਰਹੋ ਜਦੋਂ ਤੱਕ ਤੁਹਾਨੂੰ ਇਹ ਨਾ ਦੱਸਿਆ ਜਾਵੇ ਕਿ ਬਾਹਰ ਨਿਕਲਣਾ ਸੁਰੱਖਿਅਤ ਹੈ।

ਜੇ ਬਿਜਲੀ ਦੀਆਂ ਤਾਰਾਂ ਤੁਹਾਡੀ ਗੱਡੀ ਉੱਤੇ ਡਿੱਗ ਜਾਂਦੀਆਂ ਹਨ, ਜਾਂ ਤੁਸੀਂ ਕਿਸੇ ਟ੍ਰਾਂਸਫਾਰਮਰ ਬਕਸੇ ਨਾਲ ਟਕਰਾ ਜਾਂਦੇ ਹੋ ਤਾਂ ਆਪਣੀ ਗੱਡੀ ਵਿੱਚ ਹੀ ਰਹੋ ਅਤੇ 911 'ਤੇ ਕੱਲ ਕਰੋ। ਤੁਹਾਡੀ ਗੱਡੀ ਹੇਠਾਂ ਜ਼ਮੀਨ ਵਿੱਚ ਵੀ ਕਰੰਟ ਹੋ ਸਕਦਾ ਹੈ। ਜਦੋਂ ਵੀ ਸੰਭਵ ਹੋਵੇ, ਲੋਕਾਂ ਨੂੰ ਘੱਟੋ-ਘੱਟ 35 ਫੁੱਟ ਦੂਰ ਰਹਿਣ ਲਈ ਪ੍ਰੇਰਿਤ ਕਰੋ।

ਜੇ ਤੁਹਾਡੀ ਗੱਡੀ ਬਿਜਲੀ ਦੀਆਂ ਤਾਰਾਂ ਦੇ ਸੰਪਰਕ ਵਿੱਚ ਆ ਜਾਂਦੀ ਹੈ ਅਤੇ ਅੱਗ ਲੱਗ ਜਾਂਦੀ ਹੈ ਤਾਂ ਤੁਸੀਂ ਗੱਡੀ ਨੂੰ ਖਾਲੀ ਕਰਨਾ ਚਾਹੋਗੇ। ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਗੱਡੀ ਤੋਂ ਛਾਲ ਮਾਰ ਕੇ ਨਿਕਲ ਜਾਓ। ਆਪਣਾ ਦਰਵਾਜ਼ਾ ਖੋਲ੍ਹੋ, ਅਤੇ ਦਰਵਾਜ਼ੇ ਦੇ ਕਿਨਾਰੇ 'ਤੇ ਬੈਠ ਜਾਓ। ਆਪਣੀਆਂ ਬਾਂਹਵਾਂ ਨੂੰ ਆਪਣੀਆਂ ਸਾਈਡਾਂ 'ਤੇ ਰੱਖਦੇ ਹੋਏ, ਗੱਡੀ ਤੋਂ ਛਾਲ ਮਾਰ ਦਿਓ। ਧਿਆਨ ਰੱਖੋ ਕਿ ਗੱਡੀ ਨੂੰ ਨਾ ਛੂਹੋ। ਇਹ ਯਕੀਨੀ ਬਣਾਓ ਕਿ ਦੋਵੇਂ ਪੈਰ ਜ਼ਮੀਨ 'ਤੇ ਇਕੱਠੇ ਹੋਣ। ਬਿਜਲੀ ਦੇ ਝਟਕੇ ਤੋਂ ਬਚਣ ਵਾਸਤੇ, ਸੁਰੱਖਿਆ ਲਈ 35 ਫੁੱਟ ਦੂਰ ਖਿਸਕ ਜਾਓ। ਉਦੋਂ ਤੱਕ ਕੋਈ ਵੀ ਸਮਾਨ ਲੈਣ ਲਈ ਗੱਡੀ ਦੇ ਅੰਦਰ ਵਾਪਸ ਨਾ ਜਾਓ ਜਦੋਂ ਤੱਕ ਇਹ ਨਾ ਦੱਸਿਆ ਜਾਵੇ ਕਿ ਅਜਿਹਾ ਕਰਨਾ ਸੁਰੱਖਿਅਤ ਹੈ।

## ਕਿਸੇ ਟੱਕਰ ਦੇ ਗਵਾਹ ਹੋਣਾ

- ਐਮਰਜੈਂਸੀ ਰਿਸਪੌਂਡਰਾਂ ਲਈ ਰੁਕਾਵਟ ਨਾ ਪਾਓ।
- ਪੁਲਿਸ, ਫ਼ਾਇਰਫ਼ਾਈਟਰਾਂ, ਅਤੇ ਮੌਕੇ ਵਾਲੀ ਥਾਂ 'ਤੇ ਟ੍ਰੈਫਿਕ ਨੂੰ ਸੇਧ ਦੇਣ ਲਈ ਅਧਿਕਾਰਤ ਹੋਰ ਵਿਅਕਤੀਆਂ ਦੁਆਰਾ ਦਿੱਤੀਆਂ ਗਈਆਂ ਹਿਦਾਇਤਾਂ ਦੀ ਪਾਲਣਾ ਕਰੋ।
- ਕੋਲੋਂ ਲੰਘਣ ਵੇਲੇ ਆਪਣੀ ਡਰਾਈਵਿੰਗ 'ਤੇ ਧਿਆਨ ਕੇਂਦਰਿਤ ਰੱਖੋ ਤਾਂ ਜੋ ਐਮਰਜੈਂਸੀ ਰਿਸਪੌਂਡਰ ਅਤੇ ਟੱਕਰ ਵਾਲੀ ਥਾਂ 'ਤੇ ਸ਼ਾਮਲ ਲੋਕਾਂ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਘਟਨਾ ਦੀ ਥਾਂ ਨੂੰ ਦੇਖਣ ਲਈ ਗੱਡੀ ਨੂੰ ਹੌਲੀ ਕਰਨ ਨਾਲ ਟ੍ਰੈਫਿਕ ਜਾਮ ਹੋ ਜਾਂਦਾ ਹੈ।

## ਐਮਰਜੈਂਸ ਕਿੱਟ

ਆਪਣੀ ਗੱਡੀ ਵਿੱਚ ਇੱਕ ਐਮਰਜੈਂਸੀ ਕਿੱਟ ਰੱਖਣਾ ਇੱਕ ਚੰਗਾ ਵਿਚਾਰ ਹੈ। ਇਹ ਕੁਝ ਚੀਜ਼ਾਂ ਹਨ ਜੋ ਤੁਸੀਂ ਸ਼ਾਇਦ ਕਿਸੇ ਐਮਰਜੈਂਸੀ ਵਿੱਚ ਰੱਖਣਾ ਚਾਹ ਸਕਦੇ ਹੋ:

- ☐ **ਫਰਸਟ ਏਡ ਕਿੱਟ**
- ☐ **ਫਲੈਸ਼ਲਾਈਟ**
- ☐ **ਕੰਬਲ**
- ☐ **ਪਾਣੀ**
- ☐ **ਜੰਪਰ ਕੇਬਲਾਂ**
- ☐ **ਟੂਲ ਕਿੱਟ ਜਾਂ ਮਲਟੀਪਰਪਸ ਯੂਟਿਲਿਟੀ ਔਜ਼ਾਰ**
- ☐ **ਬੈਕਅੱਪ ਫੋਨ ਚਾਰਜਰ ਜਾਂ ਪਾਵਰ ਸਰੋਤ**
- ☐ **ਵਾਧੂ ਟਾਇਰ, ਵ੍ਹੀਲ ਰੈਂਚ, ਜੈਕ**
- ☐ **ਰਿਫਲੈਕਟਿਵ ਤਿਕੋਣ ਜਾਂ ਫਲੇਅਰ**

ਮਹੱਤਵਪੂਰਨ ਨੰਬਰਾਂ (ਪਰਿਵਾਰ ਦੇ ਮੈਂਬਰ, ਬੀਮਾ ਪ੍ਰਦਾਤਾ) ਦੀ ਕਾਗਜ਼ੀ ਕਾਪੀ ਰੱਖਣਾ ਇੱਕ ਚੰਗਾ ਵਿਚਾਰ ਹੈ। ਜੇ ਤੁਹਾਡੇ ਫ਼ੋਨ ਦੀ ਬੈਟਰੀ ਖਤਮ ਹੋ ਜਾਂਦੀ ਹੈ ਅਤੇ ਤੁਹਾਨੂੰ ਕਿਸੇ ਹੋਰ ਫ਼ੋਨ ਤੋਂ ਕਾੱਲ ਕਰਨ ਦੀ ਲੋੜ ਪੈਂਦੀ ਹੈ, ਤਾਂ ਕਾਗਜ਼ੀ ਕਾਪੀ ਨਾਲ ਮਦਦ ਮਿਲੇਗੀ।

## 5.10 | ਕਾਨੂੰਨ ਲਾਗੂ ਕਰਨਾ

Washington ਦੀਆਂ ਸੜਕਾਂ ਦਾ ਪ੍ਰਬੰਧਨ ਪੁਲਿਸ ਅਤੇ ਰਾਜ ਦੀਆਂ ਏਜੰਸੀਆਂ ਦੁਆਰਾ ਕੀਤਾ ਜਾਂਦਾ ਹੈ। ਆਪਣੀ ਪੂਰੀ ਯਾਤਰਾ ਦੇ ਦੌਰਾਨ, ਤੁਹਾਨੂੰ ਰਾਜ, ਕਾਉਂਟੀ, ਜਾਂ ਸਥਾਨਕ ਕਾਨੂੰਨ ਲਾਗੂ ਕਰਨ ਵਾਲਿਆਂ ਦੇ ਨਾਲ-ਨਾਲ ਐਮਰਜੈਂਸੀ ਰਿਸਪੌਂਡਰਾਂ ਦਾ ਸਾਮ੍ਹਣਾ ਕਰਨਾ ਪੈ ਸਕਦਾ ਹੈ।




### ਰੋਕੇ ਜਾਣਾ

ਡਰਾਈਵਰਾਂ ਨੂੰ ਰੋਕਣ ਦੀ ਕੋਸ਼ਿਸ਼ ਕਰਨ ਵਾਲੀਆਂ ਪੁਲਿਸ ਦੀਆਂ ਗੱਡੀਆਂ ਫਲੈਸ਼ ਕਰਦੀਆਂ ਲਾਈਟਾਂ ਅਤੇ/ ਜਾਂ ਸਾਇਰਨ ਵਜਾ ਕੇ ਅਜਿਹਾ ਕਰਨਗੀਆਂ। ਜੇ ਕੋਈ ਕਾਨੂੰਨ ਲਾਗੂ ਕਰਨ ਵਾਲਾ ਅਧਿਕਾਰੀ ਤੁਹਾਨੂੰ ਰੋਕਦਾ ਹੈ, ਤਾਂ ਇਹ ਕਰਨਾ ਯਾਦ ਰੱਖੋ:



1. ਆਪਣੇ ਮੁੜਨ ਦੇ ਸਿਗਨਲ ਦੀ ਵਰਤੋਂ ਕਰੋ ਅਤੇ ਜਦੋਂ ਹੀ ਸੁਰੱਖਿਅਤ ਹੋਵੇ ਗੱਡੀ ਨੂੰ ਸੜਕ ਦੇ ਸੱਜੇ ਪਾਸੇ ਲਗਾ ਲਓ।



2. ਇੰਜਣ ਬੰਦ ਕਰੋ ਅਤੇ ਰੇਡੀਓ ਵਰਗੇ ਕੋਈ ਵੀ ਆਡੀਓ ਡਿਵਾਈਸ ਵੀ ਬੰਦ ਕਰ ਦਿਓ।



3. ਜਦੋਂ ਤੱਕ ਪੁਲਿਸ ਅਧਿਕਾਰੀ ਤੁਹਾਨੂੰ ਬਾਹਰ ਨਿਕਲਣ ਲਈ ਨਾ ਕਹੇ, ਉਦੋਂ ਤੱਕ ਗੱਡੀ ਵਿੱਚ ਹੀ ਰਹੋ।



4. ਜੇ ਤੁਹਾਨੂੰ ਰਾਤ ਨੂੰ ਰੋਕਿਆ ਜਾਂਦਾ ਹੈ ਤਾਂ ਆਪਣੀ ਗੱਡੀ ਦੇ ਅੰਦਰ ਦੀਆਂ ਲਾਈਟਾਂ ਚਾਲੂ ਕਰੋ। ਪੁਲਿਸ ਅਧਿਕਾਰੀ ਜ਼ਿਆਦਾ ਸਾਫ਼ ਦਿਖਾਈ ਦੇਣ ਲਈ ਸਪੌਟਲਾਈਟ ਦੀ ਵਰਤੋਂ ਕਰ ਸਕਦੇ ਹਨ।



5. ਆਪਣੇ ਹੱਥ ਸਟੀਅਰਿੰਗ ਵ੍ਹੀਲ 'ਤੇ ਰੱਖੋ।



6. ਪੁਲਿਸ ਅਧਿਕਾਰੀ ਦੁਆਰਾ ਤੁਹਾਨੂੰ ਜਾਂ ਤੁਹਾਡੇ ਯਾਤਰੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਾਰੀਆਂ ਹਿਦਾਇਤਾਂ ਦੀ ਪਾਲਣਾ ਕਰੋ।

**ਪੁਲਿਸ ਅਧਿਕਾਰੀ ਗੱਡੀ ਦੇ ਕਿਸੇ ਵੀ ਪਾਸਿਓਂ ਆ ਸਕਦਾ/ਦੀ ਹੈ। ਜਦੋਂ ਉਹ ਗੱਡੀ ਦੇ ਨੇੜੇ ਆਉਂਦਾ ਹੈ, ਤਾਂ ਇਹ ਕਰਨਾ ਯਾਦ ਰੱਖੋ:**

1. ਜਿਸ ਪਾਸਿਓਂ ਉਹ ਆਉਂਦਾ ਹੈ, ਉੱਧਰੋਂ ਖਿੜਕੀ ਦੇ ਸ਼ੀਸ਼ੇ ਨੂੰ ਹੇਠਾਂ ਕਰੋ ਤਾਂ ਜੋ ਤੁਸੀਂ ਅਤੇ ਪੁਲਿਸ ਅਧਿਕਾਰੀ ਗੱਲਬਾਤ ਕਰ ਸਕੋ।
2. ਜੇ ਤੁਹਾਡੇ ਕੋਲ ਗੱਡੀ ਵਿੱਚ ਕੋਈ ਹਥਿਆਰ ਹੈ ਤਾਂ ਤੁਰੰਤ ਉਸਨੂੰ ਦੱਸੋ।
3. ਆਪਣੇ ਡਰਾਈਵਿੰਗ ਲਾਇਸੈਂਸ ਜਾਂ ਗੱਡੀ ਦੇ ਦਸਤਾਵੇਜ਼ ਕੱਢਣ ਤੋਂ ਪਹਿਲਾਂ ਪੁਲਿਸ ਅਧਿਕਾਰੀ ਦੇ ਨਿਰਦੇਸ਼ਾਂ ਦੀ ਉਡੀਕ ਕਰੋ।

**ਜੇ ਤੁਹਾਨੂੰ ਰੋਕਿਆ ਜਾਂਦਾ ਹੈ, ਤਾਂ ਪੁਲਿਸ ਅਧਿਕਾਰੀ ਆਮ ਤੌਰ 'ਤੇ:**

- ਤੁਹਾਨੂੰ ਦੱਸੇਗਾ ਕਿ ਤੁਹਾਨੂੰ ਕਿਉਂ ਰੋਕਿਆ ਗਿਆ ਸੀ।
- ਤੁਹਾਡੇ ਤੋਂ ਇਹ ਚੀਜ਼ਾਂ ਮੰਗੇਗਾ:
  - ਡਰਾਈਵਰ ਲਾਇਸੈਂਸ (Driver License)
  - ਬੀਮੇ ਦਾ ਸਬੂਤ (Proof of Insurance)
  - ਗੱਡੀ ਦੀ ਰਜਿਸਟ੍ਰੇਸ਼ਨ (Vehicle Registration)

**ਇਹ ਦਸਤਾਵੇਜ਼ ਕੱਢਣ ਤੋਂ ਪਹਿਲਾਂ ਪੁਲਿਸ ਅਧਿਕਾਰੀ ਨੂੰ ਦੱਸੋ ਕਿ ਇਹ ਕਿੱਥੇ ਹਨ।**

- ਤੁਹਾਨੂੰ ਇਹ ਦੱਸੇਗਾ ਕਿ ਉਹ ਕੀ ਕਾਰਵਾਈ ਕਰ ਰਹੇ ਹਨ (ਚੇਤਾਵਨੀ ਜਾਂ ਟਿਕਟ ਜਾਰੀ ਕਰਨਾ, ਜਾਂ ਗਿਰਫ਼ਤਾਰ ਕਰਨਾ)। ਜੇ ਪੁਲਿਸ ਅਧਿਕਾਰੀ ਉਸ ਦੁਆਰਾ ਕੀਤੀ ਜਾ ਰਹੀ ਕਾਰਵਾਈ ਬਾਰੇ ਖੁਲਾਸਾ ਨਹੀਂ ਕਰਦਾ ਹੈ, ਤਾਂ ਤੁਸੀਂ ਇਸਦੇ ਲਈ ਕਹਿ ਸਕਦੇ ਹੋ।

ਤੁਹਾਨੂੰ ਪੁਲਿਸ ਅਧਿਕਾਰੀ ਨੂੰ ਸਤਿਕਾਰ ਨਾਲ ਸਵਾਲ ਪੁੱਛਣ ਦੀ ਇਜਾਜ਼ਤ ਹੈ। ਜੇ ਤੁਸੀਂ ਪੁਲਿਸ ਅਧਿਕਾਰੀ ਦੇ ਫੈਸਲੇ ਜਾਂ ਕਾਰਵਾਈ ਨਾਲ ਸਹਿਮਤ ਨਹੀਂ ਹੋ, ਤਾਂ ਉਸ ਨਾਲ ਬਹਿਸ ਕਰਕੇ ਗੱਲਬਾਤ ਨੂੰ ਲੰਬਾ ਨਾ ਕਰੋ। ਤੁਸੀਂ ਅਦਾਲਤ ਵਿੱਚ ਇਸ ਫੈਸਲੇ ਨੂੰ ਚੁਣੌਤੀ ਦੇਣਾ ਚਾਹ ਸਕਦੇ ਹੋ।

ਜੇ ਤੁਹਾਨੂੰ ਲੱਗਦਾ ਹੈ ਕਿ ਪੁਲਿਸ ਅਧਿਕਾਰੀ ਨੇ ਅਣਉਚਿਤ ਤਰੀਕੇ ਨਾਲ ਕਾਰਵਾਈ ਕੀਤੀ ਹੈ ਜਾਂ ਉਸਦੇ ਆਚਰਣ ਸੰਬੰਧੀ ਤੁਹਾਡੇ ਕੋਈ ਸਵਾਲ ਹਨ, ਤਾਂ ਤੁਸੀਂ ਪੁਲਿਸ ਅਧਿਕਾਰੀ ਦੀ ਏਜੰਸੀ ਨੂੰ ਕਾੱਲ ਕਰ ਸਕਦੇ ਹੋ ਜਾਂ ਸੰਪਰਕ ਕਰ ਸਕਦੇ ਹੋ ਅਤੇ ਸੁਪਰਵਾਈਜ਼ਰ ਨਾਲ ਗੱਲ ਕਰਨ ਦੀ ਬੇਨਤੀ ਕਰ ਸਕਦੇ ਹੋ। ਗੱਡੀ ਰੋਕੇ ਜਾਣ ਤੋਂ ਬਾਅਦ ਜਿੰਨੀ ਛੇਤੀ ਹੋ ਸਕੇ ਅਜਿਹਾ ਕਰਨਾ ਸਭ ਤੋਂ ਵਧੀਆ ਰਹਿੰਦਾ ਹੈ।

## ਟਿਕਟ ਮਿਲਣਾ

ਜੇ ਤੁਹਾਨੂੰ ਟਿਕਟ ਮਿਲ ਜਾਂਦੀ ਹੈ, ਤਾਂ ਤੁਹਾਨੂੰ ਇਸ 'ਤੇ ਦਸਤਖ਼ਤ ਕਰਨੇ ਪੈਣਗੇ। ਤੁਹਾਡੀ ਮਨਜ਼ੂਰੀ ਅਤੇ ਦਸਤਖ਼ਤ ਕਰਨ ਦਾ ਮਤਲਬ ਦੋਸ਼ ਕਬੂਲ ਕਰਨਾ ਨਹੀਂ ਹੁੰਦਾ। ਹਾਲਾਂਕਿ, ਟ੍ਰੈਫਿਕ ਟਿਕਟ 'ਤੇ ਦਸਤਖ਼ਤ ਕਰਨ ਤੋਂ ਇਨਕਾਰ ਕਰਨ ਦੇ ਨਤੀਜੇ ਵਜੋਂ ਤੁਹਾਨੂੰ ਗਿਰਫ਼ਤਾਰ ਕੀਤਾ ਜਾ ਸਕਦਾ ਹੈ।

ਤੁਹਾਡੇ ਡਰਾਈਵਿੰਗ ਅਧਿਕਾਰਾਂ ਨੂੰ ਮੁਅੱਤਲ ਕੀਤੇ ਜਾਣ ਤੋਂ ਬਚਣ ਲਈ ਤੁਹਾਨੂੰ 15 ਦਿਨਾਂ ਦੇ ਅੰਦਰ-ਅੰਦਰ ਟਿਕਟ ਦੇ ਪਿੱਛੇ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰਨ ਦੀ ਲੋੜ ਹੁੰਦੀ ਹੈ। ਮੁਅੱਤਲ ਹੋਏ ਲਾਇਸੈਂਸ ਨਾਲ ਡਰਾਈਵਿੰਗ ਕਰਨ ਦੇ ਨਤੀਜੇ ਵਜੋਂ ਤੁਹਾਡੇ ਤੋਂ ਤੁਹਾਡੀ ਗੱਡੀ ਲਈ ਜਾ ਸਕਦੀ ਹੈ ਅਤੇ/ਜਾਂ ਤੁਹਾਨੂੰ ਗਿਰਫ਼ਤਾਰ ਕੀਤਾ ਜਾ ਸਕਦਾ ਹੈ।

# ਨਤੀਜਾ

Washington ਦੀਆਂ ਸੜਕਾਂ ਸਾਡੇ ਪੂਰੇ ਰਾਜ ਵਿੱਚ ਹਰ ਸਮੁਦਾਇ ਨੂੰ ਜੋੜਦੀਆਂ ਹਨ। ਅਸੀਂ ਇਨ੍ਹਾਂ ਦੀ ਵਰਤੋਂ ਕੰਮ 'ਤੇ ਆਉਣ-ਜਾਣ, ਸਮਾਨ ਪਹੁੰਚਾਉਣ ਅਤੇ Pacific Northwest ਦੀ ਖ਼ੂਬਸੂਰਤੀ ਨੂੰ ਦੇਖਣ ਲਈ ਕਰਦੇ ਹਾਂ।

ਯਾਦ ਰੱਖੋ ਕਿ ਡਰਾਈਵਿੰਗ ਦੀਆਂ ਸੂਝ-ਬੂਝ ਵਾਲੀਆਂ ਆਦਤਾਂ ਇੱਕ ਸੁਰੱਖਿਅਤ ਅਤੇ ਸੁਖਦਾਈ ਡਰਾਈਵਿੰਗ ਅਨੁਭਵ ਦੀ ਬੁਨਿਆਦ ਹਨ।

ਚੰਗੇ ਡਰਾਈਵਰ ਅਜਿਹੇ ਹੁੰਦੇ ਹਨ:

- **ਚੌਕਸ।** ਆਪਣੇ ਆਲੇ-ਦੁਆਲੇ ਬਾਰੇ ਅਤੇ ਸੰਭਾਵੀ ਸੰਕਟਾਂ ਤੋਂ ਹਮੇਸ਼ਾ ਸੁਚੇਤ।
- **ਸੀਟ ਬੈਲਟ ਲੱਗੇ ਹੋਏ।** ਹਰ ਯਾਤਰਾ ਲਈ ਸੀਟ ਬੈਲਟਾਂ ਸਹੀ ਤਰੀਕੇ ਨਾਲ ਬੰਨ੍ਹੀਆਂ ਹੋਈਆਂ।
- **ਸ਼ਾਂਤ।** ਆਕ੍ਰਾਮਕ ਵਿਵਹਾਰ ਤੋਂ ਬਚਣ ਵਾਲੇ ਅਤੇ ਗੱਡੀ ਚਲਾਉਣ ਵੇਲੇ ਭਾਵਨਾਵਾਂ ਨੂੰ ਕਾਬੂ ਵਿੱਚ ਰੱਖਣ ਵਾਲੇ।
- **ਧਿਆਨ ਕੇਂਦਰਿਤ।** ਧਿਆਨ ਭਟਕਾਉਣ ਵਾਲੀਆਂ ਚੀਜ਼ਾਂ ਨੂੰ ਦੂਰ ਕਰਨ ਵਾਲੇ ਅਤੇ ਡਰਾਈਵਿੰਗ 'ਤੇ ਧਿਆਨ ਕੇਂਦਰਿਤ ਕਰਨ ਵਾਲੇ।
- **ਸ਼ਰਾਬ ਦੇ ਨਸ਼ੇ ਤੋਂ ਬਗੈਰ ਵਾਲੇ।** ਕਦੇ ਵੀ ਸ਼ਰਾਬ ਜਾਂ ਨਸ਼ਿਆਂ ਦੇ ਅਸਰ ਹੇਠ ਗੱਡੀ ਨਾ ਚਲਾਉਣ ਵਾਲੇ।

ਤਜਰਬੇ ਨਾਲ ਆਤਮਵਿਸ਼ਵਾਸ ਵਧੇਗਾ; ਪਰ, ਧਿਆਨ ਰੱਖੋ ਇਸ ਵਿੱਚ ਲਾਪਰਵਾਹੀ ਨਹੀਂ ਆਉਣੀ ਚਾਹੀਦੀ। ਕਾਨੂੰਨ, ਗੱਡੀਆਂ ਅਤੇ ਡਰਾਈਵਿੰਗ ਦੀਆਂ ਸਥਿਤੀਆਂ ਬਦਲਦੀਆਂ ਰਹਿੰਦੀਆਂ ਹਨ, ਇਸ ਕਰਕੇ ਡਰਾਈਵਿੰਗ ਲਈ ਨਿਰੰਤਰ ਸਿੱਖਦੇ ਰਹਿਣ ਅਤੇ ਉਸ ਅਨੁਸਾਰ ਢਾਲਣ ਦੀ ਲੋੜ ਹੁੰਦੀ ਹੈ।

**Washington ਦੇ ਸਾਂਝੇ ਡਰਾਈਵਿੰਗ ਭਾਈਚਾਰੇ ਵਿੱਚ ਤੁਹਾਡਾ ਸੁਆਗਤ ਹੈ।**
**ਆਓ ਸੜਕਾਂ ਨੂੰ ਸਭ ਲਈ ਸੁਰੱਖਿਅਤ ਰੱਖਣ ਵਾਸਤੇ ਸਾਰੇ ਮਿਲ ਕੇ ਕੰਮ ਕਰੀਏ।**

## ਸ਼ਬਦਾਵਲੀ

**ADAS (Advanced Driver Assistance Systems, ਉੱਨਤ ਡਰਾਈਵਰ ਸਹਾਇਤਾ ਪ੍ਰਣਾਲੀਆਂ):** ਅਜਿਹੀ ਵਾਹਨ ਸੁਰੱਖਿਆ ਤਕਨਾਲੋਜੀ ਜੋ ਕੁਝ ਚੀਜ਼ਾਂ ਕਰਨ ਤੋਂ ਰੋਕਦੀ ਹੈ, ਡਰਾਈਵਰਾਂ ਨੂੰ ਚੇਤਾਵਨੀ ਦਿੰਦੀ ਹੈ ਜਾਂ ਉਨ੍ਹਾਂ ਦੀ ਮਦਦ ਕਰਦੀ ਹੈ।

**ABS (Anti-lock Braking System) ਐਂਟੀ-ਲੌਕ ਬ੍ਰੇਕਿੰਗ ਸਿਸਟਮ):** ਵਾਹਨ ਸੁਰੱਖਿਆ ਸੁਵਿਧਾ ਜਿਸ ਨਾਲ ਤੁਹਾਨੂੰ ਕੰਟਰੋਲ ਬਣਾਈ ਰੱਖਣ ਅਤੇ ਸੁਰੱਖਿਅਤ ਢੰਗ ਨਾਲ ਰੁਕਣ ਵਿੱਚ ਮਦਦ ਮਿਲਦੀ ਹੈ।

**ਅੱਗੇ ਨੂੰ ਮੂੰਹ ਵਾਲੀ ਸੀਟ:** ਇੱਕ ਤਰ੍ਹਾਂ ਦੀ ਕਾਰ ਸੀਟ ਜੋ ਗੱਡੀ ਦੇ ਅੱਗੇ ਵੱਲ ਨੂੰ ਮੂੰਹ ਕਰਦਿਆਂ ਲੱਗੀ ਹੁੰਦੀ ਹੈ, ਇਹ ਉਨ੍ਹਾਂ ਬੱਚਿਆਂ ਲਈ ਢੁਕਵੀਂ ਹੈ ਜੋ ਪਿੱਛੇ ਨੂੰ ਮੂੰਹ ਵਾਲੀ ਸੀਟ ਵਿੱਚ ਬੈਠਣ ਤੋਂ ਵੱਡੇ ਹੋ ਗਏ ਹਨ।

**ਆਪਸ ਵਿੱਚ ਮਿਲ ਰਿਹਾ ਟ੍ਰੈਫਿਕ:** ਚਲਦੇ ਟ੍ਰੈਫਿਕ ਵਿੱਚ ਰਲ ਜਾਣਾ।

**ਅੰਗ ਦਾਨੀ:** ਉਹ ਵਿਅਕਤੀ ਜਿਸਨੇ ਟ੍ਰਾਂਸਪਲਾਂਟ ਦੀ ਲੋੜ ਵਾਲੇ ਹੋਰਾਂ ਲੋਕਾਂ ਦੀ ਜਾਨ ਬਚਾਉਣ ਲਈ ਆਪਣੀ ਮੌਤ ਤੋਂ ਬਾਅਦ ਆਪਣੇ ਅੰਗਾਂ ਨੂੰ ਦਾਨ ਕਰਨ ਲਈ ਸਹਿਮਤੀ ਦਿੱਤੀ ਹੋਵੇ।

**ਅੱਗੇ ਲੰਘਣਾ ਜਾਂ ਪਾਸਿੰਗ:** ਕਿਸੇ ਹੋਰ ਗੱਡੀ ਦੇ ਕੋਲੋਂ ਅੱਗੇ ਲੰਘਣਾ।

**ਅਨਿਯੰਤ੍ਰਿਤ ਚੌਰਾਹਾ:** ਅਜਿਹਾ ਚੌਰਾਹਾ ਜਿੱਥੇ ਕੋਈ ਟ੍ਰੈਫਿਕ ਸਿਗਨਲ ਜਾਂ ਚਿੰਨ੍ਹ ਨਾ ਲਗੇ ਹੋਣ।

**ਅੰਡਰਸਟੀਅਰ:** ਜਦੋਂ ਕੋਈ ਗੱਡੀ ਉੱਨੀ ਨਹੀਂ ਮੁੜਦੀ ਜਿੰਨੀ ਡਰਾਈਵਰ ਚਾਹੁੰਦਾ ਹੈ।

**ID (Identification, ਆਈਡੀ):** ਤੁਹਾਡੇ ਨਾਮ, ਜਨਮ ਤਰੀਕ ਜਾਂ ਤਸਵੀਰ ਵਰਗੀ ਨਿੱਜੀ ਜਾਣਕਾਰੀ ਵਾਲਾ ਦਸਤਾਵੇਜ਼।

**ਇੰਟਰਚੇਂਜ:** ਉਹ ਜਗ੍ਹਾ ਜਿੱਥੇ 2 ਜਾਂ ਵੱਧ ਸੜਕਾਂ ਜੁੜਦੀਆਂ ਹਨ।

**ਇੱਕ-ਹੱਥ ਨਾਲ ਸਟੀਅਰਿੰਗ:** ਇੱਕ ਹੱਥ ਨਾਲ ਸਟੀਅਰਿੰਗ ਚਲਾਉਣਾ।

**ਸੰਤੁਲਿਤ ਭਾਰ:** ਸਥਿਰਤਾ ਬਣਾਈ ਰੱਖਣ ਵਾਸਤੇ ਕਿਸੇ ਗੱਡੀ ਵਿੱਚ ਭਾਰ ਦੀ ਇਕਸਾਰ ਵੰਡ।

**ਸਮਾਨਾਂਤਰ (ਪੈਰੇਲਲ) ਪਾਰਕਿੰਗ:** ਕਰਬ ਦੇ ਕਿਨਾਰੇ ਦੋ ਵਾਹਨਾਂ ਦੇ ਵਿਚਕਾਰ ਗੱਡੀ ਖੜ੍ਹੀ ਕਰਨਾ।

**ਸਿਗਨਲ ਦੇਣਾ:** ਦੂਜੇ ਡਰਾਈਵਰਾਂ ਨੂੰ ਆਪਣੇ ਇਰਾਦੇ ਦੱਸਣ ਲਈ ਮੁੜਨ ਦੇ ਸਿਗਨਲਾਂ ਦੀ ਵਰਤੋਂ ਕਰਨਾ।

**ਸਥਿਤੀ ਸਬੰਧੀ ਜਾਗਰੂਕਤਾ:** ਗੱਡੀ ਚਲਾਉਂਦੇ ਸਮੇਂ ਆਪਣੇ ਆਸ-ਪਾਸ ਦੇ ਮਾਹੌਲ ਤੋਂ ਪੂਰੀ ਤਰ੍ਹਾਂ ਵਾਕਫ਼ ਹੋਣ ਦੀ ਤੁਹਾਡੀ ਕਾਬਲੀਅਤ ਜੋ ਤੁਹਾਨੂੰ ਸੁਰੱਖਿਅਤ ਢੰਗ ਗੱਡੀ ਚਲਾਉਣ ਦੇ ਫ਼ੈਸਲੇ ਲੈਣ ਵਿੱਚ ਮਦਦ ਕਰਦੀ ਹੈ।

**ਸਪੀਡ ਸੀਮਾਵਾਂ:** ਸੜਕਾਂ 'ਤੇ ਵੱਧ ਤੋਂ ਵੱਧ ਕਾਨੂੰਨੀ ਸਪੀਡ ਜਿਸ 'ਤੇ ਗੱਡੀ ਚਲਾਉਣ ਦੀ ਇਜਾਜ਼ਤ ਹੈ।

**ਸਟੈਂਡਰਡ ਚਿੰਨ੍ਹਾਂ ਦੇ ਰੰਗ:** ਖਾਸ ਅਰਥ ਦੱਸਣ ਲਈ ਟ੍ਰੈਫਿਕ ਚਿੰਨ੍ਹਾਂ ਲਈ ਵਰਤੇ ਜਾਂਦੇ ਰੰਗ।

**ਸਟੱਡ ਵਾਲੇ ਟਾਇਰ:** ਧਾਤ ਦੇ ਟੁਕੜਿਆਂ ਵਾਲੇ ਸਰਦੀਆਂ ਦੇ ਟਾਇਰ, ਜਿਨ੍ਹਾਂ ਨੂੰ ਸਟੱਡ ਕਿਹਾ ਜਾਂਦਾ ਹੈ, ਇਨ੍ਹਾਂ ਨੂੰ ਬਰਫ਼ ਜੰਮਣ ਵਾਲੀਆਂ ਸਥਿਤੀਆਂ ਵਿੱਚ ਗੱਡੀ ਚਲਾਉਣ ਲਈ ਵਰਤਿਆ ਜਾ ਸਕਦਾ ਹੈ।

**ਹਮਲਾਵਰ ਡਰਾਈਵਿੰਗ:** ਅਜਿਹਾ ਡਰਾਈਵਿੰਗ ਵਿਵਹਾਰ ਜੋ ਗੁੱਸੇ ਭਰਿਆ, ਖਤਰੇ ਨਾਲ ਭਰਪੂਰ, ਜਾਂ ਬੇਸਬਰਾ ਹੋਵੇ, ਜਿਵੇਂ ਕਿ ਤੇਜ਼ ਰਫ਼ਤਾਰ ਨਾਲ ਗੱਡੀ ਚਲਾਉਣਾ ਜਾਂ ਟੇਲਗੇਟਿੰਗ ਭਾਵ ਕਿਸੇ ਗੱਡੀ ਪਿੱਛੇ ਬਿਨਾਂ ਕੋਈ ਸੁਰੱਖਿਅਤ ਦੂਰੀ ਛੱਡਿਆਂ ਗੱਡੀ ਚਲਾਉਣਾ।

**ਹੈਂਡ-ਟੂ-ਹੈਂਡ ਸਟੀਅਰਿੰਗ:** ਸਟੀਅਰਿੰਗ ਵ੍ਹੀਲ ਦੇ ਚਾਰੇ ਪਾਸੇ ਹੱਥਾਂ ਨੂੰ ਬਿਨਾਂ ਕਰਾਸ ਕੀਤੇ ਘੁਮਾਉਣ ਦੀ ਤਕਨੀਕ।

**HOV (High occupancy vehicle, ਜ਼ਿਆਦਾ ਯਾਤਰੀਆਂ ਵਾਲੇ ਵਾਹਨ):** ਕਾਰਪੂਲਿੰਗ ਗੱਡੀਆਂ ਲਈ ਰਾਖਵੀਂ ਲੇਨ ਜਿਨ੍ਹਾਂ ਵਿੱਚ 2 ਜਾਂ ਵੱਧ ਲੋਕ ਹੁੰਦੇ ਹਨ।

**ਹੈੱਡਲਾਈਟਾਂ:** ਗੱਡੀ ਦੇ ਅਗਲੇ ਪਾਸੇ ਲੱਗੀਆਂ ਲਾਈਟਾਂ ਜੋ ਅੱਗੇ ਵਾਲੀ ਸੜਕ ਨੂੰ ਰੌਸ਼ਨ ਕਰਦੀਆਂ ਹਨ, ਜਿਸ ਨਾਲ ਡਰਾਈਵਰ ਘੱਟ ਰੋਸ਼ਨੀ ਵਾਲੀਆਂ ਸਥਿਤੀਆਂ ਵਿੱਚ ਜਾਂ ਰਾਤ ਨੂੰ ਦੇਖ ਸਕਦਾ ਹੈ ਅਤੇ ਦੂਜਿਆਂ ਨੂੰ ਦਿਖਾਈ ਦੇ ਸਕਦਾ ਹੈ।

**ਹਾਈਡ੍ਰੋਪਲੇਨਿੰਗ:** ਜਦੋਂ ਕੋਈ ਗੱਡੀ ਗਿੱਲੀ ਸੜਕ 'ਤੇ ਟ੍ਰੈਕਸ਼ਨ (ਪਕੜ) ਗੁਆ ਬੈਠਦੀ ਹੈ ਅਤੇ ਫਿਸਲ ਜਾਂਦੀ ਹੈ।

**ਹੁਨਰ ਪ੍ਰੀਖਿਆ:** ਇੱਕ ਮੁਲਾਂਕਣ ਜੋ ਕਿਸੇ ਵਿਅਕਤੀ ਦੀ ਪਾਰਕਿੰਗ ਅਤੇ ਸੰਚਾਲਨ ਵਰਗੇ ਵਿਹਾਰਕ ਡਰਾਈਵਿੰਗ ਕਾਰਜਾਂ ਨੂੰ ਕਰਨ ਦੀ ਕਾਬਲੀਅਤ ਨਿਰਧਾਰਤ ਕਰਦਾ ਹੈ।

**ਕੋਣੀ (ਐਂਗਲ) ਪਾਰਕਿੰਗ:** ਕਾਰ ਨੂੰ ਕਰਬ ਦੇ ਸਮਾਨਾਂਤਰ ਖੜ੍ਹੀ ਕਰਨ ਦੀ ਬਜਾਏ ਤਿਰਛੇ ਢੰਗ ਨਾਲ ਖੜ੍ਹੀ ਕਰਨਾ।

**ਕਾਰ-ਪੂਲ:** ਜਦੋਂ ਚੱਲਦੀ ਗੱਡੀ ਵਿੱਚ 2 ਜਾਂ ਵੱਧ ਲੋਕ ਹੋਣ।

**ਕ੍ਰੂਜ਼ ਜਾਂ ਸਪੀਡ ਕੰਟਰੋਲ:** ਕਾਰ ਵਿੱਚ ਇੱਕ ਅਜਿਹਾ ਸਿਸਟਮ ਜੋ ਇੱਕ ਨਿਰਧਾਰਤ ਸਪੀਡ ਨੂੰ ਬਣਾਈ ਰੱਖਦਾ ਹੈ ਅਤੇ ਡਰਾਈਵਰ ਨੂੰ ਐਕਸਲਰੇਟਰ ਪੈਡਲ ਦਬਾਉਣ ਦੀ ਲੋੜ ਨਹੀਂ ਪੈਂਦੀ।

**ਖੇਤੀਬਾੜੀ ਸੰਬੰਧੀ ਪਰਮਿਟ:** 18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਟਰੈਕਟਰ ਅਤੇ ਖੇਤੀਬਾੜੀ ਵਿੱਚ ਵਰਤੇ ਜਾਣ ਵਾਲੇ ਦੂਜੇ ਵਾਹਨਾਂ ਨੂੰ ਚਲਾਉਣ ਦੀ ਇਜਾਜ਼ਤ।

**ਖਤਰੇ ਵਾਲੀਆਂ ਲਾਈਟਾਂ:** ਕਾਰ ਦੇ ਅੱਗੇ ਅਤੇ ਪਿੱਛੇ ਲੱਗੀਆਂ ਇੰਡੀਕੇਟਰ ਲਾਈਟਾਂ ਜੋ ਹੋਰਨਾਂ ਡਰਾਈਵਰਾਂ ਅਤੇ ਪੈਦਲ ਚੱਲਣ ਵਾਲਿਆਂ ਨੂੰ ਗੱਡੀ ਦੇ ਨੇੜੇ ਆਉਣ ਵੇਲੇ ਸਾਵਧਾਨੀ ਵਰਤਣ ਲਈ ਦੱਸਦੀਆਂ ਹਨ।

**ਖਤਰੇ ਦੀ ਸੋਝੀ:** ਗੱਡੀ ਚਲਾਉਂਦੇ ਸਮੇਂ ਸੰਭਾਵੀ ਖਤਰਿਆਂ ਨੂੰ ਪਛਾਣਨ ਅਤੇ ਪ੍ਰਤੀਕਿਰਿਆ ਦੇਣ ਦੀ ਕਾਬਲੀਅਤ।

**ਖਰਾਬ ਡਰਾਈਵਿੰਗ:** ਸ਼ਰਾਬ, ਨਸ਼ੀਲੀਆਂ ਦਵਾਈਆਂ, ਜਾਂ ਅਜਿਹੇ ਹੋਰ ਪਦਾਰਥਾਂ ਦੇ ਅਸਰ ਹੇਠ ਗੱਡੀ ਚਲਾਉਣਾ ਜੋ ਨਿਰਣੇ ਅਤੇ ਤਾਲਮੇਲ ਨੂੰ ਪ੍ਰਭਾਵਤ ਕਰਦੇ ਹਨ।

**ਖੁੱਲ੍ਹੇ ਕੰਟੇਨਰ ਸਬੰਧੀ ਕਨੂੰਨ (Open container law):** ਇੱਕ ਅਜਿਹਾ ਕਾਨੂੰਨ ਜੋ ਡਰਾਈਵਰਾਂ ਅਤੇ ਯਾਤਰੀਆਂ ਨੂੰ ਸ਼ਰਾਬ ਪੀ ਕੇ ਗੱਡੀ ਚਲਾਉਣ ਤੋਂ ਰੋਕਣ ਲਈ, ਗੱਡੀ ਵਿੱਚ ਅਲਕੋਹਲ-ਯੁਕਤ ਬੈਵਰੇਜ ਦੇ ਖੁੱਲ੍ਹੇ ਕੰਟੇਨਰ ਰੱਖਣ ਤੋਂ ਰੋਕਦਾ ਹੈ।

**ਗੁੰਝਲਦਾਰ ਚੌਰਾਹੇ:** ਇੱਕ ਤੋਂ ਵੱਧ ਲੇਨਾਂ ਜਾਂ ਅਸਾਧਾਰਨ ਟ੍ਰੈਫਿਕ ਪੈਟਰਨ ਵਾਲੇ ਚੌਰਾਹੇ।

**ਗਿਆਨ ਸੰਬੰਧੀ ਪ੍ਰੀਖਿਆ:** ਇੱਕ ਮੁਲਾਂਕਣ ਜੋ ਕਿਸੇ ਵਿਅਕਤੀ ਦੀ ਡਰਾਈਵਿੰਗ ਨਿਯਮਾਂ, ਸੰਕੇਤਾਂ ਅਤੇ ਸੁਰੱਖਿਅਤ ਢੰਗ ਨਾਲ ਗੱਡੀ ਚਲਾਉਣ ਵਾਸਤੇ ਜ਼ਰੂਰੀ ਹੋਰ ਮਹੱਤਵਪੂਰਨ ਜਾਣਕਾਰੀ ਦੀ ਸਮਝ ਦਾ ਮੁਲਾਂਕਣ ਕਰਦਾ ਹੈ।

**ਗੈਰ-ਨਿਵਾਸੀ:** ਕੋਈ ਅਜਿਹਾ ਵਿਅਕਤੀ ਜੋ ਕਿਸੇ ਖਾਸ ਜਗ੍ਹਾ, ਜਿਵੇਂ ਕਿ ਸ਼ਹਿਰ ਜਾਂ ਰਾਜ ਵਿੱਚ ਪੱਕੇ ਤੌਰ 'ਤੇ ਨਹੀਂ ਰਹਿੰਦਾ ਹੈ।

**ਗੱਡੀ ਦੀ ਪਿੱਚ:** ਗੱਡੀ ਦੇ ਅੱਗੇ ਜਾਂ ਪਿੱਛੇ ਦਾ ਕੋਣ।

**ਗੱਡੀ ਦਾ ਰੋਲ ਹੋਣਾ:** ਗੱਡੀ ਦਾ ਇੱਕ ਪਾਸੇ ਤੋਂ ਦੂਜੇ ਪਾਸੇ ਵੱਲ ਜਾਣਾ।

**ਗੋਲ ਚੱਕਰ:** ਇੱਕ ਗੋਲਾਕਾਰ ਬੈਰੀਅਰ ਜੋ ਕਿਸੇ ਚੌਰਾਹੇ 'ਤੇ ਟ੍ਰੈਫਿਕ ਨੂੰ ਕੰਟਰੋਲ ਕਰਦਾ ਹੈ, ਇਸਨੂੰ ਟ੍ਰੈਫਿਕ ਸਰਕਲ ਵੀ ਕਹਿੰਦੇ ਹਨ।

**ਗੱਡੀ ਦਾ ਬੀਮਾ (vehicle registration):** ਕਵਰੇਜ ਜੋ ਦੁਰਘਟਨਾਵਾਂ ਤੋਂ ਹੋਏ ਨੁਕਸਾਨ ਜਾਂ ਲੱਗੀਆਂ ਸੱਟਾਂ ਦੀ ਭਰਪਾਈ ਵਿੱਚ ਮਦਦ ਕਰਦੀ ਹੈ।

**ਗੱਡੀ ਦੀ ਰਜਿਸਟ੍ਰੇਸ਼ਨ:** ਕਿਸੇ ਗੱਡੀ ਦੀ ਮਾਲਕੀਅਤ ਨੂੰ ਸਾਬਿਤ ਕਰਨ ਵਾਲਾ ਅਧਿਕਾਰਕ ਦਸਤਾਵੇਜ਼।

**ਚਾਈਲਡ ਸੇਫ਼ਟੀ ਸੀਟ ਜਾਂ ਬਾਲ ਸੰਜਮ:** ਗੱਡੀ ਵਿੱਚ ਬੱਚਿਆਂ ਲਈ ਇੱਕ ਖਾਸ ਸੀਟ, ਜੋ ਉਨ੍ਹਾਂ ਨੂੰ ਕਿਸੇ ਦੁਰਘਟਨਾ ਦੀ ਸਥਿਤੀ ਵਿੱਚ ਸੁਰੱਖਿਅਤ ਰੱਖਦੀ ਹੈ।

**ਚੱਲਦੀ ਗੱਡੀ ਵਿੱਚ ਉਲੰਘਣਾ:** ਜੇ ਗੱਡੀ ਚਲਾਉਂਦੇ ਸਮੇਂ ਕੋਈ ਕਨੂੰਨ ਤੋੜਿਆ ਜਾਂਦਾ ਹੈ ਤਾਂ ਉਸ ਸਮੇਂ ਜਾਰੀ ਕੀਤਾ ਜਾਣ ਵਾਲਾ ਟਿਕਟ।

**ਚੋਣਵੀਂ ਸੇਵਾ ਰਜਿਸਟ੍ਰੇਸ਼ਨ (selective service):** ਇਸ ਲਈ ਸਾਈਨ ਅੱਪ ਕਰਨ ਨਾਲ 18 ਤੋਂ 25 ਸਾਲ ਦੀ ਉਮਰ ਦੇ ਵਿਚਕਾਰ ਦਾ, ਜਨਮ ਸਮੇਂ ਪੁਰਸ਼ ਦੱਸਿਆ ਗਿਆ ਵਿਅਕਤੀ ਕਿਸੇ ਰਾਸ਼ਟਰੀ ਐਮਰਜੈਂਸੀ ਦੀ ਸਥਿਤੀ ਵਿੱਚ ਫੌਜ ਵਿੱਚ ਭਰਤੀ ਹੋਣ ਦੇ ਯੋਗ ਬਣ ਜਾਂਦਾ ਹੈ।

**ਜੋਖ਼ਮ:** ਕੁਝ ਬੁਰਾ ਵਾਪਰਨ ਦੀ ਸੰਭਾਵਨਾ।

**ਜੁੜਵਾ ਰਜਿਸਟਰੀ (Twin Registry):** ਜੁੜਵਾ ਬੱਚਿਆਂ ਦੇ ਨਾਵਾਂ ਦੀ ਸੂਚੀ ਅਤੇ ਉਨ੍ਹਾਂ ਦੇ ਸੰਬੰਧ ਵਿੱਚ ਕੁਝ ਜਾਣਕਾਰੀ, ਜਿਸਨੂੰ ਅਕਸਰ ਖੋਜ ਲਈ ਵਰਤਿਆ ਜਾਂਦਾ ਹੈ।

**ਟੱਕਰ ਜਾਂ ਦੁਰਘਟਨਾ:** ਜਦੋਂ ਦੋ ਜਾਂ ਦੋ ਤੋਂ ਵੱਧ ਗੱਡੀਆਂ ਜਾਂ ਵਸਤਾਂ ਇੱਕ ਦੂਜੇ ਨਾਲ ਟਕਰਾ ਜਾਂਦੀਆਂ ਹਨ।

**ਟੇਲਗੇਟਿੰਗ:** ਆਪਣੇ ਅੱਗੇ ਵਾਲੀ ਗੱਡੀ ਦੇ ਬਹੁਤ ਨੇੜੇ ਹੋ ਕੇ ਗੱਡੀ ਚਲਾਉਣਾ।

**ਟਾਇਰ ਫਟਣਾ:** ਗੱਡੀ ਚਲਾਉਂਦੇ ਸਮੇਂ ਟਾਇਰ ਵਿੱਚ ਹਵਾ ਦੇ ਦਬਾਅ ਵਿੱਚ ਅਚਾਨਕ ਕਮੀ ਹੋਣਾ।

**ਟਰਨਿਕੇਟ:** ਕੱਸ ਕੇ ਲਪੇਟਣ ਵਾਲੀ ਪੱਟੀ ਜੋ ਖੂਨ ਦੇ ਰਿਸਾਅ ਨੂੰ ਕਾਬੂ ਕਰਨ ਵਿੱਚ ਮਦਦ ਕਰਦੀ ਹੈ।

**ਟ੍ਰੈਕਸ਼ਨ ਖਤਮ ਹੋਣਾ:** ਟਾਇਰਾਂ ਅਤੇ ਸੜਕ ਵਿਚਕਾਰ ਘੱਟ ਪਕੜ।

**ਟ੍ਰੈਕਸ਼ਨ:** ਟਾਇਰਾਂ ਅਤੇ ਸੜਕ ਦੀ ਸਤ੍ਹਾ ਵਿਚਲੀ ਪਕੜ।

**ਟ੍ਰੈਫਿਕ ਕੰਟਰੋਲ ਕਰਨ ਵਾਲੇ ਡਿਵਾਈਸ:** ਟ੍ਰੈਫਿਕ ਨੂੰ ਨਿਯੰਤਰਿਤ ਕਰਨ ਲਈ ਵਰਤੇ ਜਾਣ ਵਾਲੇ ਚਿੰਨ੍ਹ, ਸਿਗਨਲ ਅਤੇ ਨਿਸ਼ਾਨ।

**ਟ੍ਰੈਫਿਕ ਦਾ ਪ੍ਰਵਾਹ:** ਸੜਕਾਂ 'ਤੇ ਗੱਡੀਆਂ ਕਿਵੇਂ ਚੱਲਦੀਆਂ ਹਨ।

**ਟ੍ਰੈਫਿਕ ਸੰਬੰਧੀ ਕਾਨੂੰਨ:** ਉਹ ਨਿਯਮ ਜੋ ਗੱਡੀਆਂ ਦੇ ਸੜਕਾਂ ਉੱਪਰ ਚੱਲਣ ਦੇ ਤਰੀਕੇ ਨੂੰ ਨਿਯੰਤ੍ਰਿਤ ਕਰਦੇ ਹਨ।

**ਟ੍ਰੈਫਿਕ ਚਿੰਨ੍ਹਾਂ ਦੇ ਅਕਾਰ:** ਖਾਸ ਅਰਥਾਂ ਵਾਲੇ ਚਿੰਨ੍ਹਾਂ ਦੇ ਵੱਖ-ਵੱਖ ਅਕਾਰ।

**ਟ੍ਰੈਫਿਕ ਸਿਗਨਲ:** ਇੱਕ ਬੱਤੀ ਜੋ ਚੌਰਾਹਿਆਂ 'ਤੇ ਟ੍ਰੈਫਿਕ ਦੇ ਪ੍ਰਵਾਹ ਨੂੰ ਨਿਯੰਤ੍ਰਿਤ ਕਰਦੀ ਹੈ।

**ਟ੍ਰੈਫਿਕ ਦੀ ਵਾਲਿਊਮ:** ਸੜਕ ਉੱਪਰ ਟ੍ਰੈਫਿਕ ਦੀ ਮਾਤਰਾ।

**ਟ੍ਰੈਫਿਕ:** ਸੜਕਾਂ 'ਤੇ ਚੱਲ ਰਹੇ ਵਾਹਨ।

**ਟ੍ਰਿਪ ਜਾਂ ਰੂਟ ਦੀ ਯੋਜਨਾ ਬਣਾਉਣਾ:** ਯਾਤਰਾ ਲਈ ਰੂਟ ਦੀ ਯੋਜਨਾ ਬਣਾਉਣਾ।

**ਡਰਾਈਵਿੰਗ ਵੇਲੇ ਧਿਆਨ ਭਟਕਿਆ ਹੋਣਾ:** ਅਜਿਹੀ ਕੋਈ ਵੀ ਚੀਜ਼ ਜੋ ਤੁਹਾਡਾ ਧਿਆਨ ਗੱਡੀ ਚਲਾਉਣ ਤੋਂ ਭਟਕਾ ਦਿੰਦੀ ਹੈ, ਜਿਵੇਂ ਤੁਹਾਡਾ ਫ਼ੋਨ ਜਾਂ ਗੱਡੀ ਚਲਾਉਂਦੇ ਸਮੇਂ ਇੱਕ ਤੋਂ ਵੱਧ ਕੰਮ ਕਰਨਾ।

**ਡਰਾਈਵਰ ਲਾਇਸੈਂਸਿੰਗ ਦਫ਼ਤਰ (driver licensing office):** ਉਹ ਸਥਾਨ ਜੋ ਲਾਇਸੈਂਸਿੰਗ ਨਾਲ ਸੰਬੰਧਿਤ ਗਾਹਕ ਸੇਵਾਵਾਂ ਮੁਹੱਈਆ ਕਰਦਾ ਹੈ।

**Department of Licensing (DOL):** ਰਾਜ ਦੀ ਏਜੰਸੀ ਜੋ ਡਰਾਈਵਰ ਲਾਇਸੈਂਸ, ਆਈਡੀ ਕਾਰਡ, ਲਾਇਸੈਂਸ ਪਲੇਟਾਂ, ਅਤੇ ਵਾਹਨਾਂ ਅਤੇ ਕਿਸ਼ਤੀਆਂ ਦੀਆਂ ਰਜਿਸਟ੍ਰੇਸ਼ਨਾਂ ਜਾਰੀ ਕਰਦੀ ਹੈ।

**ਡਰਾਈਵਿੰਗ ਰਿਕਾਰਡ:** ਕਿਸੇ ਵਿਅਕਤੀ ਦਾ ਗੱਡੀ ਚਲਾਉਣ ਸੰਬੰਧੀ ਪਿਛੋਕੜ, ਜਿਸ ਵਿੱਚ ਕੋਈ ਵੀ ਉਲੰਘਣਾਵਾਂ ਜਾਂ ਟੱਕਰਾਂ ਸ਼ਾਮਲ ਹੁੰਦੀਆਂ ਹਨ।

**DUI (Driving under the influence, ਨਸ਼ੇ ਦੇ ਅਸਰ ਹੇਠ ਗੱਡੀ ਚਲਾਉਣਾ):** ਸ਼ਰਾਬ ਜਾਂ ਨਸ਼ੀਲੀਆਂ ਦਵਾਈਆਂ ਦੇ ਅਸਰ ਹੇਠ ਹੋਣ ਦੌਰਾਨ ਗੱਡੀ ਚਲਾਉਣਾ।

**ਥਕਾਵਟ:** ਬਹੁਤ ਥੱਕੇ ਹੋਏ ਮਹਿਸੂਸ ਕਰਨਾ।

**ਦੋਸ਼ਪੂਰਨ ਟੱਕਰ:** ਜਦੋਂ ਕੋਈ ਦੁਰਘਟਨਾ ਵਾਪਰਦੀ ਹੈ, ਅਤੇ ਇਹ ਫੈਸਲਾ ਕੀਤਾ ਜਾਂਦਾ ਹੈ ਕਿ ਇੱਕ ਡਰਾਈਵਰ ਇਸ ਦੁਰਘਟਨਾ ਦੇ ਲਈ ਕਾਫ਼ੀ ਹੱਦ ਤੱਕ ਜ਼ਿੰਮੇਵਾਰ ਹੈ।

**ਦੁਰਘਟਨਾ ਵਿੱਚ ਸ਼ਮੂਲੀਅਤ:** ਕਿਸੇ ਟੱਕਰ ਜਾਂ ਦੁਰਘਟਨਾ ਦਾ ਹਿੱਸਾ ਹੋਣਾ।

**ਦਿੱਸਣਯੋਗਤਾ:** ਤੁਸੀਂ ਆਪਣੇ ਆਸ-ਪਾਸ ਦੀਆਂ ਚੀਜ਼ਾਂ ਨੂੰ ਕਿੰਨੀ ਚੰਗੀ ਤਰ੍ਹਾਂ ਦੇਖ ਸਕਦੇ ਹੋ।

**ਦੇਖਦੇ ਹੋਏ ਭਾਲਣਾ:** ਸੋਚ-ਸਮਝ ਕੇ ਮੌਜੂਦਾ ਜਾਂ ਸੰਭਾਵੀ ਖਤਰਿਆਂ ਦੀ ਭਾਲ ਕਰਨਾ।

**ਨਜ਼ਰ ਦੀ ਜਾਂਚ:** ਇਹ ਪਤਾ ਲਗਾਉਣ ਵਾਸਤੇ ਇੱਕ ਟੈਸਟ ਕਿ ਤੁਸੀਂ ਕਿੰਨੀ ਚੰਗੀ ਤਰ੍ਹਾਂ ਦੇਖ ਸਕਦੇ ਹੋ ਅਤੇ ਤੁਹਾਡੀਆਂ ਅੱਖਾਂ ਸਿਹਤਮੰਦ ਹਨ ਜਾਂ ਨਹੀਂ।

**ਨਾਬਾਲਗ (ਜੁਵੀਨਾਈਲ):** ਇੱਕ ਵਿਅਕਤੀ ਜਿਸਨੂੰ ਅਜੇ ਕਾਨੂੰਨੀ ਤੌਰ 'ਤੇ ਬਾਲਗ ਨਹੀਂ ਮੰਨਿਆ ਜਾਂਦਾ ਹੈ, ਆਮ ਤੌਰ 'ਤੇ 18 ਸਾਲ ਤੋਂ ਘੱਟ ਉਮਰ ਦਾ।

**ਨਿਹਿਤ ਸਹਿਮਤੀ ਕਨੂੰਨ (Implied consent law):** ਅਜਿਹੇ ਕਾਨੂੰਨ ਜਿਨ੍ਹਾਂ ਅਨੁਸਾਰ ਨਸ਼ੇ ਦੇ ਅਸਰ ਹੇਠ ਗੱਡੀ ਚਲਾਉਣ ਦਾ ਸ਼ੱਕ ਹੋਣ 'ਤੇ ਡਰਾਈਵਰਾਂ ਲਈ ਬ੍ਰੈਥਲਾਈਜ਼ਰ ਟੈਸਟਾਂ ਵਰਗੇ, ਕੁਝ ਟੈਸਟ ਕਰਵਾਉਣਾ ਜ਼ਰੂਰੀ ਹੁੰਦਾ ਹੈ।

**ਪਛਾਣ:** ਵਿਅਕਤੀ ਕੌਣ ਹੈ, ਇਸ ਵਿੱਚ ਉਸ ਦਾ ਨਾਮ, ਜਨਮ ਤਰੀਕ, ਅਤੇ ਹੋਰ ਨਿੱਜੀ ਜਾਣਕਾਰੀ ਸ਼ਾਮਲ ਹੁੰਦੀ ਹੈ।

**ਪੈਦਲ ਚੱਲਣ ਵਾਲਾ:** ਸੜਕ 'ਤੇ ਜਾਂ ਸੜਕ ਦੇ ਨੇੜੇ ਤੁਰਨ ਵਾਲਾ ਵਿਅਕਤੀ।

**ਪੈਰੀਫਿਰਲ ਦ੍ਰਿਸ਼ਟੀ:** ਸਿੱਧੇ ਸਾਹਮਣੇ ਦੇਖਦੇ ਹੋਏ ਪਾਸੇ ਵੱਲ ਦੀਆਂ ਚੀਜ਼ਾਂ ਨੂੰ ਦੇਖਣਾ।

**ਪੈਦਲ ਚੱਲਣ ਵਾਲਿਆਂ ਲਈ ਸੁਰੱਖਿਆ ਜ਼ੋਨ:** ਅਜਿਹਾ ਖੇਤਰ ਜਿੱਥੇ ਡਰਾਈਵਰ ਨਹੀਂ ਜਾ ਸਕਦੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਲੋਕਾਂ ਕੋਲ ਟ੍ਰੈਫਿਕ ਤੋਂ ਦੂਰ ਇੱਕ ਸੁਰੱਖਿਅਤ ਜਗ੍ਹਾ ਹੋਵੇ।

**ਪੌਲੀਡ੍ਰੱਗ ਇਸਤੇਮਾਲ:** ਇੱਕ ਸਮੇਂ ਵਿੱਚ ਇੱਕ ਤੋਂ ਵੱਧ ਤਰ੍ਹਾਂ ਦੀਆਂ ਨਸ਼ੀਲੀਆਂ ਦਵਾਈਆਂ ਦਾ ਸੇਵਨ ਜਾਂ ਵਰਤੋਂ।

**ਪਹਿਲਾਂ ਤੋਂ ਸਰਗਰਮ (ਪ੍ਰੋਐਕਟਿਵ):** ਕਿਸੇ ਅਜਿਹੀ ਸਥਿਤੀ ਦਾ ਜਵਾਬ ਦੇਣ ਲਈ ਤਿਆਰ ਰਹਿਣਾ ਜਿਸਦੀ ਤੁਹਾਨੂੰ ਉਮੀਦ ਹੈ।

**ਪ੍ਰਤੀਕਿਰਿਆਸ਼ੀਲ (ਰੀਐਕਟਿਵ):** ਕਿਸੇ ਅਜਿਹੀ ਸਥਿਤੀ ਦਾ ਜਵਾਬ ਦੇਣਾ ਜੋ ਤੁਸੀਂ ਦੇਖਦੇ ਹੋ।

**ਫਿਸਲਣਾ:** ਟ੍ਰੈਕਸ਼ਨ (ਟਾਇਰਾਂ ਦੀ ਪਕੜ) ਦੇ ਖਤਮ ਹੋਣ ਕਰਕੇ ਵਾਹਨ ਦਾ ਕੰਟਰੋਲ ਤੋਂ ਬਾਹਰ ਹੋ ਜਾਣਾ।

**ਬੈਕਿੰਗ ਜਾਂ ਬੈਕ ਕਰਨਾ:** ਗੱਡੀ ਨੂੰ ਰਿਵਰਸ ਵਿੱਚ ਚਲਾਉਣਾ।

**ਬਲਾਈਂਡ (ਨਿਗ੍ਹਾ ਵਿੱਚ ਨਾ ਆਉਣ ਵਾਲਾ) ਖੇਤਰ, ਸਥਾਨ, ਜਾਂ ਜ਼ੋਨ:** ਗੱਡੀ ਦੇ ਆਸ-ਪਾਸ ਦੇ ਉਹ ਖੇਤਰ ਜਿੱਥੋਂ ਡਰਾਈਵਰ ਦੇ ਦੇਖਣ ਵਿੱਚ ਰੁਕਾਵਟ ਆਉਂਦੀ ਹੈ, ਅਤੇ ਉਸਨੂੰ ਦੂਜੀਆਂ ਗੱਡੀਆਂ ਦਿਖਾਈ ਨਹੀਂ ਦਿੰਦੀਆਂ।

**ਬੂਸਟਰ ਸੀਟ:** ਉਨ੍ਹਾਂ ਬੱਚਿਆਂ ਵਾਸਤੇ ਤਿਆਰ ਕੀਤੀ ਗਈ ਇੱਕ ਖਾਸ ਸੀਟ, ਜੋ ਆਪਣੀ ਕਾਰ ਸੀਟ ਤੋਂ ਵੱਡੇ ਹੋ ਗਏ ਹਨ, ਪਰ ਅਜੇ ਵੀ ਇੰਨੇ ਛੋਟੇ ਹਨ ਕਿ ਕਿਸੇ ਰੈਗੂਲਰ ਸੀਟ ਬੈਲਟ ਵਿੱਚ ਠੀਕ ਤਰ੍ਹਾਂ ਨਾਲ ਫਿੱਟ ਨਹੀਂ ਹੋ ਸਕਦੇ ਹਨ।

**ਬ੍ਰੇਕ ਫੇਲ੍ਹ ਹੋਣਾ:** ਜਦੋਂ ਕਿਸੇ ਗੱਡੀ ਦੇ ਬ੍ਰੇਕ ਸਹੀ ਤਰੀਕੇ ਨਾਲ ਕੰਮ ਕਰਨਾ ਬੰਦ ਕਰ ਦਿੰਦੇ ਹਨ।

**ਬ੍ਰੇਕ ਲਾਈਟਾਂ:** ਕਿਸੇ ਗੱਡੀ ਦੇ ਪਿਛਲੇ ਪਾਸੇ ਲੱਗੀਆਂ ਲਾਲ ਲਾਈਟਾਂ ਜੋ ਡਰਾਈਵਰ ਦੁਆਰਾ ਬ੍ਰੇਕ ਦਾ ਪੈਡਲ ਦਬਾਉਣ 'ਤੇ ਜਗਦੀਆਂ ਹਨ, ਅਤੇ ਦੂਜੇ ਡਰਾਈਵਰਾਂ ਨੂੰ ਸੰਕੇਤ ਦਿੰਦੀਆਂ ਹਨ ਕਿ ਗੱਡੀ ਹੌਲੀ ਹੋ ਰਹੀ ਹੈ ਜਾਂ ਰੁੱਕ ਰਹੀ ਹੈ।

**ਮਾਲਕੀਅਤ ਦਾ ਸਰਟੀਫ਼ਿਕੇਟ (certificate of ownership):** ਇੱਕ ਅਜਿਹਾ ਦਸਤਾਵੇਜ਼ ਜੋ ਦਿਖਾਉਂਦਾ ਹੈ ਕਿ ਗੱਡੀ ਜਾਂ ਜਹਾਜ਼ ਦਾ ਮਾਲਕ ਕੌਣ ਹੈ।

**ਮਾਤਾ/ਪਿਤਾ ਜਾਂ ਸਰਪ੍ਰਸਤ:** ਇੱਕ ਕਾਨੂੰਨੀ ਬਾਲਗ ਜਿਸ ਕੋਲ ਕਿਸੇ ਨਾਬਾਲਗ ਦੀ ਦੇਖਭਾਲ ਦੀ ਜ਼ਿੰਮੇਵਾਰੀ ਹੈ।

**ਮੋੜ (ਟਰਨ) ਦੇ ਸਿਗਨਲ:** ਗੱਡੀ ਦੇ ਅੱਗੇ ਅਤੇ ਪਿੱਛੇ ਝਪਕਦੀਆਂ ਹੋਈਆਂ ਲਾਈਟਾਂ ਜੋ ਡਰਾਈਵਰ ਦੇ ਖੱਬੇ ਜਾਂ ਸੱਜੇ ਮੁੜਨ, ਜਾਂ ਫਿਰ ਲੇਨ ਬਦਲਣ ਦੇ ਇਰਾਦੇ ਨੂੰ ਦਰਸਾਉਂਦੀਆਂ ਹਨ।

**ਮੋੜ:** ਗੱਡੀ ਚਲਾਉਂਦੇ ਸਮੇਂ ਦਿਸ਼ਾ ਬਦਲਣਾ।

**ਮੌਸਮ ਸੰਬੰਧੀ ਸਥਿਤੀਆਂ:** ਮੌਸਮ ਕਿਹੋ ਜਿਹਾ ਹੈ।

**ਯਾਤਰੀ ਸੁਰੱਖਿਆ ਪ੍ਰਣਾਲੀਆਂ:** ਵਾਹਨਾਂ ਵਿੱਚ ਸੁਰੱਖਿਆ ਵਿਸ਼ੇਸ਼ਤਾਵਾਂ, ਜਿਵੇਂ ਕਿ ਏਅਰਬੈਗ ਅਤੇ ਸੀਟ ਬੈਲਟਾਂ।

**ਯਾੱ (Yaw):** ਗੱਡੀ ਦਾ ਪਲਟ ਜਾਣਾ।

**ਰੈਫਰੈਂਸ ਪੁਆਇੰਟ:** ਸੜਕ 'ਤੇ ਲਕੀਰਾਂ ਜਾਂ ਤੁਹਾਡੇ ਵਾਹਨ ਦੇ ਨੇੜੇ ਵਸਤਾਂ ਜੋ ਤੁਹਾਨੂੰ ਸੜਕ 'ਤੇ ਆਪਣੀ ਸਥਿਤੀ ਜਾਣਨ ਵਿੱਚ ਮਦਦ ਕਰਦੀਆਂ ਹਨ।

**ਰਾਹ-ਦਾ-ਅਧਿਕਾਰ:** ਟ੍ਰੈਫਿਕ ਵਿੱਚ ਪਹਿਲਾਂ ਅੱਗੇ ਵਧਣ ਦਾ ਕਾਨੂੰਨੀ ਅਧਿਕਾਰ; ਮਿਸਾਲ ਦੇ ਤੌਰ 'ਤੇ, ਚੌਰਾਹੇ 'ਤੇ ਰੁਕਣ ਵਾਲੇ ਪਹਿਲੇ ਵਾਹਨ ਨੂੰ ਪਹਿਲਾਂ ਨਿਕਲਣ ਦਾ ਅਧਿਕਾਰ ਹੁੰਦਾ ਹੈ।

**ਰੁਕੋ ਦਾ ਚਿੰਨ੍ਹ:** ਇਹ ਚਿੰਨ੍ਹ ਸੰਕੇਤ ਦਿੰਦਾ ਹੈ ਕਿ ਡਰਾਈਵਰਾਂ ਨੂੰ ਪੂਰੀ ਤਰ੍ਹਾਂ ਰੁਕਣਾ ਪਵੇਗਾ।

**ਰੁਕਣ ਦੀ ਦੂਰੀ:** ਡਰਾਈਵਰ ਦੁਆਰਾ ਬ੍ਰੇਕ ਲਗਾਉਣ ਤੋਂ ਲੈ ਕੇ ਗੱਡੀ ਦੇ ਰੁਕਣ ਤੱਕ ਨਿਰਧਾਰਤ ਕੀਤੀ ਗਈ ਦੂਰੀ।

**ਰੁਕਣ ਦੀ ਸਥਿਤੀ:** ਉਹ ਜਗ੍ਹਾ ਜਿੱਥੇ ਕੋਈ ਵਾਹਨ ਆ ਕੇ ਰੁਕਦਾ ਹੈ।

**ਰਵਾਇਤੀ ਚੌਰਾਹਾ:** ਇੱਕ ਸਟੈਂਡਰਡ ਚੌਰਾਹਾ ਜਿੱਥੇ ਸੜਕਾਂ ਸੱਜੇ ਕੋਣ 'ਤੇ ਮਿਲਦੀਆਂ ਹਨ।

**ਲੇਨ ਬਦਲਣਾ:** ਇੱਕ ਲੇਨ ਤੋਂ ਦੂਜੀ ਲੇਨ ਵਿੱਚ ਜਾਣਾ।

**ਲਾਇਸੈਂਸ ਐਕਸਪ੍ਰੈਸ:** ਇੱਕ ਔਨਲਾਈਨ ਸੇਵਾ ਜਿੱਥੇ ਤੁਸੀਂ ਆਪਣੇ ਡਰਾਈਵਰ ਲਾਇਸੈਂਸ, ਵਾਹਨ ਟੈਬਾਂ, ਕਾਰੋਬਾਰੀ ਲਾਇਸੈਂਸ ਨੂੰ ਰੀਨਿਊ ਕਰਵਾ ਸਕਦੇ ਹੋ, ਜਾਂ ਜਿੱਥੇ ਤੁਸੀਂ ਗੱਡੀ ਵੇਚਣ ਵੇਲੇ ਰਿਪੋਰਟ ਕਰ ਸਕਦੇ ਹੋ। ਤੁਸੀਂ ਲਾਇਸੈਂਸ ਐਕਸਪ੍ਰੈਸ ਨੂੰ secure.dol.wa.gov 'ਤੇ ਲੱਭ ਸਕਦੇ ਹੋ।

**ਲਾਇਸੈਂਸ ਪਲੇਟ:** ਧਾਤ ਜਾਂ ਪਲਾਸਟਿਕ ਦੀ ਇੱਕ ਪਲੇਟ ਜਿਸ ਉੱਪਰ ਸੰਖਿਆਵਾਂ ਅਤੇ ਅੱਖਰ ਲਿਖੇ ਹੁੰਦੇ ਹਨ, ਇਹ ਵਾਹਨ ਦੇ ਅੱਗੇ ਅਤੇ ਪਿੱਛੇ ਲੱਗੀ ਹੁੰਦੀ ਹੈ, ਜੋ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਅਤੇ ਹੋਰਾਂ ਲੋਕਾਂ ਲਈ ਵਾਹਨ ਨੂੰ ਪਛਾਣਨ ਵਾਸਤੇ ਵਰਤੀ ਜਾਂਦੀ ਹੈ।

**ਲੰਬਕਾਰੀ ਪਾਰਕਿੰਗ:** ਕਰਬ ਦੇ ਕਿਨਾਰੇ ਸੱਜੇ ਕੋਣ 'ਤੇ ਪਾਰਕਿੰਗ।

**ਵਿੱਤੀ ਜ਼ਿੰਮੇਵਾਰੀ:** ਜੇ ਕਿਸੇ ਚੀਜ਼ ਦਾ ਨੁਕਸਾਨ ਹੁੰਦਾ ਹੈ ਤਾਂ ਉਸਦੇ ਭੁਗਤਾਨ ਲਈ ਜ਼ਿੰਮੇਵਾਰ ਹੋਣਾ।

**ਵਾਹਨ ਦਾ ਸੰਚਾਲਨ:** ਗੱਡੀ ਚਲਾਉਂਦੇ ਸਮੇਂ ਕੀਤੀਆਂ ਜਾਂਦੀਆਂ ਕਾਰਵਾਈਆਂ, ਜਿਵੇਂ ਮੋੜਨਾ ਜਾਂ ਰੁਕਣਾ।

**ਵਿਜ਼ਿਟਰ:** ਅਜਿਹਾ ਵਿਅਕਤੀ ਜੋ ਥੋੜ੍ਹੇ ਜਾਂ ਸੀਮਤ ਸਮੇਂ ਲਈ ਕਿਸੇ ਜਗ੍ਹਾ 'ਤੇ ਮੌਜੂਦ ਹੈ।

**ਵੋਟਰ ਰਜਿਸਟ੍ਰੇਸ਼ਨ (voter registration):** ਇਹ ਦਿਖਾਉਣ ਵਾਲਾ ਦਸਤਾਵੇਜ਼ ਕਿ ਕਿਸੇ ਨਿਵਾਸੀ ਨੇ ਸਥਾਨਕ ਅਤੇ ਰਾਸ਼ਟਰੀ ਚੋਣਾਂ ਵਿੱਚ ਵੋਟ ਪਾਉਣ ਯੋਗ ਹੋਣ ਵਾਸਤੇ ਕਦੋਂ ਸਾਈਨ ਅੱਪ ਕੀਤਾ ਹੈ।

**ਵਾਹਨ ਲਾਇਸੈਂਸਿੰਗ ਦਫ਼ਤਰ (vehicle licensing office):** ਉਹ ਜਗ੍ਹਾ ਜਿੱਥੇ ਤੁਸੀਂ ਗੱਡੀ ਦੇ ਸਰਟੀਫਿਕੇਟਾਂ, ਟੈਬਾਂ ਅਤੇ ਰਜਿਸਟ੍ਰੇਸ਼ਨ ਵਿੱਚ ਮਦਦ ਲਈ ਜਾਂਦੇ ਹੋ।

**VST (Vehicle Safety Technology, [ਵਾਹਨ ਸੁਰੱਖਿਆ ਤਕਨਾਲੋਜੀ]):** ਵਾਹਨ ਵਿਚਲੀਆਂ ਵਿਸ਼ੇਸ਼ਤਾਵਾਂ ਜੋ ਸੁਰੱਖਿਅਤ ਢੰਗ ਨਾਲ ਗੱਡੀ ਚਲਾਉਣ ਵਿੱਚ ਦਖਲ ਦੇਣ, ਚੇਤਾਵਨੀ ਦੇਣ ਜਾਂ ਤੁਹਾਡੀ ਸਹਾਇਤਾ ਕਰਨ ਲਈ ਸੈਂਸਰਾਂ ਜਾਂ ਕੈਮਰਿਆਂ ਦੀ ਵਰਤੋਂ ਕਰਦੀਆਂ ਹਨ।

## ਪਹੁੰਚਯੋਗਤਾ ਅਤੇ ਵਿਸ਼ੇਸ਼ ਪ੍ਰਬੰਧ

DOL ਉਨ੍ਹਾਂ ਗਾਹਕਾਂ ਦੁਆਰਾ ਬੇਨਤੀ ਕੀਤੇ ਜਾਣ 'ਤੇ ਵਾਜਬ ਵਿਸ਼ੇਸ਼ ਪ੍ਰਬੰਧ ਮੁਹੱਈਆ ਕਰਾਏਗਾ ਜਿਨ੍ਹਾਂ ਨੂੰ ਸਾਡੀਆਂ ਸਹੂਲਤਾਂ ਅਤੇ ਸੇਵਾਵਾਂ ਤੱਕ ਪਹੁੰਚ ਕਰਨ ਲਈ ਇਨ੍ਹਾਂ ਦੀ ਲੋੜ ਹੁੰਦੀ ਹੈ।

- ਜੇ ਤੁਹਾਨੂੰ ਸਾਡੇ ਪ੍ਰੋਗਰਾਮਾਂ, ਸਹੂਲਤਾਂ, ਜਾਂ ਸੇਵਾਵਾਂ ਤੱਕ ਪਹੁੰਚਣ ਲਈ ਕਿਸੇ ਵਿਸ਼ੇਸ਼ ਪ੍ਰਬੰਧ ਦੀ ਲੋੜ ਹੈ, ਤਾਂ 360-902-3900 'ਤੇ ਕਾੱਲ ਕਰੋ ਜਾਂ ਫਿਰ ਸਾਡੇ ਕਮਿਉਨਿਟੀ-ਅਧਾਰਤ ਲਾਇਸੈਂਸਿੰਗ ਦਫ਼ਤਰਾਂ ਦਾ ਸਟਾਫ਼ ਤੁਹਾਡੀ ਮਦਦ ਕਰ ਸਕਦਾ ਹੈ। ਜੇ ਤੁਹਾਨੂੰ ਕੋਈ ਵਿਸ਼ੇਸ਼ ਪ੍ਰਬੰਧ ਨਹੀਂ ਮਿਲ ਸਕਿਆ ਹੈ ਜਾਂ ਤੁਹਾਨੂੰ ADA (American Disabilities Act, [ਅਮਰੀਕਨ ਡਿਸਏਬਿਲਟੀਜ਼ ਐਕਟ]) ਸੰਬੰਧੀ ਕੋਈ ਸ਼ਿਕਾਇਤ ਹੈ ਤਾਂ ਸਾਡੇ ADA ਕੰਪਲਾਇੰਸ ਮੈਨੇਜਰ ਨਾਲ ada@dol.wa.gov 'ਤੇ ਸੰਪਰਕ ਕਰੋ।
- ਜੇ ਤੁਹਾਨੂੰ ਅੰਗ੍ਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਸਹਾਇਤਾ ਦੀ ਲੋੜ ਹੈ, ਤਾਂ ਸਾਡੀ ਭਾਸ਼ਾ ਪਹੁੰਚ (Language Access) ਟੀਮ ਨਾਲ languageaccess@dol.wa.gov 'ਤੇ ਸੰਪਰਕ ਕਰੋ।
- ਜੇ ਤੁਹਾਨੂੰ ਲੱਗਦਾ ਹੈ ਕਿ 1964 ਦੇ ਨਾਗਰਿਕ ਅਧਿਕਾਰ ਕਾਨੂੰਨ (Civil Rights Act) ਦੇ ਟਾਈਟਲ VI ਵਿੱਚ ਦਰਸਾਏ ਗਏ ਅਨੁਸਾਰ, ਤੁਹਾਡੇ ਸੁਰੱਖਿਅਤ ਗਰੁੱਪ ਦੇ ਅਧਾਰ 'ਤੇ, DOL ਤੋਂ ਸੇਵਾਵਾਂ ਪ੍ਰਾਪਤ ਕਰਨ ਵਿੱਚ ਤੁਹਾਡੇ ਨਾਲ ਵਿਤਕਰਾ ਕੀਤਾ ਗਿਆ ਹੈ, ਤਾਂ ਕਿਰਪਾ ਕਰਕੇ ਸਾਡੇ ਸਿਵਿਲ ਰਾਈਟਸ ਕੰਪਲਾਇੰਸ ਕੋਆਰਡੀਨੇਟਰ (Civil Rights Compliance Coordinator) ਨਾਲ CivilRtsCoord@dol.wa.gov 'ਤੇ ਸੰਪਰਕ ਕਰੋ।

## ਬੇਦਾਅਵਾ

Washington ਰਾਜ ਦੀ ਡਰਾਈਵਰ ਗਾਈਡ ਕੋਈ ਕਾਨੂੰਨੀ ਅਧਿਕਾਰ ਨਹੀਂ ਰੱਖਦੀ ਹੈ ਅਤੇ ਇਹ ਅਦਾਲਤ ਵਿੱਚ ਵਰਤੋਂ ਕੀਤੇ ਜਾਣ ਲਈ ਨਹੀਂ ਬਣੀ ਹੈ। ਇਸ ਗਾਈਡ ਦਾ ਇਸਤੇਮਾਲ ਕਾਨੂੰਨੀ ਦਾਅਵਿਆਂ ਜਾਂ ਕਾਰਵਾਈਆਂ ਲਈ ਇੱਕ ਅਧਾਰ ਦੇ ਰੂਪ ਵਿੱਚ ਨਹੀਂ ਕੀਤਾ ਜਾ ਸਕਦਾ ਹੈ। ਸ਼ਹਿਰਾਂ, ਕਸਬਿਆਂ ਅਤੇ ਦੇਸ਼ਾਂ ਵਿੱਚ ਟ੍ਰੈਫਿਕ ਸੰਬੰਧੀ ਨਿਯਮ ਰਾਜ ਦੇ ਕਾਨੂੰਨਾਂ ਤੋਂ ਪਰੇ ਹੋ ਸਕਦੇ ਹਨ, ਪਰ ਉਨ੍ਹਾਂ ਵਿਚਾਲੇ ਮਤਭੇਦ ਨਹੀਂ ਹੋ ਸਕਦੇ। ਜੇ ਤੁਸੀਂ ਮੋਟਰ ਗੱਡੀ ਸੰਚਾਲਨ ਅਤੇ ਡਰਾਈਵਰ ਲਾਇਸੈਂਸਿੰਗ ਨਾਲ ਸੰਬੰਧਿਤ ਵਿਸ਼ੇਸ਼ ਕਾਨੂੰਨਾਂ ਵਿੱਚ ਦਿਲਚਸਪੀ ਰੱਖਦੇ ਹੋ, ਤਾਂ ਟਾਈਟਲ 46 RCW (Revised Code of Washington, ਵਾਸ਼ਿੰਗਟਨ ਦਾ ਸੋਧਿਆ ਹੋਇਆ ਕੋਡ), ਮੋਟਰ ਗੱਡੀਆਂ ਦੇਖੋ (Motor Vehicles)।

ਇਸ ਗਾਈਡ ਵਿੱਚ ਸ਼ਾਮਲ ਸਮੱਗਰੀ ਦਾ ਉਦੇਸ਼ ਇਸਨੂੰ ਸਿੱਖਿਆ ਜਾਂ ਖੋਜ ਦੇ ਉਦੇਸ਼ਾਂ ਲਈ ਵਰਤਣਾ ਨਹੀਂ ਹੈ। ਜਦੋਂ ਤੱਕ ਕੁਝ ਹੋਰ ਨਾ ਦੱਸਿਆ ਗਿਆ ਹੋਵੇ, ਸਾਰੀ ਸਮੱਗਰੀ Washington ਰਾਜ ਦੇ Department of Licensing (DOL) ਦੀ ਕਾਪੀਰਾਈਟ ਕੀਤੀ ਹੋਈ ਸੰਪਤੀ ਹੈ। DOLਦੀ ਲਿਖਤੀ ਸਹਿਮਤੀ ਦੇ ਬਗੈਰ ਇਸ ਸਮੱਗਰੀ ਦੀ ਵਪਾਰਕ ਜਾਂ ਸਿਆਸੀ ਵਰਤੋਂ ਕਰਨ ਦੀ ਮਨਾਹੀ ਹੈ। ਜੇ ਤੁਹਾਡੇ ਕੋਲ ਇਸ ਗਾਈਡ ਵਿੱਚ ਦਿੱਤੀ ਗਈ ਜਾਣਕਾਰੀ ਬਾਰੇ ਕੋਈ ਸੁਝਾਅ ਜਾਂ ਸਵਾਲ ਹੈ, ਜਾਂ ਕੋਈ ਅਜਿਹੀ ਸਥਿਤੀ ਹੈ ਜਿਸ ਬਾਰੇ ਇਸ ਵਿੱਚ ਗੱਲ ਨਹੀਂ ਕੀਤੀ ਗਈ ਹੈ, ਤਾਂ ਕਿਰਪਾ ਕਰਕੇ tse@dol.wa.gov 'ਤੇ ਈਮੇਲ ਕਰੋ।

ਇਹ ਕੰਮ ਅਮਰੀਕੀ ਕਾਪੀਰਾਈਟ ਕਾਨੂੰਨ (U.S. Copyright Law) ਦੁਆਰਾ ਸੁਰੱਖਿਅਤ ਹੈ। ਇਸ ਕੰਮ ਦਾ ਕਾਪੀਰਾਈਟ Washington ਰਾਜ ਦੇ Department of Licensing (DOL) ਕੋਲ ਹੈ।

© ਕਾਪੀਰਾਈਟ 2025, Washington ਰਾਜ ਦਾ Department of Licensing ਸਾਰੇ ਹੱਕ ਰਾਖਵੇਂ ਹਨ।